# ਵਰਿਆਮ

੩੫ਵਾਂ ਸਾਲ

ਅਕਤੂਬਰ ੨੦੧੦




ਨਿਊਯਾਰਕ ਸ਼ਹਿਰ (ਅਮਰੀਕਾ) ਵਿੱਚ ਭਾਰਤ ਦੇ ਆਜ਼ਾਦੀ ਦਿਵਸ ਸੰਬੰਧੀ ਇੰਡੀਆ ਪਰੇਡ ਦੌਰਾਨ ਕੱਢੀ ਝਾਕੀ ਦ੍ਰਿਸ਼

Namdhari Elibrary NamdhariElibrary@gmail.com

20/-

## ਵਿਸ਼ਵ ਨਾਮਧਾਰੀ ਵਿਦਿਅਕ ਜੱਥਾ ਜਲੰਧਰ ਜ਼ੋਨ ਵਲੋਂ ਫਗਵਾੜਾ ਵਿਚ ਮਿੰਨੀ ਸੰਮੇਲਨ ਦੇ ਦ੍ਰਿਸ਼।



ਪ੍ਰਧਾਨ ਸੂਬਾ ਬਲਵਿੰਦਰ ਸਿੰਘ ਝੱਲ ਬੱਚਿਆਂ ਦਾ ਸਤਿਕਾਰ ਕਰਦੇ ਹੋਏ।



ਛੋਟੇ ਬੱਚਿਆਂ ਵਲੋਂ ਸੁਆਗਤ ਦ੍ਰਿਸ਼



ਹੱਲੇ ਦਾ ਦੀਵਾਨ

ਰਿਪੋਰਟ ਅਗਲੇ ਅੰਕ ਵਿੱਚ...

Namdhari Elibrary NamdhariElibrary@gmail.com

# ਵਰਿਆਮ

ਅਕਤੂਬਰ -੨੦੧੦

ਜਿਲਦ-੩੫

ਅੰਕ- ੧੨

ਸੰਪਾਦਕ
ਜਗਦੀਸ਼ ਸਿੰਘ 'ਵਰਿਆਮ'


ਦਫਤਰ ਦਾ ਪਤਾ:
ਮਾਸਿਕ ਵਰਿਆਮ
ਲਾਡੋਵਾਲੀ ਰੋਡ
(ਸਾਹਮਣੇ ਸੈਂਟਰਲ ਟਾਊਨ)
ਜਲੰਧਰ- ੧੪੪੦੦੧

ਫੋਨ-:੦੧੮੧- ੨੨੨੨੫੪੩
ਘਰ : ੦੧੮੧-੨੪੫੬੨੮੯

Office Address :
Monthly WARIAM
Ladowali Road.
Opp. Central Town,
Jalandhar-144001
Ph. :0181-2222543 (O)
0181-2456289 (R)


## ਵਰਿਆਮ ਦੇ ਦਰ

| | |
|---|---|
| ਇਹ ਅੰਕ | ੨੦-੦੦ |
| ਸਲਾਨਾ ਚੰਦਾ | ੨੦੦-੦੦ |
| ਪੰਜ ਸਾਲ ਲਈ | ੮੦੦-੦੦ |
| ਜੀਵਨ ਮੈਂਬਰ | ੨੦੦੦-੦੦ |
| ਵਿਦੇਸ਼ ਲਈ ਹਵਾਈ ਡਾਕ ਰਾਹੀਂ | ੩੦ ਪੌਂਡ ਜਾਂ ੪੦ ਡਾਲਰ ਅਮਰੀਕੀ (ਸਾਲਾਨਾ) |

ਚੈਕ ਡਰਾਫਟ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ।

## ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਤਤਕਰਾ


ਅਯੁੱਧਿਆ ਮਸਲੇ ਦਾ ਫੈਸਲਾ ........ ੨
—ਜਗਦੀਸ਼ ਸਿੰਘ ਵਰਿਆਮ ........ ੨
ਜੱਜਾਂ ਬਾਰੇ ਟਿਪਣੀ ........
—ਜਗਦੀਸ਼ ਸਿੰਘ ਵਰਿਆਮ ........ ੩
ਸੁਰਜੀਤ ਪਾਤਰ ਨੂੰ ਸਰਸਵਤੀ ਪੁਰਸਕਾਰ ........
—ਜਗਦੀਸ਼ ਸਿੰਘ ਵਰਿਆਮ ........ ੩
ਭੁੱਲਰ ਸਾਹਿਬ ਦੇ ਬਹਾਨੇ ਨਾਲ
—ਜਗਦੀਸ਼ ਸਿੰਘ ਵਰਿਆਮ ........ ੪
ਆਪਣੀ ਅਸਲ ਤਸਵੀਰ —ਡਾ. ਸੁਰਿੰਦਰ ਮੰਡ ........ ੬
ਅੰਦਰਾਂ ਦਾ ਮੋਹ —ਸਾਧੂ ਸਿੰਘ ਕਿਸਾਨ ........ ੮
ਦੀਵਾਨ ਬੂਟਾ ਸਿੰਘ ਲਾਹੌਰ —ਸੁਵਰਨ ਸਿੰਘ ਵਿਰਕ ........ ੯
ਧਰਮ ਯੁਗੰਤਰ : ਸਿੱਖ ਧਰਮ ਦੀਆਂ ਸਮੱਸਿਆਵਾਂ ........ ੧੯
—ਕਿਰਪਾਲ ਸਿੰਘ ਆਜ਼ਾਦ ........ ੧੯
ਗ਼ਜ਼ਲ —ਬਾਬਾ ਨਜਮੀ ........ ੨੧
ਅਧਿਆਤਮਿਕ ਦੋਹੇ —ਡਾ. ਹਰਨੇਕ ਸਿੰਘ ਕੋਮਲ ........ ੨੨
ਕਾਸ਼ ! ਮੈਂ ਫਿਰ ਤੋਂ..... —ਅਮਰਦੀਪ 'ਲੱਕੀ' ........ ੨੩
ਗ਼ਜ਼ਲ —ਅਮਰਜੀਤ ਸਿੰਘ ਸੰਧੂ ........ ੨੩
ਦੋ ਗ਼ਜ਼ਲਾਂ —ਤ੍ਰੈਲੋਚਨ 'ਲੋਚੀ' ........ ੨੪
ਦੋ ਗ਼ਜ਼ਲਾਂ —ਪ੍ਰੋ. ਜਸਵੰਤ ਸਿੰਘ ਕੈਲਵੀ ........ ੨੪
ਦੋ ਰਚਨਾਵਾਂ —ਸਿਰੀ ਰਾਮ ਅਰਸ਼ ........ ੨੫
ਗ਼ਜ਼ਲ -ਜਰਨੈਲ ਸਿੰਘ ਬੱਧਣ ........ ੨੬
ਕਪਾਹ —ਜਰਨੈਲ ਸਿੰਘ ਬੱਧਣ ........ ੨੬
ਗ਼ਜ਼ਲ —ਮਾ ਅਮਰੀਕ ਸਿੰਘ ........ ੨੬
ਪ੍ਰੇਮ ਦਾ ਸੰਦੇਸ਼ਾ —ਕਰਤਾਰ ਸਿੰਘ ਕਾਲੜਾ ........ ੨੭
ਗ਼ਜ਼ਲ/ —ਡਾ. ਨਰੇਸ਼ ........ ੨੭
ਗ਼ਜ਼ਲ/ —ਬਾਬਾ ਨਜਮੀ ........ ੨੭
"ਮੇਰਾ ਸੰਗੀਤ ਦਾ ਸਫਰ" —ਗੁਰਬਖ਼ਸ਼ ਸਿੰਘ ਮਠਾੜੂ .. ੨੮
ਭਰੂਣ ਹੱਤਿਆ —ਡਾ. ਰਜਵੰਤ ਕੌਰ ........ ੩੩
ਇਹ ਵੀ ਆਪਣੇ ਵਰਗਾ —ਭੁਪਿੰਦਰ ਉਸਤਾਦ ........ ੩੪
ਖ਼ਬਰਨਾਮਾ ........ ੪੦
ਪ੍ਰਤੀਕਿਰਿਆ ........ ੪੫





Namdhari Elibrary NamdhariElibrary@gmail.com

# ਅਯੁੱਧਿਆ ਮਸਲੇ ਦਾ ਫੈਸਲਾ

ਅਯੁਧਿਆ ਮਸਲੇ ਤੇ ਹਾਈ ਕੋਰਟ ਦਾ ਫੈਸਲਾ ਆਉਣ-ਆਉਣ ਨੂੰ ਕਰਦਾ ਹੈ। ਸੁਪਰੀਮ ਕੋਰਟ ਨੇ ਇਕ ਵਾਰ ਫਿਰ ਥੋਹੜੇ ਦਿਨਾਂ ਦੀ ਰੋਕ ਲਾ ਦਿੱਤੀ ਹੈ। ਪੁਰਾਣੇ ਮਸਲੇ ਅੱਜ ਦੀਆਂ ਹਾਲਤਾਂ ਵਿਚ ਨੌਂਜਠਣ ਨਾਲ ਗੜਬੜਾਂ ਤਾਂ ਹੋਣਗੀਆਂ। ਕਿਸੇ ਜ਼ਮਾਨੇ ਵਿਚ ਸੋਮਨਾਥ ਵਰਗੇ ਅਮੀਰ ਮੰਦਿਰ ਲੁੱਟੇ ਗਏ। ਇਤਿਹਾਸ ਦੇ ਪੰਨਿਆਂ ਤੇ ਕਾਂਸ਼ੀ ਮਥਰਾ ਦੇ ਮੰਦਰਾਂ ਦੀ ਬੇਹੁਰਮਤੀ ਦਾ ਜ਼ਿਕਰ ਹੈ। ਭਾਈ ਗੁਰਦਾਸ ਜੀ ਨੇ ਵੀ ਲਿਖਿਆ ਹੈ "ਠਾਕੁਰ ਦੁਆਰੇ ਢਾਹਿ ਕੈ, ਤਿਹਿ ਠਉੜੀ ਮਾਸੀਤ ਉਸਾਰਾ..." ਜਦੋਂ ਰਾਜ ਜਾਂਦਾ ਹੈ ਤਾਂ ਧਰਮ ਵੀ ਜਾਂਦਾ ਹੈ। ਸਦੀਆਂ ਬੀਤ ਗਈਆਂ ਕੋਈ ਕੁਝ ਨਾ ਕਰ ਸਕਿਆ। ਅਯੁੱਧਿਆ ਵਿਚ ਕੋਈ ਰਾਮ ਜੀ ਦਾ ਮੰਦਰ ਹੈ ?? ਕੀ ਉਹਨੂੰ ਢਾਹ ਕੇ ਉਥੇ ਬਾਬਰ ਨੇ ਮਸੀਤ ਬਣਵਾਈ ? ਅਦਾਲਤ ਕੀ ਦਸੇਗੀ ਕਿਸੇ ਨੂੰ ਕੋਈ ਪਤਾ ਨਹੀਂ ਪਰ ਸਰਕਾਰ ਨੂੰ ਅਨੁਮਾਣ ਹੈ ਕਿ ਗੜ-ਬੜ ਹੋਵੇਗੀ। ਗੜ-ਬੜ ਏਸ ਕਰਕੇ ਨਹੀਂ ਕਿਉਂਕਿ ਆਮ ਆਦਮੀ ਵਿਹਲਾ ਬੈਠਾ ਹੈ ਗੜਬੜ ਕਰਨ ਵਾਸਤੇ ਸਗੋਂ ਇਸ ਵਾਸਤੇ ਕਿ ਸਿਆਸੀ ਨੇਤਾਵਾਂ ਦੇ ਹਿਤ ਇਸ ਵਿਚ ਹਨ। ਲੀਡਰੀ ਇਸ ਗੱਲ ਤੇ ਪਲਦੀ ਹੈ ਕਿ ਉਹ ਗੜਬੜ ਕਰਾਉਣ। ਆਪ ਲੋਕਾਂ ਦੇ ਜਜ਼ਬਿਆਂ ਨੂੰ ਉਤੇਜਿਤ ਕਰ ਕੇ ਇਕ ਦੂਜੇ ਦੇ ਗਲ ਪੁਆਉਣ। ਜਦੋਂ ਤਾਂ ਸੀ ਬੇਗਾਨਾ ਰਾਜ ਉਦੋਂ ਤਾਂ ਬਾਬਰੀ ਮਸਜਿਦ ਢਾਹ ਦਿੱਤੀ ਪਰ ਆਪਣੇ ਰਾਜ ਵਿਚ ਤਾਂ ਮੰਦਰ ਦੀ ਇਕ ਇਟ ਵੀ ਨਾ ਲਾਈ। ਜਦੋਂ ਮਸਜਿਦ ਢੱਠੀ ਦੁਨੀਆ ਦੇ ਕਈ ਹਿੱਸਿਆਂ ਵਿਚ ਮੰਦਰ ਫੇਰ ਢਾਹੇ ਗਏ। ਦੁਨੀਆ ਦੇ ਇਤਿਹਾਸ ਵਿਚ ਕਈ ਅਜਿਹੇ ਵਰਤਾਰੇ ਹੋਏ ਹਨ। ਸਿੱਖਾਂ ਦਾ ਪਵਿੱਤਰ ਅਸਥਾਨ ਹਰਿਮੰਦਰ ਸਾਹਿਬ ਅਮ੍ਰਿਤਸਰ ਤਿੰਨ ਵਾਰ ਢਹਿ ਕੇ ਬਣਿਆ ਹੈ। ਬਣ ਗਿਆ ਪਰ ਵਕਤ ਦੇ ਹਲੂਣੇ ਨੂੰ ਵਰਤਮਾਨ ਤੱਕ ਖਿੱਚ ਲਿਆਉਣ ਨਾਲ ਸਦਾ ਲਈ ਖਤਰੇ ਦੀ ਤਲਵਾਰ ਆਪ ਲੋਕਾਂ ਦੇ ਸਿਰ ਤੇ ਲਟਕਦੀ ਰਹਿੰਦੀ ਹੈ।

ਅੱਜ ਕੱਲ ਦੀ ਗੱਲ ਹੈ ਕਿ ਅਮਰੀਕਾ ਦੇ ਇਕ ਪਾਦਰੀ ਨੇ ਐਲਾਨ ਕੀਤਾ ਕਿ ਉਹ ਮੁਸਲਮਾਨਾਂ ਦੀ ਮੁਕੱਦਸ ਕਿਤਾਬ ਕੁਰਾਨ ਸ਼ਰੀਫ ਦੀਆਂ ਕਾਪੀਆਂ ਸਾੜੇਗਾ। ਭਾਵੇਂ ਨਿਸਚਿਤ ਤਾਰੀਖ ਤੱਕ ਲੋਕਾਂ ਦੇ ਦਬਾਅ ਅੱਗੇ ਉਹਨੇ ਇਹ ਫੈਸਲਾ ਤਾਂ ਮੁਲਤਵੀ ਕਰ ਦਿੱਤਾ ਪਰ ਮਸਲੇ ਨੂੰ ਭਖਦਾ ਰੱਖਣ ਵਾਲਿਆਂ ਨੇ ਵਾਈਟ ਹਾਊਸ ਦੇ ਸਾਹਮਣੇ ਇਹ ਕਾਰਾ ਕਰ ਹੀ ਦਿੱਤਾ। ਲਓ ਜੀ ਅਖ਼ਬਾਰਾਂ ਦੀਆਂ ਸੁਰਖੀਆਂ ਦੇ ਸਫਰ ਵਿਚ ਅਗੋਂ ਕੀ ਕੀ ਹੋਇਆ। ਲੁਧਿਆਣਾ ਵਿਚ ਮੁਸਲਮਾਨਾਂ ਨੇ ਸ਼ਾਹੀ ਇਮਾਮ ਦੀ ਅਗਵਾਈ ਵਿਚ ਅਮਰੀਕਾ ਦਾ ਝੰਡਾ ਸਾੜਿਆ... ਈਦ ਮੌਕੇ ਕਸ਼ਮੀਰ 'ਚ ਗੜਬੜ ਜਲੰਧਰ, ਪਟਿਆਲਾ 'ਚ ਨਮਾਜ਼ ਦੌਰਾਨ ਹੰਗਾਮਾ... ਮਲੇਰਕੋਟਲਾ ਵਿਚ ਹੁਲੜਬਾਜ਼ਾਂ ਵਲੋਂ ਗਿਰਜੇ ਨੂੰ ਅੱਗ ਲਾਉਣ ਦੀ ਕੋਸ਼ਿਸ਼... ਗਿਰਜਾਘਰ 'ਚ ਹੁਲੜਬਾਜੀ ਮਗਰੋਂ ਮਲੇਰਕੋਟਲਾ ਵਿਚ ਕਰਫਿਊ... ਅਮਰੀਕਾ ਦੀ ਅੱਗ ਕਸ਼ਮੀਰ ਪੁੱਜੀ।

ਇਕੋ ਜਿਹਾ ਪੈਟਰਨ ਬਣਦਾ ਹੈ ਅਜਿਹੀਆਂ ਘਟਨਾਵਾਂ ਦਾ। ਫਿਰ ਲੋਕਾਂ ਦੇ ਜਲੂਸ ਨਿਕਲਦੇ ਹਨ ਵਿਰੋਧੀਆਂ ਦੇ ਪੁਤਲੇ ਸਾੜੇ ਜਾਂਦੇ ਹਨ.. ਜੇ ਗੋਲੀ ਨਾਲ ਕੁਝ ਬੰਦੇ ਮਰ ਜਾਂਦੇ ਹਨ ਤਾਂ ਪ੍ਰਦਰਸ਼ਨ ਸਫਲ ਸਮਝਿਆ ਜਾਂਦਾ ਹੈ। ਫੇਰ ਮੁਆਵਜ਼ਿਆਂ ਅਤੇ ਅਦਾਲਤ ਬਾਜ਼ੀ ਦਾ ਇਕ ਲੰਬਾ ਚੱਕਰ ਚੱਲਦਾ ਹੈ। ਸਭ ਕੁਝ ਕਰ ਕੇ ਪਾਰਲੀਮੈਂਟ ਅਤੇ ਵਿਧਾਨ ਸਭਾ ਦੀਆਂ ਸੀਟਾਂ ਦਾ ਕਬਜ਼ਾ ਮਿਲਦਾ ਹੈ। ਜਿਨੀਆਂ ਸੀਟਾਂ ਵੱਧ ਹੁੰਦੀਆਂ ਓਨੀ ਹੀ ਖਾਮੋਸ਼ੀ ਵੱਧ ਜਾਂਦੀ ਹੈ। ਇਹ ਸਿਲਸਲਾ ਕਈ ਰੂਪਾਂ ਵਿਚ ਕਈ ਵਰਗਾਂ ਅਤੇ ਧੜਿਆਂ ਵਿਚ ਦਿਸਦਾ ਹੈ।

ਅਯੁੱਧਿਆ ਮਸਲੇ ਦਾ ਕੋਈ ਨਾ ਕੋਈ ਫੈਸਲਾ ਆ ਹੀ ਰਿਹਾ ਹੈ। ਜੇ ਧਿਰਾਂ ਚਾਹੁਣ ਤਾਂ ਮੰਦਿਰ ਵੀ ਬਣ ਸਕਦਾ ਹੈ ਅਤੇ ਮਸਜਿਦ ਵੀ। ਨਹੀਂ ਤਾਂ ਗਰੀਬ ਲੋਕਾਂ ਨੂੰ ਆਪਣੇ ਸਿਰ ਭੇਟ ਕਰਨ ਨੂੰ ਤਿਆਰ ਰਹਿਣਾ ਚਾਹੀਦਾ ਹੈ। ਕਾਮਨਵੈਲਥ ਗੇਮਾਂ ਸ਼ੁਰੂ ਹੋ ਰਹੀਆਂ ਹਨ। ਪਬਲਿਸਿਟੀ ਦਾ ਇਸ ਤੋਂ ਵਧੀਆ ਮੌਕਾ ਹੋਰ ਕੀ ਹੋਵੇਗਾ।


Namdhari Elibrary NamdhariElibrary@gmail.com

## ਜੱਜਾਂ ਬਾਰੇ ਟਿਪਣੀ

ਭਾਈ ਗੁਰਦਾਸ ਹੋਰਾਂ ਗੁਰੂ ਨਾਨਕ ਦੇਵ ਜੀ ਤੋਂ ਪੂਰਵ ਦਸ਼ਾ ਦਾ ਵਰਨਣ ਕਰਦਿਆਂ ਇਕ ਬਹੁਤ ਵੱਡੀ ਟਿਪਣੀ ਕੀਤੀ ਹੈ। ਜੇ ਅੱਜ ਦੇ ਜ਼ਮਾਨੇ ਵਿਚ ਕਹੀ ਜਾਵੇ ਤਾਂ ਅਦਾਲਤ ਦੀ ਤੌਹੀਨ contempt of court ਗਿਣੀ ਜਾਵੇ ਅਤੇ ਕਹਿਣ ਵਾਲੇ ਨੂੰ ਭਾਰੀ ਸਜ਼ਾ ਮਿਲੇ। ਭਾਈ ਸਾਹਿਬ ਦਾ ਕਥਨ ਹੈ "ਕਾਜੀ ਹੋਏ ਰਿਸ਼ਵਤੀ ਵਢੀ ਲੈ ਕੇ ਹੱਕ ਗਵਾਈ।" ਇਸੇ ਪਉੜੀ ਵਿਚ ਪਹਿਲਾਂ ਆਪ ਫਰਮਾਂਦੇ ਹਨ, "ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ..." ਅੱਜ ਦੇ ਯੁਗ ਵਿਚ ਕਾਜੀ ਹੋਏ ਰਿਸ਼ਵਤੀ ਦਾ ਅਰਥ ਹੈ ਅਦਾਲਤਾਂ ਦੇ ਜੱਜ ਭ੍ਰਸ਼ਟ ਹਨ। ਇਹ ਗੱਲ ਕਹਿਣ ਦੀ ਜੁਰਅਤ ਕੋਈ ਨਹੀਂ ਕਰ ਸਕਦਾ ਅਤੇ ਇਹ ਟਿਪਣੀ ਕਰਨੀ ਵੀ ਨਹੀਂ ਚਾਹੀਦੀ।

ਪਰ ਇਹ ਟਿਪਣੀ ਹੋ ਗਈ ਹੈ ਅਤੇ ਹੋਈ ਵੀ ਹੈ ਦੇਸ਼ ਦੀ ਸਭ ਤੋਂ ਉਚੀ ਪਾਵਨ ਪਵਿੱਤਰ ਅਦਾਲਤ ਸੁਪਰੀਮ ਕੋਰਟ ਬਾਰੇ। ੧੭ ਸਤੰਬਰ ਦੀਆਂ ਅਖ਼ਬਾਰਾਂ ਵਿਚ ਖ਼ਬਰ ਹੈ "ਸੁਪਰੀਮ ਕੋਰਟ 'ਤੇ ਵੀ ਅਨੈਤਿਕਤਾ ਦਾ ਦੋਸ਼... ਅੱਠ ਸਾਬਕਾ ਚੀਫ ਜਸਟਿਸ ਭ੍ਰਿਸ਼ਟਾਚਾਰ 'ਚ ਰਹੇ ਗ਼ਲਤਾਨ। ਇਹ ਦੋਸ਼ ਪੂਰਨ ਟਿਪਣੀ ਕਿਸੇ ਹੋਰ ਦੀ ਨਹੀਂ ਸਗੋਂ ਪ੍ਰਸਿੱਧ ਵਕੀਲ ਅਤੇ ਭਾਰਤ ਦੇ ਸਾਬਕਾ ਕਾਨੂੰਨ ਮੰਤਰੀ ਸ੍ਰੀ ਸ਼ਾਂਤੀ ਭੂਸ਼ਨ ਦੀ ਹੈ। ਅਖਬਾਰਾਂ ਦੀ ਟਿਪਣੀ ਹੈ ਕਿ ਸਾਬਕਾ ਕਾਨੂੰਨ ਮੰਤਰੀ ਨੇ ਕੀਤਾ ਹਲਫ਼ਨਾਮਾ ਦਾਇਰ। ਅੰਗਰੇਜ਼ੀ ਟ੍ਰਿਬਿਊਨ ਦੀ ਖ਼ਬਰ ਹੈ ਕਿ ਸਾਬਕ ਕੇਂਦਰੀ ਕਾਨੂੰਨ ਮੰਤਰੀ ਸ਼ਾਂਤੀ ਭੂਸ਼ਨ ਨੇ ਸਪੁਰੀਮ ਕੋਰਟ ਨੂੰ ਦੱਸਿਆ ਕਿ ਭਾਰਤ ਦੇ ੧੬ ਚੀਫ਼ ਜੱਜਾਂ ਵਿਚੋਂ ਅੱਠ ਪੱਕੇ ਤੌਰ (definately) ਈਮਾਨਦਾਰ ਸਨ। ਦੋ ਬਾਰੇ ਇਹ ਨਿਸਚੇ ਨਾਲ ਨਹੀਂ ਕਿਹਾ ਜਾ ਸਕਦਾ ਕਿ ਉਹ ਠੀਕ ਸਨ ਜਾਂ ਭ੍ਰਸ਼ਟ (ਕੁਰੱਪਟ)...

ਭਾਰਤ ਦੇ ਮੁੱਖ ਨਿਆਂਧੀਸ਼ਾਂ ਬਾਰੇ ਅਜਿਹੀ ਟਿੱਪਣੀ ਨਿਸਚਿਤ ਤੌਰ ਤੇ ਫਿਕਰਮੰਦੀ ਵਾਲੀ ਹੈ ਅਤੇ ਭਾਰਤ ਦੀ ਜਗਤ ਪ੍ਰਸਿਧ ਸਵੱਛ ਨਿਆਂ ਪ੍ਰਣਾਲੀ ਤੇ ਵੱਡਾ ਲਾਂਛਣ ਹੈ। ਸਾਡੇ ਵਾਸਤੇ ਇਸ ਗੱਲ ਤੇ ਹੋਰ ਵਿਸਥਾਰ ਨਾਲ ਕੁਝ ਕਹਿਣਾ ਯੋਗ ਨਹੀਂ। ਅਸੀਂ ਭਾਰਤੀ ਅਦਾਲਤਾਂ ਅਤੇ ਜੱਜਾਂ ਦਾ ਪੂਰਨ ਸਤਿਕਾਰ ਕਰਦੇ ਹਾਂ ਪਰ ਦੋਸ਼ ਬਾਰੇ ਟਿਪਣੀ ਕਰਨ ਵਾਲਾ ਵੀ ਕੋਈ ਸਾਧਾਰਨ ਆਦਮੀ ਨਹੀਂ ਦੇਸ਼ ਦਾ ਸਾਬਕਾ ਕਾਨੂੰਨ ਮੰਤਰੀ ਹੈ। ਗੱਲ ਭਾਵੇਂ ਕਿਸੇ ਪਰਸੰਗ ਵਿਚ ਕਹੀ ਗਈ ਹੋਵੇ ਪਰ ਫਿਕਰਮੰਦੀ ਵਾਲੀ ਜ਼ਰੂਰ ਹੈ।

## ਸੁਰਜੀਤ ਪਾਤਰ ਨੂੰ ਸਰਸਵਤੀ ਪੁਰਸਕਾਰ

ਸਮੁਚੇ ਪੰਜਾਬੀ ਸਾਹਿਤਕ ਹਲਕਿਆਂ ਲਈ ਇਹ ਬਹੁਤ ਖੁਸ਼ੀ ਦੀ ਖ਼ਬਰ ਹੈ ਕਿ ਵਰਤਮਾਨ ਸਮੇਂ ਦੇ ਸਮਰਥ ਕਵੀ ਅਤੇ ਹਰਮਨ ਪਿਆਰੇ ਇਨਸਾਨ ਸ. ਸੁਰਜੀਤ ਸਿੰਘ ਪਾਤਰ ਨੂੰ ਬਹੁਤ ਵਕਾਰੀ ੧੯ਵੇਂ ਸਰਸਵਤੀ ਪੁਰਸਕਾਰ ਲਈ ਚੁਣਿਆ ਗਿਆ ਹੈ। ਸੁਰਜੀਤ ਪਾਤਰ ਸਾਹਿਤ ਅਤੇ ਸੰਗੀਤ ਦੇ ਖੇਤਰ ਵਿਚ ਉੱਘਾ ਨਾਮ ਹੈ। ਬਹੁਤ ਮੁਹੱਬਤੀ ਨਿਰਮਾਨ ਅਤੇ ਮਿਲਣਸਾਰ ਵਿਅਕਤੀ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਦੇ ਬਹੁਤ ਮਕਬੂਲ ਪ੍ਰਧਾਨ ਰਹਿ ਚੁੱਕੇ ਹਨ ਅਤੇ ਹੁਣ ਵੀ ਅਕੈਡਮੀ ਦੀਆਂ ਸਰਗਰਮੀਆਂ ਦੇ ਸੂਤਰਧਾਰ ਹਨ। ਸਰਸਵਤੀ ਪੁਰਸਕਾਰ ਦੇਸ਼ ਦਾ ਬਹੁਤ ਸ਼ਾਨਾ ਮੱਤਾ ਉਚ ਸਨਮਾਨ ਹੈ। ਪਿਆਰੇ ਪਾਤਰ ਪਰਿਵਾਰ ਅਤੇ ਸਨੇਹੀਆਂ ਮਿਤਰਾਂ ਨੂੰ ਬਹੁਤ-ਬਹੁਤ ਵਧਾਈਆਂ ਅਤੇ ਪਿਆਰ।



Namdhari Elibrary NamdhariElibrary@gmail.com

# ਭੁੱਲਰ ਸਾਹਿਬ ਦੇ ਬਹਾਨੇ ਨਾਲ

ਵਰਿਆਮ ਨੂੰ ਲਿਖੀ ਇਕ ਚਿੱਠੀ (ਸਤੰਬਰ ਅੰਕ ਵਿਚ ਛਪੀ) ਵਿਚ ਪੰਜਾਬੀ ਸਾਹਿਤ ਜਗਤ ਦੇ ਉੱਘੇ ਨਾਂਅ ਸ. ਗੁਰਬਚਨ ਸਿੰਘ ਭੁੱਲਰ ਨੇ ਲਿਖਿਆ ਹੈ, "ਹਾਂ ਤੁਸੀਂ ਹਰ ਮਹੀਨੇ ਡੱਬੀ ਲਾ ਕੇ ਪਾਠਕਾਂ ਲਈ 'ਮਨੀ ਆਰਡਰ ਜਾਂ ਬੈਂਕ ਡਰਾਫਟ ਜਲਦੀ ਤੋਂ ਜਲਦੀ ਪੁਜਦੇ ਕਰਨ ਦੀ ਬੇਨਤੀ ਛਾਪਦੇ ਹੋ। ਪਤਾ ਨਹੀਂ ਕਿਉਂ, ਮੈਨੂੰ ਹਰ ਵਾਰ ਇਹ ਜਾਪਦਾ ਹੈ ਕਿ ਇਹ ਤੁਸੀਂ ਕੇਵਲ ਤੇ ਕੇਵਲ ਮੈਨੂੰ ਕੱਚਾ ਕਰਨ ਲਈ ਹੀ ਛਾਪਦੇ ਹੋ..."

ਸ. ਭੁੱਲਰ ਬਹੁਤ ਸਤਿਕਾਰਤ ਹਸਤੀ ਹਨ। ਸਾਡੇ ਵਾਸਤੇ ਇਹ ਮਾਣ ਵਾਲੀ ਗੱਲ ਹੈ ਕਿ ਉਹ ਸਾਨੂੰ ਆਪਣੇ ਮਿਤਰਾਂ ਵਿਚ ਸਵੀਕਾਰਦੇ ਹਨ। ਭੁੱਲਰ ਸਾਹਿਬ ਦੀਆਂ ਸਾਹਿਤਕ ਪ੍ਰਾਪਤੀਆਂ ਮਾਨ ਸਨਮਾਨਾਂ ਦੀ ਇਕ ਬਹੁਤ ਲੰਬੀ ਸੂਚੀ ਹੈ। ਕਲ ਤੱਕ ਉਹ ਪੰਜਾਬੀ ਟ੍ਰਿਬਿਊਨ ਦੇ ਵੀ ਮੁੱਖ ਸੰਪਾਦਕ ਰਹੇ ਹਨ। ਉਹ ਕੀ ਹਨ ਇਹ ਜਾਣ ਕੇ ਮਾਣ ਵੀ ਹੁੰਦਾ ਹੈ, ਪਿਆਰ ਵੀ ਆਉਂਦਾ ਹੈ ਅਤੇ ਸਤਿਕਾਰ ਵੀ। ਅਸੀਂ ਭੁੱਲਰ ਸਾਹਿਬ ਅਤੇ ਹੋਰ ਦੋਸਤਾਂ ਨੂੰ ਸਤਿਕਾਰ ਵਜੋਂ ਵਰਿਆਮ ਭੇਟਾ ਭੇਜਦੇ ਹਾਂ। ਭੁੱਲਰ ਸਾਹਿਬ ਨੇ ਕੁਝ ਰਾਸ਼ੀ ਵਰਿਆਮ ਲਈ ਚੈਕ ਰਾਹੀਂ ਭੇਜੀ ਹੈ। ਭੇਜੀ ਤਾਂ ਉਹਨਾਂ ਪ੍ਰੇਮ ਤੇ ਆਸ਼ੀਰਵਾਦ ਵਜੋਂ ਹੈ ਇਸ ਵਾਸਤੇ ਕੱਚਾ ਤਾਂ ਸਾਨੂੰ ਹੋਣਾ ਚਾਹੀਦਾ ਹੈ ਪਰ ਸਮਝਦੇ ਉਹ ਹਨ।....

ਅਸੀਂ ਅਰਜ਼ ਕਰ ਦਈਏ ਕਿ ਜੇ ਕੱਚੇ ਹੋਣ ਵਾਲੀ ਗੱਲ ਮੰਨ ਵੀ ਲਈਏ ਤਾਂ ਇਹ ਕੱਚੇ ਉਹ ਤਾਂ ਹੋਏ ਨਹੀਂ ਜਿਨ੍ਹਾਂ ਨੂੰ ਹੋਣਾ ਚਾਹੀਦਾ ਸੀ। ਬਹੁਤ ਸਾਰੇ ਵੱਡੇ ਵੱਡੇ ਰਸਾਲਿਆਂ ਦੀ ਵੀ ਇਹ ਮਜਬੂਰੀ ਬਣ ਜਾਂਦੀ ਹੈ ਕਿ ਉਹ ਅਕਸਰ ਅਜਿਹੀਆਂ ਬੇਨਤੀਆਂ ਡੱਬੀਆਂ ਵਿਚ ਛਾਪਦੇ ਹਨ। ਇਹ ਵੀ ਸੱਚ ਹੈ ਕਿ ਬਹੁਤੇ ਸਜਨਾਂ ਤੇ ਅਜਿਹੀਆਂ ਡੱਬੀਆਂ ਦਾ ਕੋਈ ਅਸਰ ਨਹੀਂ ਹੁੰਦਾ। ਪਰ ਅਜਿਹੇ ਵੀ ਕੁਝ ਸਜਨ ਹਨ ਜਿਨਾਂ, ਤੇ ਉਵੇਂ ਹੀ ਅਸਰ ਹੋ ਜਾਂਦਾ ਹੈ ਜਿਵੇਂ ਸਿਤਾਰ ਦੀਆਂ ਸੁਰ ਕੀਤੀਆਂ ਹੇਠਲੀਆਂ ਤਾਰਾਂ ਅਰਥਾਤ ਤਰਬਾਂ ਤੇ ਹੁੰਦਾ ਹੈ। ਆਘਾਤ ਮੁਖ ਤਾਰ ਤੇ ਹੁੰਦਾ ਹੈ ਤਰਬਾਂ ਹੇਠਾਂ ਅਪਣੇ ਆਪ ਕੰਬ ਰਹੀਆਂ ਹੁੰਦੀਆਂ ਹਨ। ਇਹ ਵੀ ਸਹੀ ਹੈ ਕਿ ਕਈ ਦਿਆਲੂ ਸਜਨ ਹਰ ਵਾਰ ਹੀ ਚੰਦਾ ਜਮਾਂ ਕਰਾ ਜਾਂਦੇ ਰਹੇ ਹਨ। ਸਾਡੇ ਰਿਕਾਰਡ ਵਿਚ ਇਕ ਸਜਨ ਹੈ ਜੋ ਸਾਲ ਵਿਚ ਦੋ ਵਾਰ (ਭਾਵ ਹਰ ਵੱਡੇ ਮੇਲੇ ਤੇ) ਵਰਿਆਮ ਦਾ ਚੰਦਾ ਜਮਾ ਕਰਾ ਜਾਂਦਾ ਰਿਹਾ। ਕਈ ਉਹ ਸਜਨ ਵੀ ਹਨ ਜੋ ਆਪਣੇ ਸੁਰਗਵਾਸੀ ਬਾਪ ਵੱਲੋਂ ਪੈਂਤੀ ਸਾਲ ਪਹਿਲਾਂ ਦੋ ਸੌ ਰੁਪਏ ਬਤੌਰ ਜੀਵਨ ਮੈਂਬਰ ਦਿੱਤੇ ਦੇ ਇਵਜ਼ ਪਰਚਾ ਮੰਗਵਾਉਣ ਵਾਸਤੇ ਜ਼ਿਦ-ਝਗੜਾ ਕਰਦੇ ਹਨ।

ਭੁਲਰ ਸਾਹਿਬ ਦੇ ਬਹਾਨੇ ਨਾਲ ਇਸ ਵਾਰ ਛੋਟੀ ਡੱਬੀ ਵੱਡੀ ਹੋ ਗਈ ਹੈ ਅਤੇ ਸਾਨੂੰ ਜ਼ਰੂਰ ਬੇਨਤੀ ਕਰਨ ਦਾ ਅਵਸਰ ਮਿਲ ਗਿਆ ਹੈ । ਸਗੋਂ ਦੋ ਬੇਨਤੀਆਂ। ਪਹਿਲੀ ਬੇਨਤੀ ਇਹ ਕਿ ਸਭ ਪਾਠਕ ਆ ਰਹੇ ਸ੍ਰੀ ਭੈਣੀ ਸਾਹਿਬ ਦੇ ਅੱਸੂ ਦੇ ਮੇਲੇ ਤੇ ਆਪਣੇ ਕੁਲ ਬਕਾਇਆ/ਚੰਦਿਆਂ ਦੀ ਰਾਸ਼ੀ ਲੈ ਕੇ ਆਉਣ। ਅਸੀਂ ੧੫-੧੬-੧੭ ਅਕਤੂਬਰ ਨੂੰ ਵਰਿਆਮ ਦੇ ਸਟਾਲ ਤੇ ਹਾਜ਼ਰ ਹੋਵਾਂਗੇ। ਦੇਸ਼ ਅਤੇ ਬਦੇਸ਼ ਤੋਂ ਚੰਦੇ ਜਮਾਂ ਕਰਾਉਣ ਵਾਲੇ, ਸਹਾਇਤਾ ਜਮਾਂ ਕਰੌਣ ਵਾਲੇ ਇਸ ਅਵਸਰ ਤੋਂ ਲਾਭ ਉਠਾਉਣ। ਇਹ ਵਰਿਆਮ ਨੂੰ ਮਜਬੂਤ ਕਰਨ ਦਾ ਅਵਸਰ ਹੋਵੇਗਾ।

ਦੂਜੀ ਬੇਨਤੀ ਹੈ ਕਿ ਪਾਠਕਾਂ ਅਤੇ ਖਾਸ ਕਰਕੇ ਇਸ਼ਤਿਹਾਰਾਂ ਰਾਹੀਂ ਸਹਿਯੋਗ ਦੇਣ ਵਾਲੇ ਸਜਨਾਂ ਦੇ ਆਗ੍ਰਹਿ ਕਰਨ ਤੇ ਵਰਿਆਮ ਦਾ ਵਿਸ਼ੇਸ਼ ਅੰਕ "ਸਤਿਗੁਰੂ ਜਗਜੀਤ ਸਿੰਘ ਅੰਕ" ਮੋਟੇ ਜਾਂ ਆਰਟ ਕਾਗਜ਼ ਉਤੇ ਚਾਰ ਰੰਗਾਂ ਵਿਚ ਬਾ ਤਸਵੀਰ ਬਹੁਤ ਸੁੰਦਰ ਦ੍ਰਿੱਖ ਨਾਲ ਅਤੇ ਵਿਦਵਾਨਾਂ ਦੀਆਂ ਕਲਮਾਂ ਦੇ ਰੌਚਕ ਗਿਆਨ ਨਾਲ ਭਰਪੂਰ ਸਤਿਗੁਰੂ ਜੀ ਦੇ ਪ੍ਰਕਾਸ਼ ਮਹੀਨੇ ਨਵੰਬਰ ਵਿਚ ਪਾਠਕਾਂ ਦੇ ਹੱਥਾਂ ਵਿਚ ਹੋਵੇਗਾ। ਇਸ ਅੰਕ ਵਿਚ ਅਕੀਦਤ ਅਤੇ ਪਿਆਰ ਵਜੋਂ ਆਪਣੇ ਜਾਂ ਆਪਣੀਆਂ ਫਰਮਾਂ, ਕਾਰੋਬਾਰੀ ਅਦਾਰਿਆਂ, ਸੰਸਥਾਵਾਂ ਵਲੋਂ ਤਸਵੀਰਾਂ ਸਹਿਤ ਇਸ਼ਤਿਹਾਰ ਦੇ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ। ਸਾਨੂੰ ਜੋ ਪ੍ਰੇਮੀਆਂ ਵਲੋਂ ਸੁਝਾਅ ਆਇਆਂ ਹੈ ਉਸ ਅਨੁਸਾਰ ਇਕ ਪੰਨੇ ਵਾਸਤੇ



NamdhariElibrary NamdhariElibrary@gmail.com

ਪੰਜ ਹਜ਼ਾਰ ਰੁਪਏ ਸਹਿਯੋਗ ਦੀ ਪੇਸ਼ਕਸ਼ ਹੈ ਜਿਸ ਨੂੰ ਅਸੀਂ ਸਿਰ ਮੱਥੇ ਪਰਵਾਨ ਕੀਤਾ ਹੈ। ਪ੍ਰਮੁੱਖ ਸੱਜਣ ਵੱਡੇ ਅਦਾਰੇ ਅਤੇ ਸੰਸਥਾਵਾਂ ਵੱਡਾ ਸਹਿਯੋਗ ਦੇ ਕੇ ਇਸ ਯਾਦਗਾਰੀ ਉਪਰਾਲੇ ਨੂੰ ਸਾਰਥਕ ਕਰਨ। ਇਸ਼ਤਿਹਾਰਾਂ ਲਈ ਛੱਪਣ ਯੋਗ ਸਾਮਗਰੀ ਅਤੇ ਤਸਵੀਰਾਂ ਜਲਦੀ ਤੋਂ ਜਲਦੀ ਪੁਜਦੀਆਂ ਕਰੋ। ਅੰਕ ਛਪਾਈ ਅਧੀਨ ਹੈ। ਬਸ ਥੋਹੜੇ ਨੂੰ ਬਹੁਤਾ ਸਮਝਣਾ। ਸ. ਗੁਰਬਚਨ ਸਿੰਘ ਭੁੱਲਰ ਅਤੇ ਹੋਰ ਮਿਤਰ ਕਲਮੀ ਸਹਿਯੋਗ ਦੇਣ।

*-ਜਗਦੀਸ਼ ਸਿੰਘ ਵਰਿਆਮ*

## ਚਿੱਤ੍ਰਕਾਰ ਸੁਖਵੰਤ ਸਿੰਘ ਨੂੰ ਸਦਮਾ

ਸਾਡੇ ਬਹੁਤ ਪਿਆਰੇ ਮਿੱਤਰ ਕੋਮਲਭਾਵੀ ਮਨੁੱਖ, ਸ੍ਰੇਸ਼ਟ ਕਲਾਕਾਰ ਅਤੇ ਲਰਜ਼ਦੇ ਹਿਰਦੇ ਵਾਲੇ ਸ਼ਾਇਰ ਹਰਮਨ ਪਿਆਰੇ ਵਿਅਕਤੀ ਵਰਿਆਮ ਸਮੇਤ ਬਹੁਤ ਸਾਰੀਆਂ ਪੁਸਤਕਾਂ ਅਖਬਾਰਾਂ ਨੂੰ ਅਪਣੇ ਬੁਰਸ਼ ਨਾਲ ਸ਼ਿੰਗਾਰਣ ਵਾਲੇ ਚਿੱਤ੍ਰਕਾਰ, ਬਹੁਤ ਸਾਰੇ ਕੈਲੰਡਰਾਂ ਦੀ ਸੋਭਾ ਵਧਾਉਣ ਵਾਲੇ ਸ੍ਰੇਸ਼ਟ ਆਰਟਿਸਟ ਸੁਖਵੰਤ ਸਿੰਘ ਦਾ ਹੋਣੀ ਨਾਲ ਪਤਾ ਨਹੀਂ ਕੀ ਰਿਸ਼ਤਾ ਹੈ ਕਿ ਛੋਟੇ ਜਿਹੇ ਜੀਵਨ ਵਿਚ ਉਹਨਾਂ ਨੂੰ ਦੋਹਰੀ ਵਾਰ ਇਕੋ ਤਰ੍ਹਾਂ ਦਾ ਸਦਮਾ ਝਲਣਾ ਪਿਆ ਹੈ। ਸ਼ਾਇਦ ਇਵੇਂ, ਜਿਵੇਂ ਵਡਾ ਭਾਰ ਚੁਕਣ ਵਾਲੇ ਦਾ ਭਾਰ ਹੀ ਵਧਾਇਆ ਜਾਂਦਾ ਹੈ, ਮੁੜ ਚੁਕਣ ਵਾਸਤੇ।

ਸੁਖੀ ਵਸਦੇ ਇਸ ਮਿਹਨਤੀ, ਮੁਹੱਬਤੀ ਇਨਸਾਨ ਦੀ ਜੀਵਨ ਸਾਥਨ ਦੋ ਧੀਆਂ ਅਤੇ ਇਕ ਸਪੁੱਤਰ ਦੀ ਮਾਂ ਬੀਬੀ ਹਰਜੀਤ ਕੌਰ ੬ ਸਤੰਬਰ ੨੦੧੦ ਨੂੰ ਸਵੇਰੇ ਅਮ੍ਰਿਤ ਵੇਲੇ ੪੪ ਸਾਲ ਦੀ ਉਮਰ ਭੋਗ ਕੇ ਜੀਵਨ ਲੀਲਾ ਸਮਾਪਤ ਕਰ ਗਈ। ਉਸੇ ਸ਼ਾਮ ਨੂੰ ਸਜਨਾਂ ਮਿਤਰਾਂ ਸਨੇਹੀਆਂ ਦੀ ਭਾਰੀ ਹਾਜ਼ਰੀ ਵਿਚ ਸਸਕਾਰ ਕੀਤਾ ਗਿਆ।

ਬੀਬੀ ਨਮਿਤ ੧੨ ਸਤੰਬਰ ਨੂੰ ਘਰ ਵਿਚ ਅਖੰਡ ਪਾਠ ਦਾ ਭੋਗ ਪਾਇਆ ਗਿਆ। ਦੁਪਹਿਰ ੧ ਤੋਂ ..... ਗੁਰਦੁਆਰਾ ਸਿੰਘ ਸਭਾ ਦਿਲਬਾਗ ਨਗਰ ਬਸਤੀ ਗੁਜ਼ਾਂ ਜਲੰਧਰ ਵਿਚ ਕੀਰਤਨ ਕਥਾ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ ਹੋਇਆ। ਰਾਗੀ ਸਿੰਘਾਂ ਨੇ ਬਹੁਤ ਵੈਰਾਗ ਮਈ ਕੀਰਤਨ ਕੀਤਾ ਅਤੇ ਭਾਈ ਸਾਹਿਬ ਨੇ ਸਮੇਂ ਅਨੁਸਾਰ ਢੁਕਵੀਂ ਸ਼ਬਦ ਵਿਆਖਿਆ ਨਾਲ ਡੋਲਦੇ ਮਨਾਂ ਨੂੰ ਧੀਰਜ ਬੰਨਾਈ। ਸੰਖੇਪ ਸ਼ਰਧਾਂਜਲੀ ਦਿੰਦਿਆਂ, ਪ੍ਰੋ. ਪਿਆਰਾ ਸਿੰਘ ਭੋਗਲ, ਸ. ਕੁਲਦੀਪ ਸਿੰਘ ਬੇਦੀ ਅਤੇ ਵਰਿਆਮ ਸੰਪਾਦਕ ਨੇ ਜਿਥੇ ਵਿਛੜੀ ਜੀਵ ਆਤਮਾ ਦੇ ਜ਼ਾਤੀ ਗੁਣਾਂ ਦਾ ਬਖਾਨ ਕੀਤਾ ਉਥੇ ਭਾਰੀ ਤਾਦਾਦ ਵਿਚ ਹਾਜ਼ਰ ਬੁਧੀ ਜੀਵੀਆਂ ਵੱਲੋਂ ਸੁੱਖਵੰਤ ਸਿੰਘ ਪਰਿਵਾਰ ਨੂੰ ਧੀਰਜ ਰੱਖਣ ਅਤੇ ਭਾਣੇ ਨੂੰ ਮੰਨਣ ਦੀ ਸਮਰਥਾ ਵਾਸਤੇ ਅਰਦਾਸ ਵੀ ਕੀਤੀ। ਸ. ਤ੍ਰੋਲਕ ਸਿੰਘ ਦੀਵਾਨਾ ਨੇ ਸਾਰੇ ਪ੍ਰੋਗਰਾਮ ਨੂੰ ਸੰਚਾਲਿਤ ਕੀਤਾ।

ਇਸ ਵੇਲੇ ਸੁਖਵੰਤ ਸਿੰਘ ਦਾ ਪਰਿਵਾਰ ਸਪੁਤਰੀਆਂ ਵਨੀਤ ਕੌਰ ਅਤੇ ਹਰਪ੍ਰੀਤ ਕੌਰ ਉੱਚ ਸਿੱਖਿਆ ਲੈਣ ਦੇ ਨਾਲ-ਨਾਲ ਘਰ ਦਾ ਸਾਰਾ ਕੰਮ ਕਾਜ ਸੰਭਾਲ ਕੇ ਅਪਣੇ ਪਿਤਾ, ਦਾਦਾ ਜੀ ਅਤੇ ਨੌਂਵੀਂ ਵਿੱਚ ਪੜ੍ਹਦੇ ਵੀਰ ਅਨਮੋਲਦੀਪ ਦੀ ਦੇਖ ਭਾਲ ਬਹੁਤ ਜ਼ੁਮੇਵਾਰੀ ਨਾਲ ਕਰ ਰਹੀਆਂ ਹਨ। ਬੀਬੀ ਹਰਜੀਤ ਕੌਰ ਦਾ ਘਾਟਾ ਤਾਂ ਪੂਰਾ ਨਹੀਂ ਹੋਣਾ ਪਰ ਪਰਿਵਾਰ ਸਿਦਕ ਦਿੱਲੀ ਅਤੇ ਮਜ਼ਬੂਤੀ ਨਾਲ ਇਸ ਭਾਣੇ ਨੂੰ ਮੰਨ ਰਿਹਾ ਹੈ। ਅਸੀਂ ਪਰਿਵਾਰ ਨਾਲ ਸਮੂਹ ਸਾਹਿਤਕ ਮਿਤਰਾਂ ਵੱਲੋਂ ਹਮਦਰਦੀ ਕਰਦੇ ਹੋਏ ਪਰਮ ਪਿਤਾ ਪਰਮਾਤਮਾ ਅਗੇ ਦੁਆ ਗੋ ਹਾਂ।

*-ਜਗਦੀਸ਼ ਸਿੰਘ ਵਰਿਆਮ*



Namdhari Elibrary NamdhariElibrary@gmail.com

# ਆਪਣੀ ਅਸਲ ਤਸਵੀਰ

—ਡਾ. ਸੁਰਿੰਦਰ ਮੰਡ
੯੪੧੭੩-੨੪੫੪੩



ਇਕ ਰਾਤ ਮੈਨੂੰ ਇਵੇਂ ਮਹਿਸੂਸ ਹੋਇਆ ਜਿਵੇਂ ਸਾਰੀ ਮਨੁੱਖੀ ਨਸਲ ਹੱਥ ਬੰਨ੍ਹੀ ਖੜੀ ਆਖ ਰਹੀ ਹੈ,

"ਹੇ ਧਰਤੀ ਮਾਂ, ਮੈਂ ਇਨਸਾਨ ਹਾਂ। ਇਕ ਅਰਜ਼ ਕਰਨੀ ਹੈ।"

"ਆ ਚੰਦ, ਮੇਰੀ ਯਾਦ ਅੱਜ ਕਿਵੇਂ ਆਗੀ ਤੈਨੂੰ?" ਧਰਤੀ ਬੋਲੀ।

"ਮਾਂ, ਤੇਰੇ ਉੱਤੇ ਖਾਸ ਰਹਿਮਤ ਹੈ। ਤੂੰ ਏਨੀਆਂ ਤੇ ਸੋਹਣੀਆਂ ਮੂਰਤਾਂ ਬਣਾਉਨੀ ਏਂ। ਮੈਂ ਵੀ ਆਪਣੀ ਇਕ ਤਸਵੀਰ ਬਣਾਉਣੀ ਚਹੁੰਨਾ। ਸੋਹਣੀ ਜਿਹੀ। ਕਿਵੇਂ ਬਣਾਵਾਂ?"

"ਆਪਣੇ ਆਪ ਨੂੰ ਵੇਖ ਕੇ ਬਣਾ ਲੈ। ਤੈਨੂੰ ਤਾਂ ਮੈਂ ਸਭ ਤੋਂ ਵੱਧ ਕਾਬਲੀਅਤਾਂ ਬਖਸ਼ਿਸ਼ ਕੀਤੀਆਂ"

"ਆਪਣੀਆਂ ਅੱਖਾਂ ਨਾਲ ਮੈਂ ਦੂਜਿਆਂ ਨੂੰ ਤਾਂ ਵੇਖ ਲਈਨਾ, ਪਰ ਆਪਣੇ ਆਪ ਨੂੰ ਨਹੀਂ ਵੇਖਿਆ ਜਾਂਦਾ। ਤਸਵੀਰ ਬਣਾਉਣ ਲੱਗਦਾਂ ਤੇ ਅੱਗੋਂ ਦਿੱਸਦਾ ਈ ਕੁਛ ਨੀ।"

"ਦੂਸਰਿਆਂ ਦੀਆਂ ਅੱਖਾਂ ਥਾਣੀਂ ਵੇਖ ਲੈ। ਬੜਾ ਸੋਹਣਾ ਨਜ਼ਰ ਆ ਜੂ ਤੈਨੂੰ ਆਪਣਾ ਆਪ। ਤੇ ਜਾਂ ਫਿਰ ਆਪਣੇ ਮਨ ਦੀਆਂ ਅੱਖਾਂ ਨਾਲ ਵੇਖ ਲੈ ਆਪਣੇ ਆਪ ਨੂੰ। ਸਾਰੀ ਕਾਇਨਾਤ ਨੂੰ ਵੀ ਤੇ ਨਾਲੇ ਮੈਨੂੰ ਵੀ।"

"ਪਰ ਮੈਨੂੰ ਤਾਂ ਦੂਸਰਿਆਂ ਦੀ ਨਜ਼ਰ ਥਾਣੀਂ ਵੇਖਣ ਦਾ ਵੱਲ ਈ ਨਹੀਂ ਆਉਂਦਾ। ਤੇ ਨਾ ਈਂ ਆਪਣੇ ਮਨ ਦੀਆਂ ਅੱਖਾਂ ਉੱਘੜਦੀਆਂ। ਜੇ ਮਾੜੀਆ ਮੋਟੀਆਂ ਉਘੇੜਦਾਂ ਤਾਂ ਵੀ ਦਿੱਸਦਾ ਨੀ ਕੁਛ ਵੀ। ਕੀ ਕਰਾਂ?"

"ਇਹ ਅੱਖਾਂ ਸਿਰਫ ਸ਼ੁੱਧ ਇਨਸਾਨ ਬਣ ਕੇ ਹੀ ਖੁੱਲ੍ਹ ਸਕਦੀਆਂ। ਅੰਦਰੋਂ ਸਵਾਰਥ, ਹਉਮੈ, ਜਾਤ ਪਾਤ, ਮਜ਼੍ਹਬਪ੍ਰਸਤੀ, ਮੈਂ-ਤੂੰ, ਨਸਲੀ ਆਪਾਧਾਪੀ ਵਰਗੀ ਹਰ ਤਰਾਂ ਦੀ ਗਰਦ ਨੂੰ ਧੋ ਸੁੱਟ। ਸਾਰਾ ਕੁਛ ਸਾਫ ਸਾਫ ਦਿੱਸ ਪਵੇਗਾ।" ਧਰਤੀ ਨੇ ਵਰਦਾਨ ਵਰਗਾ ਨੁਸਖਾ ਦੱਸ ਦਿੱਤਾ।

ਸੋ ਲਓ ਜੀ, ਆਦਮੀ ਨੇ ਸਾਰੀ ਗਰਦ ਧੋ ਸੁੱਟੀ। ਤੇ ਇਸ ਰਹਿਮਤ ਨਾਲ ਜੋ ਦੂਜਿਆਂ ਦੀ ਨਜ਼ਰੀਂ ਵੇਖਿਆ ਤੇ ਜੈਸਾ ਆਪਾ ਦਿੱਸਿਆ, ਉਸ ਨਾਲ ਆਪਣੀ ਤਸਵੀਰ ਬਣਨ ਲੱਗੀ।

ਬੰਦੇ ਦੇ ਸਭ ਤੋਂ ਨੇੜੇ ਮੱਝ ਖਲੋਤੀ ਸੀ, ਜਿਸਦਾ ਸਦੀਆਂ ਤੋਂ ਦੁੱਧ ਪੀਂਦਾ ਆਇਆ। ਉਸਦੀਆਂ ਅੱਖਾਂ ਥਾਣੀਂ ਆਪਣੇ ਆਪ ਨੂੰ ਵੇਖਣ ਲੱਗਾ। ਮੱਝ ਬੇਬਸੀ ਦੇ ਸਾਗਰ ਵਿਚ ਗੋਤੇ ਖਾਂਦੀ ਜਾਪੀ, ਜਿਵੇਂ ਕਹਿ ਰਹੀ ਹੋਵੇ,

"ਹੇ ਜ਼ਾਲਮ! ਮੇਰੀ ਉਮਰ ਓਦੋਂ ਸਿਰਫ ਇਕ ਘੰਟਾ ਸੀ, ਜਦ ਮੈਂ ਆਪਣੇ ਪੈਰਾਂ ਉੱਤੇ ਖਲੋ ਕੇ ਮਾਂ ਦੇ ਦੁੱਧ ਨੂੰ ਲੱਭ ਰਹੀ ਸਾਂ, ਜੋ ਸਿਰਫ ਮੇਰੇ ਲਈ ਹੀ ਸੀ ਪਰ ਤੂੰ ਮੈਨੂੰ ਰੱਸੇ ਨਾਲ ਬੰਨ੍ਹ ਦਿੱਤਾ। ਮੇਰਾ ਬਾਲਮਨ ਮਾਂ ਦੀ ਗੋਦ 'ਚ ਖੇਡ੍ਹਣਾ ਚਾਹਵੇ ਤੇ ਤੂੰ ਮੈਨੂੰ ਉਹਦੇ ਤੋਂ ਵਿੱਥ ਉੱਤੇ ਬੰਨ੍ਹਿਆ ਕਰੇਂ। ਕੋਲ ਹੋਣ ਦੇ ਬਾਵਜੂਦ ਵੀ ਮੈਂ ਮਾਂ ਦੀ ਛੋਹ ਨੂੰ ਤਰਸਦੀ ਹੋਈ ਹੀ ਵੱਡੀ ਹੋਈ। ਤੂੰ ਮੈਨੂੰ ਅੱਧੀ ਭੁੱਖੀ ਰੱਖਣਾ ਮੇਰਾ ਦੁੱਧ ਆਪਣੇ ਜਵਾਕਾਂ ਨੂੰ ਪਿਔਣਾ। ਤੂੰ ਮੇਰੇ ਕੋਲੋਂ ਮੇਰਾ ਦੁੱਧ ਖੋਹ ਲੈਨੋ ਪਰ ਤੂੰ ਮੇਰੇ ਲਾਡ ਕਿਉਂ ਖੋਹੇ?

ਮੈਨੂੰ ਜੰਮਦੀ ਨੂੰ ਵੀ ਸੰਗਲ ਮਾਰਿਆ ਈ ਤੇ ਓਦਣ ਖੋਲ੍ਹਣਾ, ਜਿਸ ਦਿਨ ਮੈਂ ਲਾਸ਼ ਬਣਨਾ। ਏਡੀ ਨਿਰਦਈ ਕੈਦ ਦਿੱਤੀ ਉ ਮੈਨੂੰ! ਏਹ ਕਾਹਦੀ ਸਜ਼ਾ ਦਿੱਤੀ ਏਡੀ ਚੰਦਰਿਆ? ਦੁੱਧ ਦੇਣ ਦੀ ਸਜ਼ਾ? ਮੇਰੇ ਗੁਣ ਨੂੰ ਹੀ ਤੂੰ ਮੇਰਾ ਗੁਨਾਹ ਬਣਾ-ਤਾ।

ਧੋਖੇਬਾਜ, ਤੂੰ ਕੀ ਸਮਝਦਾ ਬਈ ਮੈਨੂੰ ਪਤਾ ਨਹੀਂ ਕਿ ਤੂੰ ਝੂਠ ਮੂਠ ਹੀ ਮੇਰੇ ਬੱਚੇ ਨੂੰ ਮੇਰੇ ਥੱਲੇ ਛੱਡਦਾ, ਤਾਂ ਕਿ ਮੈਂ ਪਸਮ ਪਵਾਂ, ਤੇ ਜਦ ਪਸਮਦੀ ਆਂ ਤੇ ਦੋ ਘੁੱਟਾਂ ਦੁੱਧ ਨੂੰ ਤਰਸਦੇ ਮੇਰੇ ਬੱਚੇ ਨੂੰ ਖਿੱਚ ਕੇ ਸੰਗਲ ਨਾਲ ਪਰ੍ਹਾਂ ਬੰਨ੍ਹ ਦੇਨਾ ਤੇ ਮੇਰਾ ਸਾਰਾ ਦੁੱਧ ਚੋ ਲੈਨਾਂ। ਤੇ ਅਗਲੇ ਡੰਗ ਫਿਰ ਇਸ ਤਰ੍ਹਾਂ ਈਂ ਕਰਦਾ ਏਂ। ਤੈਨੂੰ ਰੱਬ ਦਾ ਵਾਸਤਾ! ਮੇਰੇ ਬੱਚੇ ਨੂੰ ਇਕ ਵਾਰ ਖੁੱਲ੍ਹਾ ਤੁਰ ਕੇ, ਭੱਜ ਕੇ ਦੁੜੰਗੇ ਮਾਰ ਕੇ ਵੇਖ ਲੈਣ ਦੇ।

ਆਪਣੇ ਲਈ ਅਜ਼ਾਦੀ ਦੀ ਦੁਹਾਈ ਦੇਣ ਤੇ ਡੀਂਗਾਂ ਮਾਰਨ ਵਾਲਿਆ,-ਮੋੜਵੇਂ ਰੂਪ 'ਚ ਮਿਲਣਾ ਤੇ ਓਹੋ ਈ ਆ ਜੋ ਦੇਈਏ। ਜ਼ਾਲਮ ਤੇ ਸਵਾਰਥ ਦਾ ਗੁਲਾਮ ਆਪ ਅਜ਼ਾਦੀ ਦਾ ਰਸ ਕਿਵੇਂ ਮਾਣ ਸਕਦਾ?"

ਆਪਣੀ ਏਨੀ ਨਿਰਦਈ ਫੋਟੋ ਕਿਆਸ ਕਰਕੇ ਬੰਦੇ ਨੂੰ



Namdhari Elibrary NamdhariElibrary@gmail.com

ਭੂਆਟਣੀ ਜਿਹੀ ਆਈ ਤੇ ਦੂਜੇ ਪਾਸੇ ਕੀ ਵੇਖਦਾ ਹੈ ਕਿ ਆਪਣੇ ਬੱਚੇ ਨੂੰ ਹਿੱਕ ਨਾਲ ਲਾਈ ਫਿਰਦੀ ਬਾਂਦਰੀ ਨੇ ਬੰਦੇ ਵੱਲ ਇਉਂ ਵੇਖਿਆ ਜਿਵੇਂ ਆਖ ਰਹੀ ਹੋਵੇ।

"ਤੁਸੀਂ ਸਾਡੀ ਨਸਲ ਵਿਚੋਂ ਵਧ ਫੁੱਲ ਕੇ ਇਨਸਾਨ ਨਹੀਂ ਬਣੇ। ਅਸੀਂ ਤਾਂ ਆਪਣੇ ਮੋਏ ਬੱਚੇ ਨੂੰ ਵੀ ਓਨਾ ਚਿਰ ਹਿਕੜੀ ਨਾਲ ਲਾਈ ਫਿਰਦੇ ਹਾਂ, ਜਦ ਤਕ ਉਹ ਸੁੱਕ ਕੇ ਝੜ ਨਹੀਂ ਪੈਂਦਾ। ਤੇ ਤੁਸੀਂ ਆਪਣੀ ਅਣਜੰਮੀ ਔਲਾਦ ਨੂੰ ਖੁਸ਼ੀ ਨਾਲ ਕਤਲ ਕਰਨ ਵਾਲੇ ਸਾਡੀ ਨਸਲ ਵਿਚੋਂ ਕਿਵੇਂ ਹੋ ਸਕਦੇ ਹੋ? ਆਪਣੀਆਂ ਹੀ ਬੱਚੀਆਂ ਦੇ ਕਾਤਲੋ-ਤੁਹਾਨੂੰ ਭੁਲੇਖਾ ਲੱਗਾ ਹੈ। ਆਪਣਾ ਕੋਈ ਹੋਰ ਤਲਾ-ਮੂਲ ਲੱਭੋ। ਅਸੀਂ ਤੁਹਾਡੇ ਵੱਡ-ਵਡੇਰੇ/ਰਿਸ਼ਤੇਦਾਰ ਅਖਵਾਉਣ ਤੋਂ ਬਗੈਰ ਹੀ ਚੰਗੇ ਹਾਂ।"

ਕਿਧਰੇ ਕੁੱਤਿਆਂ ਦਾ ਗਿਲਾ ਕਿ "ਜਿਸ ਬੰਦੇ ਨੂੰ ਬਹੁਤ ਮਾੜਾ ਕਹਿਣਾ ਹੋਵੇ ਤਾਂ ਆਖਦੇ ਹੋ," "ਇਹ ਬੜਾ ਕੁੱਤਾ ਬੰਦਾ।"

ਕਿਧਰੇ ਕੁਕੜੀਆਂ ਮੁਰਗੀਖਾਨਿਆਂ 'ਚ ਸਿਰ ਸੁੱਟੀ ਬੈਠੀਆਂ ਸਰਾਫ਼ ਦੇਣ ਡਹੀਆਂ,

"ਕਿ ਸਾਨੂੰ ਸਾਡੇ ਰਾਂਝਣਾ ਤੋਂ ਦੂਰ ਕਰਨ ਵਾਲਿਓ-ਜਾਓ, ਤੁਸੀਂ ਵੀ ਔਰਤ ਮਰਦ ਸਬੰਧਾਂ ਦਾ ਮੂਲ ਭੁੱਲ ਜਾਓਗੇ। ਤੇ ਇਸ ਰਿਸ਼ਤੇ ਦੀ ਖਿੱਚ ਵਾਲੇ ਅਸਲ ਰਸ ਨੂੰ ਢੂੰਡਦੇ ਫਿਰੋਗੇ।"

ਫਿਰ ਤਾਂ ਜੀਕੂੰ ਧਰਤੀ ਦੀ ਕੁੱਲ ਜੀਵ ਜਾਤੀ ਇਕੱਠੀ ਹੋ ਕੇ ਮਨੁੱਖ ਦਾ ਘੇਰਾ ਘੱਤ ਕੇ ਥੂ-ਥੂ ਕਰਨ ਲੱਗੀ।

"ਉਏ ਮਨੁੱਖ-ਤੁਸੀਂ ਨਰ ਮਾਦਾ ਸਬੰਧਾਂ ਬਾਰੇ ਨਾਸਮਝ ਜਾਨਵਰ ਹੋ। ਸਿਰਫ ਤੁਸੀਂ ਔਰਤ ਮਰਦ ਹੋ ਜੋ ਲੜਦੇ ਮਰਦੇ ਹੋ। ਚੰਗਾ ਹੈ ਜੇ ਤੁਸੀਂ ਧਰਤੀ ਤੋਂ ਕਿਧਰੇ ਨਿਕਲ ਜਾਓ, ਨਹੀਂ ਤਾਂ ਤੁਹਾਡੇ ਵੱਲ ਵੇਖ ਕੇ ਸਾਡੇ ਆਪਸੀ ਸਬੰਧਾਂ ਉਤੇ ਵੀ ਮਾੜਾ ਅਸਰ ਪੈ ਸਕਦਾ। ਨਾਲੇ ਤੁਸੀਂ ਤਾਂ ਸਾਰੀ ਧਰਤੀ ਚਟਮ ਕਰ ਜਾਣੀ। ਸਾਡੇ ਲਈ ਛੱਡਣਾ ਈ ਕੱਖ ਨੀ। ਇਕ ਤੁਸੀਂ ਹੋ ਜੋ ਸਾਡੇ ਸਾਰਿਆਂ ਦੇ ਦੁਸ਼ਮਣ ਹੋ।"

ਬੰਦਾ ਸੁਣ ਕੇ ਕੁਰਲਾ ਉੱਠਿਆ,

"ਉਏ ਮੈਂ ਏਨਾ ਬਦਸ਼ਕਲ। ਦੂਜਿਆਂ ਦੀ ਨਜ਼ਰ ਥਾਣੀਂ ਵੇਖਣ ਦੀ ਮੇਰੀ ਹੋਰ ਹਿੰਮਤ ਨਹੀਂ।"

ਤੇ ਫਿਰ ਬੰਦਾ ਆਪਣੇ ਮਨ ਦੀਆਂ ਅੱਖਾਂ ਨਾਲ ਆਲੇ ਦੁਆਲੇ ਝਾਕਣ ਲੱਗਾ। ਇਵੇਂ ਪਹਿਲੀ ਵਾਰ ਵੇਖਿਆ ਉਸਨੂੰ ਧਰਤੀ ਹੋਰ ਈ ਤਰ੍ਹਾਂ ਦੀ ਦਿੱਸਣ ਲੱਗੀ। ਉਹੀ ਮਿੱਟੀ, ਪਾਣੀ, ਹਵਾ, ਬਨਸਪਤੀ ਜੀਉਂਦੀ ਜਾਗਦੀ ਚੀਜ਼ ਬਣ ਗਈ। ਗੱਲਾਂ ਕਰਨ ਲੱਗ ਪਈ।

"ਮੇਰੇ ਲਾਡਲੇ ਤੇ ਅਮੋੜ ਚੰਨ ਪੁੱਤ, ਮੈਂ ਤੈਨੂੰ ਇਸ ਲਈ ਤਾਂ ਨਹੀਂ ਸੀ ਦਾਤਾਂ ਬਖਸ਼ੀਆਂ ਕਿ ਤੂੰ ਮੇਰਾ ਸਾਰਾ ਤਾਣਾ-ਪੇਟਾ ਈ ਹਿਲਾ ਦੇਵੇਂ। ਮੇਰੀ ਹਵਾ ਤੂੰ ਗੰਦੀ ਕਰਤੀ। ਮੇਰਾ ਹੇਠਲਾ ਪਾਣੀ ਸਾਰਾ ਚੂਸ ਜਾਣ ਲਈ ਪੱਬਾਂ ਭਾਰ ਹੋਇਆ। ਮੇਰਾ ਉਤਲਾ ਪਾਣੀ ਤੂੰ ਗੰਧਲਾ ਕਰਤਾ। ਅੰਨ੍ਹੇਵਾਹ ਰੁੱਖ ਵੱਢੀ ਜਾਨਾ ਮੇਰੇ। ਕੁਦਰਤ ਵਿਰੋਧੀ ਰਸਤੇ ਉੱਤੇ ਚੱਲਣ ਨਾਲ ਤੂੰ ਆਪਣੀ ਪ੍ਰਕਿਰਤੀ ਦੇ ਮਾਰਗ ਅਤੇ ਮੂਲ ਤੋਂ ਵੀ ਭਟਕ ਗਿਆ ਏਂ।

ਸਦਾ ਤੋਂ ਸੂਰਜ ਨਾਲ ਸਾਥ ਹੈ ਮੇਰਾ ਪਰ ਮੇਰਾ ਕਦੀ ਤਾਪਮਾਨ ਨਹੀਂ ਸੀ ਵਧਿਆ। ਗਰਮੀ ਆਉਂਦੀ ਤੇ ਜਾਂਦੀ ਰਹਿੰਦੀ ਸੀ। ਆਹ ਗਰੀਨ ਹਾਊਸ ਗੈਸਾਂ ਦਾ ਜਿਹੜਾ ਕੋਟ ਤੂੰ ਮੇਰੇ ਗਲ ਪਾ-ਤਾ। ਹੁਣ ਉਹਦਾ ਕਰਕੇ ਗਰਮੀ ਸਾਰੀ ਵਾਪਸ ਨਹੀਂਉ ਜਾਂਦੀ ਤੇ ਮੇਰੇ ਗਲੇਸ਼ੀਅਰ ਪਿਘਲ ਚੱਲੇ ਹਨ। ਤੇਰੇ ਹੱਥੋਂ ਦੁਖੀ ਹੋਈ ਮੈਂ ਜਲ ਵਿਚ ਸਮਾ ਜਾਣ ਵੱਲ ਵਧ ਰਹੀ ਹਾਂ।

ਇੰਜ ਹੁਣ ਹਿਮਾਲਾ ਵਰਗੇ ਪਰਬਤਾਂ ਦੀ ਬਰਫ਼ ਵੀ ਖੁਰ ਜਾਵੇਗੀ ਤੇ ਉਹਨਾਂ ਵਿਚੋਂ ਨਿਕਲਣ ਵਾਲੇ ਦਰਿਆ ਸੁੱਕ ਜਾਣਗੇ ਜਾਂ ਨਾਲੇ ਬਣ ਜਾਣਗੇ। ਨਾ ਤੇਰੇ ਡੈਮ ਚੱਲਣੇ, ਨਾ ਬਿਜਲੀਆਂ ਬਣਨੀਆਂ ਤੇ ਨਾ ਨਹਿਰਾਂ 'ਚ ਪਾਣੀ। ਜੇ ਤੇਰੇ ਏਹੋ ਚਾਲੇ ਰਹੇ ਤਾਂ ਇਕੱਵੀਂ ਸਦੀ ਦੇ ਅਖੀਰ ਤਕ ਤੂੰ ਆਪਸ ਵਿਚ ਲੜ ਲੜ ਕੇ ਮਰ ਜਾਵੇਂਗਾ। ਕਿਉਂਕਿ ਤੇਰਾ ਸਾਰਾ ਜ਼ੋਰ ਬਰੂਦ ਬਣਾਉਣ ਤੇ ਲੱਗਾ ਹੈ। ਤੇਰੀ ਇਹ ਤੋਰ ਸਿੱਧੀ ਤੇਰੇ ਸਰਵਨਾਸ਼ ਵੱਲ ਨੂੰ ਜਾਂਦੀ ਹੈ।

ਸਾਰੇ ਮਾਲ ਖਜ਼ਾਨੇ ਮੇਰੇ ਨੇ। ਤੂੰ ਜੋ ਮੇਰਾ ਵੈਰੀ ਬਣ ਚੁੱਕਾਂ, ਇਹਨਾਂ ਦਾ ਇਕੱਲਾ ਮਾਲਕ ਕਿਵੇਂ ਬਣ ਸਕਦਾਂ? ਇਹ ਕੁਦਰਤੀ ਖਜ਼ਾਨੇ ਕੁੱਲ ਜੀਵਾਂ, ਬੂਟਿਆਂ ਤੇ ਸਭ ਇਨਸਾਨਾਂ ਲਈ ਨੇ ਤੇ ਤੁਹਾਡੇ ਵਿਚੋਂ ਚੰਦ ਬੰਦਿਆਂ ਨੂੰ ਇਹ ਕਿਸਨੇ ਹੱਕ ਦਿੱਤਾ ਕਿ ਤੁਸੀਂ ਸਭ ਕੁਝ ਗੜੱਪੂ ਕਰ ਜੋ ਤੇ ਬਾਕੀ ਬਹੁਤੇ ਵਿਰਵੇ ਰਹਿਣ। ਤੂੰ ਖੁਦ ਨਾਲ ਦੇ ਇਨਸਾਨਾਂ ਦੀਆਂ ਮੁਸ਼ਕਲਾਂ ਦਾ ਸਭ ਤੋਂ ਵੱਧ ਜ਼ੁੰਮੇਵਾਰ ਏਂ।

ਤੂੰ ਆਪਣੀ ਹੈਸੀਅਤ ਭੁੱਲ ਚੁੱਕਾ, ਮੈਨੂੰ ਭੁੱਲ ਚੁੱਕਾ ਤੇ ਇਥੇ ਪਹੁੰਚ ਗਿਆ ਏਂ ਕਿ ਮੈਨੂੰ ਪੂਰੀ ਤਰ੍ਹਾਂ ਉਡਾਉਣ ਲਈ ਹਰ ਤਰ੍ਹਾਂ ਦੇ ਬੰਬ ਤਿਆਰ ਕਰੀ ਬੈਠਾਂ। ਨਾਲੇ ਮਾਂ ਆਖਦਾ ਏਂ ਮੈਨੂੰ ਤੇ ਨਾਲੇ ਮੇਰੀਆਂ ਬੋਦੀਆਂ ਖੋਹਨਾ। ਦੱਸ ਕੀ ਲੱਗਦਾਂ ਏਂ ਤੂੰ ਮੇਰਾ?

ਇਹ ਈ ਤੇਰੀ ਅਸਲ ਤਸਵੀਰ। ਬਣਾ ਲੈ ਏਹਨੂੰ ਬੁਰਸ਼



Namdhari Elibrary NamdhariElibrary@gmail.com

ਲੈ ਕੇ, ਵੱਡਾ ਕਲਾਕਾਰ ਬਣਿਆ ਫਿਰਦਾਂ। ਖਾਲੀ ਨੈਣ ਨਕਸ਼ਾਂ ਨੂੰ ਫੋਟੋਆਂ ਸਮਝਦਾ ਫਿਰਦਾਂ!

ਓ ਯੱਬਲਾ, ਤਸਵੀਰ ਨੱਕ ਮੂੰਹ ਦੀਆਂ ਲਕੀਰਾਂ ਨੂੰ ਨਹੀਂ ਕਹਿੰਦੇ। ਇਹ ਲਕੀਰ ਤਾਂ ਬਾਹਰਲੀ ਸ਼ਕਲ ਹੁੰਦੀ। ਇਹ ਸਮਾਂ ਪਾ ਕੇ ਬਦਲ ਜਾਂਦੀ। ਪਰ ਤਸਵੀਰ ਵਿਚ ਤਾਂ ਅੰਦਰੂਨੀ ਰੂਹ ਆਤਮਾ ਵੀ ਪਾਉਣੀ ਪੈਂਦੀ, ਜੋ ਕਾਰਗੁਜ਼ਾਰੀ 'ਚੋਂ ਬਣਦੀ। ਜੋ ਕਦੀ ਬਦਲਦੀ ਨਹੀਂ।

ਕਾਰਗੁਜ਼ਾਰੀ ਵੀ ਇਕੱਲੇ ਆਪਣੇ ਵਾਸਤੇ ਕੀਤੇ ਕੰਮਾਂ ਧੰਦਿਆਂ ਨੂੰ ਨਹੀਂ ਕਹਿੰਦੇ ਸਗੋਂ ਇਹ ਹੁੰਦੀ ਉਹ ਘਾਲਣਾ, ਜਿਸਦਾ ਦੂਜਿਆਂ ਲਈ ਵੀ ਕੋਈ ਮਾਇਨਾ ਹੋਵੇ। ਜਿਸ ਨਾਲ ਹੋਰ ਕਿਸੇ ਨੂੰ ਆਂਚ ਨਾ ਆਈ ਹੋਵੇ। ਮਤਲਬ ਬਈ ਆਪਣੇ ਬਲਬੂਤੇ ਉੱਚਾ ਉੱਠਣਾ। ਕਿਸੇ ਦੇ ਸਿਰ ਉਤੇ ਪੈਰ ਰੱਖ ਕੇ ਉੱਚਾ ਦਿੱਸਣਾ ਨਹੀਂ।" ਧਰਤੀ ਨੇ ਇਕ ਤਰ੍ਹਾਂ ਪੜਚੋਲਵੀਂ ਤੇ ਨਸੀਹਤ ਵਰਗੀ ਗੱਲ ਕੀਤੀ। ਤੇ ਬੰਦਾ ਗੋਡਿਆਂ ਭਾਰ ਹੋ ਕੇ ਹੱਥ ਜੋੜ ਕੇ ਬਹਿ ਗਿਆ।

"ਹੇ ਜਨਨੀਆਂ ਦੀ ਜਨਨੀ-ਇਸ ਲਿਹਾਜ਼ ਨਾਲ ਤਾਂ ਮੇਰੀ ਆਪਣੀ ਇਹ ਤਸਵੀਰ ਬਣਾਉਣਯੋ ਹੈ ਈ ਨਹੀਂ। ਕੀ ਮੈਂ ਕਦੀ ਸੋਹਣੀ ਤਸਵੀਰ ਬਣਨ ਦੇ ਕਾਬਲ ਹੋ ਸਕਾਂਗਾ?"

"ਹਾਂ, ਸੂਝ, ਹਿੰਮਤ ਤੇ ਕੋਸ਼ਿਸ਼ ਨਾਲ ਤੂੰ ਜ਼ਰੂਰ ਕਾਮਯਾਬ ਹੋ ਸਕਦਾਂ।"

ਅਸ਼ੀਰਵਾਦ ਦੇਂਦਿਆਂ ਧਰਤੀ ਨੇ ਆਪਣੇ ਅਮੋੜ ਪੁੱਤਰ ਨੂੰ ਫਿਰ ਗੱਲ ਨਾਲ ਲਾਉਂਦਿਆਂ ਆਖਿਆ,

"ਮੇਰੇ ਜ਼ਿਦੇ ਪੁੱਤਾ, ਤੂੰ ਸੁਧਰ ਜਾਏਂ ਤਾਂ ਆਪਣੀ ਤਸਵੀਰ ਤਾਂ ਕੀ, ਤੂੰ ਤਾਂ ਦੂਜਿਆਂ ਦੀ ਤਕਦੀਰ ਵੀ ਬਣਾ ਸਕਦਾਂ।"

*ਮੁਖੀ, ਪੋਸਟ ਗਰੈਜੂਏਟ ਪੰਜਾਬੀ ਵਿਭਾਗ*
*ਸਰਕਾਰੀ ਕਾਲਿਜ, ਤਲਵਾੜਾ (ਜ਼ਿਲ੍ਹਾ ਹੁਸ਼ਿਆਰਪੁਰ)*
੧੫-੧੦-੦੯
surindermand@gmail.com

---

ਅੱਖੀਂ ਡਿੱਠਾ

## ਆਂਦਰਾਂ ਦਾ ਮੋਹ

*—ਸਾਧੂ ਸਿੰਘ ਕਿਸਾਨ*

ਮੁਨ੍ਹੇਰੇ ਸੈਰ ਕਰਨ ਗਿਆਂ ਦੇਖਿਆ ਟਾਹਲੀ ਦੇ ਮੁੱਢ, ਅਸਲੋਂ ਨਿੱਕੇ-ਨਿਕੇ ਚਾਰ ਪੰਜ ਕਤੂਰੇ, ਠੰਢ ਨਾਲ ਗੁੱਛਾ ਮੁੱਛਾ ਹੋਏ ਪਏ ਨੇ। ਲੱਗਦੈ ਕਿਤੋਂ ਕੋਈ ਬੇ-ਤਰਸ ਇਹਨਾਂ ਦੀ ਮਾਂ ਨਾਲੋਂ ਵਿਛੋੜ ਕੇ ਏਥੇ ਸੁੱਟ ਗਿਐ।

ਮੇਰੇ ਵਾਪਸ ਔਂਦਿਆਂ ਨੂੰ ਸੂਰਜ ਦੇ ਸੇਕ ਨਾਲ ਨਿੱਘੇ ਹੋਕੇ ਬੱਚੇ ਖੇਡ ਮੱਲ ਰਹੇ ਸਨ। ਏਹਨਾਂ ਦੀ ਮਾਂ ਕਿਤੇ ਨਜ਼ਰ ਨਾ ਆਈ। ਘਰ ਜਾ ਕੇ ਛੋਟੇ ਪੋਤੇ ਨੂੰ ਦੱਸਿਆ। ਕਹਿੰਦਾ ਚਲੋ ਓਹਨਾਂ ਨੂੰ ਰੋਟੀ ਪਾ ਕੇ ਆਵੀਏ। ਚਾਰ ਪੰਜ ਤਾਜ਼ੇ ਫੁਲਕੇ ਲੈ ਕੇ ਦੋਵੇਂ ਟਾਹਲੀ ਕੋਲ ਗਏ। ਵੇਖਿਆ, ਓਹ ਕੋਲੋਂ ਲੰਘਣ ਵਾਲੇ ਹਰ ਕਿਸੇ ਮਗਰ ਭੱਜਦੇ, ਪਰ ਟਾਹਲੀ ਤੋਂ ਦੂਰ ਨਾ ਜਾਂਦੇ। ਜਿਵੇਂ ਟਾਹਲੀ ਨੂੰ ਓਹਨਾਂ ਘਰ ਮਿੱਥ ਲਿਆ ਹੋਵੇ। ਅਸਾਂ ਵੀ ਓਥੇ ਪੰਜਾਂ ਰੋਟੀਆਂ ਦੀਆਂ ਨਿੱਕੀਆਂ, ਨਿੱਕੀਆਂ ਗ੍ਰਾਹੀਆਂ ਕਰ ਕੇ ਪਾਈਆਂ ਤਾਂ ਜਿਵੇਂ ਬੜੀ ਭੁੱਖ ਲੱਗੀ ਹੋਵੇ। ਬੜੀ ਕਾਹਲੀ ਰੋਟੀਆਂ ਚੱਟਮ ਕਰ ਗਏ। ਪੋਤੂ ਕਹਿੰਦਾ ਏਹ ਰੱਜੇ ਨਹੀਂ ਦੁੱਧ ਲਿਆ ਕੇ ਪਾਈਏ।

ਬੱਚੇ ਨੂੰ ਜਿਵੇਂ ਖੇਡ ਲੱਭ ਗਈ। ਝੱਟ ਪਿੱਛੋਂ ਆਂਹਦਾ-ਚਲੋ! ਹੁਣ ਤੇ ਬੜਾ ਚਿਰ ਹੋ ਗਿਐ। ਸੇਰ ਕੁ ਦੁੱਧ ਲੈ ਕੇ ਇਕ ਬੱਬਰ ਜਹੇ ਵਿਚ ਥੋੜਾ, ਥੋੜਾ ਕਰਕੇ ਪਾਂਦੇ ਰਹੇ, ਸਾਰਾ ਪੀ ਗਏ। ਪੋਤਾ ਕਹਿੰਦਾ ਘਰੇ ਲੈ ਚੱਲੀਏ। ਏਥੇ ਕਿਸੇ ਗੱਡੀ ਹੇਠ ਆ ਕੇ ਮਰ ਜਾਣਗੇ। ਮੈਂ ਕਿਹਾ ਕਿ ਦੋ ਹੁੰਦੇ ਤਾਂ ਲੈ ਜਾਂਦੇ ਏਹ ਤਾਂ ਪੰਜ ਨੇ ਘਰੇ ਬੜਾ ਗੰਦ ਪਾਣਗੇ। ਨਾਲ ਅਸਾਂ ਕਦੇ ਕੁੱਤਾ ਰੱਖਿਆ ਈ ਨਹੀਂ।

ਪੋਤਾ ਦੋਏ ਵੇਲੇ ਪੰਜ ਰੋਟੀਆਂ ਪਾ ਔਂਦਾ, ਨਾਲੇ ਖੇਡ ਔਂਦਾ। ਕਈ ਹੋਰ ਵੀ ਰੋਟੀਆਂ ਪਾ ਜਾਂਦੇ। ਪਰ ਓਹ ਟਾਹਲੀ ਮੁਢੋਂ ਦੂਰ ਨਾ ਜਾਂਦੇ। ਦੋ ਡੱਬ ਖੱੜਬੇ, ਇਕ ਚਿੱਟਾ, ਇਕ ਭੂਸਲਾ, ਇਕ ਗੂੜ੍ਹਾ ਕਾਲਾ। ਵਾਹਵਾ ਤਗੜੇ ਹੋ ਗਏ। ਆਪਸ ਵਿੱਚ ਦੋ ਜੁੱਟ ਬਣ ਗਏ। ਦੋ ਡੱਬੇ ਇੱਕ ਪਾਸੇ ਕਾਲਾ ਚਿੱਟਾ ਇਕ ਪਾਸੇ ਭੂਸਲਾ ਸਾਰਿਆਂ ਦੇ ਨਾਲ ਖਾਂਦਾ ਪੀਂਦਾ। ਵਾਹਵਾ ਤਗੜਾ ਹੋ ਗਿਆ। ਜਿਨੂੰ ਜੀ ਕਰਦਾ ਮਧੋਲ ਦੇਂਦਾ। ਆਪਸ ਵਿੱਚ ਬੜੀਆਂ ਖੇਡਾਂ ਕਰਦੇ ਲੜਦੇ ਝਗੜਦੇ ਫਿਰ ਖੇਡਣ ਲੱਗ ਪੈਂਦੇ। ਰਾਹੀਂ ਪਾਂਧੀ ਏਹਨਾਂ ਦੀਆਂ ਖੇਡਾਂ ਵੇਖਣ ਖਲੋ ਜਾਂਦੇ।

ਇੱਕ ਦਿਨ ਸਾਝਰੇ ਵੇਖਿਆ, ਚਿੱਟਾ ਕਤੂਰਾ ਕਿਸੇ ਗੱਡੀ ਹੇਠ ਆ ਕੇ ਅਸਲੋਂ ਫਿੱਸ ਗਿਆ। ਸਿਰ-ਮੂੰਹ ਪੇਟ ਲੱਤਾਂ ਕਚੂਮਰ ਨਿਕਲ ਗਿਆ। ਸੜਕ ਦੇ ਵਿਚਕਾਰ-ਜਿੱਥੇ ਓਹ ਮਰਿਆ ਪਿਆ ਸੀ। ਚਾਰੇ ਓਹਦੇ ਚੁਫੇਰੇ ਬੜੀ ਮਾਤਮੀ ਸ਼ਕਲ ਵਿਚ ਬੈਠੇ ਹੋਏ ਸਨ। ਕੋਲੋਂ ਲੰਘਦੀਆਂ ਸਵਾਰੀਆਂ ਤੋਂ ਡਰ ਕੇ ਪਾਸੇ ਨਹੀਂ ਸਨ ਹੋ ਰਹੇ। ਮੈਂ ਘਰੋਂ ਕਹੀ ਲਿਆ ਕੇ ਓਹਨੂੰ ਇਕ ਪਾਸੇ ਕੀਤਾ। ਚਾਰੇ ਓਥੇ ਜਾ ਬੈਠੇ। ਜਦੋਂ ਰੋਟੀਆਂ ਲਿਆ ਕੇ ਪਾਈਆਂ ਇੰਜ ਲੱਗੇ ਜਿਵੇਂ ਖਾਣ ਤੇ ਜੀ ਨਾ ਕਰਦਾ ਹੋਵੇ। ਖੇਡ ਮੱਲ ਵਿੱਚ ਵੀ ਪਹਿਲੀ ਫੁਰਤੀ ਨਾ ਰਹੀ। ਥੋੜ੍ਹੀ ਦੂਰ ਜਾ ਕੇ ਫਿਰ ਓਥੇ ਆ ਰਹਿਣ। ਓਹਨਾਂ ਦੀ ਇਹ ਮਾਤਮ ਪੁਰਸੀ ਚਰਚਾ ਦਾ ਵਿਸ਼ਾ ਬਣ ਗਈ। ਤੀਜੇ ਦਿਨ ਚੋਹਾਂ ਚੋਂ ਓਥੇ ਕੋਈ ਨਹੀਂ ਸੀ।



NamdhariElibrary NamdhariElibrary@gmail.com

### ਮਹਾਰਾਣੀ ਜਿੰਦਾਂ, ਦੀਵਾਨ ਮੂਲ ਰਾਜ ਅਤੇ ਕੂਕਿਆਂ ਦਾ ਯੁੱਧ ਸਾਥੀ

# ਦੀਵਾਨ ਬੂਟਾ ਸਿੰਘ ਲਾਹੌਰ

*—ਸੁਵਰਨ ਸਿੰਘ ਵਿਰਕ*

ਸਤਿਗੁਰੂ ਰਾਮ ਸਿੰਘ ਜੀ ਨੂੰ ਬਸਤੀਵਾਦੀ ਹਾਕਮਾਂ ਵਿਰੁੱਧ, ਆਪਣੇ ਲੋਕਾਂ ਦੀ ਵਿਸ਼ਾਲ ਲਾਮਬੰਦੀ ਵਾਸਤੇ, ਕੋਈ ਜ਼ਿਆਦਾ ਵਕਤ ਨਹੀਂ ਲੱਭਾ। ਉਹਨਾਂ ਨੇ ਬੇਸ਼ਕ ਆਪਣੀ ਲਹਿਰ ਵੈਸਾਖੀ ੧੯੧੪ ਬਿਕਰਮੀ (੧੨ ਅਪ੍ਰੈਲ ੧੮੫੭) ਤੋਂ ਸ਼ੁਰੂ ਕੀਤੀ, ਪ੍ਰੰਤੂ ਇਸ ਨੂੰ ਵਿਆਪਕ ਰੂਪ ਦੇਣ ਵਾਲਾ ਵਰ੍ਹਾ ੧੮੬੩ ਈ. ਵਾਲਾ ਹੈ, ਜੋ ਪੰਜਾਬ ਦੇ ਇਤਿਹਾਸ ਵਿਚ ਇਕ ਮਹੱਤਵਪੂਰਨ ਵਰ੍ਹਾ ਹੈ। ੧੮੬੨ ਈ. ਦੀ ਦੀਵਾਲੀ ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਪੁਜਾਰੀਆਂ ਨੇ, ਸਤਿਗੁਰੂ ਰਾਮ ਸਿੰਘ ਜੀ ਦੀ ਸੰਗਤ ਸਮੇਤ ਪਹੁੰਚਣ ਤੇ ਅਰਦਾਸ ਨਾ ਕਰਕੇ, ਆਪ ਨੂੰ ਸਿੱਖੀ ਜੀਵਨ ਵਿਚ ਆਏ ਘੋਰ ਨਿਘਾਰ ਨੂੰ ਪਰਖਣ ਅਤੇ ਉਸਨੂੰ ਦੂਰ ਕਰਨ ਦੇ ਉਪਾਵਾਂ ਬਾਰੇ ਸੋਚਣ ਲਈ ਮਜਬੂਰ ਕੀਤਾ। ਜੂਨ ੧੮੬੩ ਬੀਬੀਆਂ ਨੂੰ ਅੰਮ੍ਰਿਤ ਛਕਾਉਣ ਅਤੇ ਅਨੰਦ ਮਰਿਆਦਾ ਲਾਗੂ ਕਰਵਾਉਣ ਸਦਕਾ ਪਹਿਲਾਂ ਸਿੱਖ ਪੁਜਾਰੀਆਂ ਵਲੋਂ ਉਹਨਾਂ ਦਾ ਵਿਰੋਧ ਅਤੇ ਹੁਣ ਬ੍ਰਾਹਮਣੀ ਭਾਈਚਾਰੇ ਦੇ ਹਾਲ ਪਾਹਰਿਆ ਕਰਨ ਕਰਕੇ, ਸਤਿਗੁਰੂ ਜੀ ਤੇ ਸੁਤੰਤਰਤਾ ਪੂਰਵਕ ਵਿਚਰਨ ਤੇ ਰੋਕਾਂ ਲਾ ਦਿੱਤੀਆਂ। ਇਸੇ ਵਰ੍ਹੇ ਹੀ ਅਗਸਤ ਵਿਚ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਵਿਧਵਾ ਮਹਾਰਾਣੀ ਜਿੰਦਾਂ ਦਾ ਇੰਗਲੈਂਡ ਵਿਚ ਦੇਹਾਂਤ ਹੋ ਗਿਆ। ਉਸ ਦੇ ਪੁੱਤਰ, ਮਹਾਰਾਜਾ ਦਲੀਪ ਸਿੰਘ ਨੇ ਆਪਣੀ ਮਾਤਾ ਦੀ ਅੰਤਿਮ ਇੱਛਿਆ ਨੂੰ ਪੂਰਾ ਕਰਨ ਲਈ, ਉਸ ਦਾ ਸਸਕਾਰ ਵੀ ਲਾਹੌਰ ਵਿਖੇ ਕਰਨ ਦੀ ਇੰਗਲਿਸਤਾਨ ਦੀ ਸਰਕਾਰ ਤੋਂ ਆਗਿਆ ਲਈ। ਆਪਣੇ ਸੁਰਗਵਾਸੀ ਮਹਾਰਾਜੇ ਪ੍ਰਤੀ ਆਦਰ ਭਾਵ ਹੇਠ ਪੰਜਾਬੀ ਭਾਈਚਾਰਾ ਖਾਸ ਕਰ ਸਿੱਖ ਵੱਲੋਂ ਉਸ ਦਿਨ ਦੀ ਤੀਬਰਤਾ ਨਾਲ ਉਡੀਕ ਕਰ ਰਹੀ ਸੀ, ਜਦ ਮਹਾਰਾਣੀ ਦੀ ਦਿਹ ਲੈ ਕੇ ਦਲੀਪ ਸਿੰਘ ਲਾਹੌਰ ਪਹੁੰਚੇਗਾ। ਕਾਂ ਦੀ ਅੱਖ ਵਰਗੇ ਚਾਲਾਕ ਅੰਗਰੇਜ਼ ਹੁਕਮਰਾਨਾਂ ਨੇ, ਦਲੀਪ ਸਿੰਘ ਦੀ ਗ਼ਦਰ 'ਤੋਂ ਸਿਰਫ ਪੰਜ ਕੁ ਸਾਲ ਬਾਦ, ਪੰਜਾਬ ਫੇਰੀ ਆਪਣੇ ਲਈ ਹਾਨੀਕਾਰਕ ਸਮਝੀ। ਖਾਸ ਕਰਕੇ ਉਦੋਂ, ਜਦੋਂ ਪੰਜਾਬ ਵਿਚ ਨਾਮਧਾਰੀ ਸਿੱਖਾਂ ਦੇ ਮੁਖੀ ਦੀ ਆਪਣੇ ਪ੍ਰਤੀ ਪਾਲਸੀ ਤੋਂ ਉਹ ਭੈਭੀਤ ਸਨ। ਇਸ ਲਈ ਮਹਾਰਾਜਾ ਨੂੰ ਲਾਹੌਰ ਪੁੱਜਣ ਦੇਣ ਦੀ ਬਜਾਏ, ਅਕਤੂਬਰ ੧੮੬੩ ਵਿਚ ਜਦੋਂ ਉਹ, ਬੰਬਈ ਪੁੱਜਾ, ਗੋਦਵਾਰੀ ਨਦੀ ਦੇ ਕੰਢੇ ਹੀ ਰਾਜ ਮਾਤਾ ਦਾ ਸਸਕਾਰ ਹੋਣ ਤੋਂ ਬਾਅਦ, ਉਸ ਨੂੰ ਬੰਬਈ ਤੋਂ ਵਾਪਸ ਵਲਇਤ ਤੋਰ ਦਿੱਤਾ। ਇਸ ਘਟਨਾ ਨਾਲ ਪੰਜਾਬ ਵਿਚ ਮਾਯੂਸੀ ਅਤੇ ਬੇਚੈਨੀ ਤੇ ਗੁੱਸੇ ਦੀ ਛਟਪਟਾਹਟ ਮਹਿਸੂਸ ਹੋਣ ਲੱਗੀ। ਸਤਿਗੁਰੂ ਰਾਮ ਸਿੰਘ ਨੇ ਵੀ ਲੋਕਾਂ ਦੀ ਇਸ ਮਨੋਦਸ਼ਾ ਬਾਰੇ ਹੋਰ ਗਹਿਰਾਈ ਨਾਲ ਸੋਚਣਾ ਸ਼ੁਰੂ ਕੀਤਾ।[1]



ਸਤਿਗੁਰੂ ਜੀ ਨੇ ਸਿੱਖ ਜੀਵਨ ਦਰਸ਼ਨ ਤੋਂ ਜਾਣੂ ਕਰਵਾਉਣ ਲਈ ਆਪਣੇ ਲੋਕਾਂ ਅਤੇ ਹੋਰ ਸੰਗਤਾਂ ਨੂੰ ਵੀ ਗੁਰਬਾਣੀ ਨਾਲ ਜੋੜਨ ਲਈ, ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦਾ ਛਾਪੇਖਾਨੇ ਵਿਚ ਛਪਾਈ ਦਾ ਕੰਮ ਅਰੰਭਿਆ। ਲਾਹੌਰ ਵਿਚ ਆਫਤਾਬ-ਇ-ਪੰਜਾਬ" ਨਾਂ ਦਾ ਪਰੈਸ, ੧੮੬੬ ਈ. ਵਿਚ ਇੱਕ ਬੂਟਾ ਸਿੰਘ ਨਾਮੇ, ਪ੍ਰਸਿੱਧ ਵਿਅਕਤੀ ਨੇ ਸ਼ੁਰੂ ਕੀਤਾ ਸੀ। ਸਤਿਗੁਰੂ ਰਾਮ ਸਿੰਘ ਜੀ ਨੇ, ਉਸ ਤੋਂ ਪੱਥਰ ਦੇ ਛਾਪੇ ਦੀਆਂ ਪਹਿਲੀਆਂ ਬੀੜਾਂ ਛਪਵਾਈਆਂ। ਇਹਨਾਂ ਬੀੜਾਂ ਦੀ ਚੌੜਾਈ ਘੱਟ ਅਤੇ ਲੰਬਾਈ ਜ਼ਿਆਦਾ ਸੀ, ਜੋ ਪ੍ਰਕਾਸ਼ ਕਰਨ ਵਿਚ ਦਿੱਕਤ ਆਉਂਦੀ ਸੀ। ਫਿਰ ਆਪ ਨੇ ਚੌੜੀ ਤਖਤੀ ਕਰਵਾਕੇ, ਦੁਬਾਰਾ ਉਹ ਬੀੜਾਂ ਛਪਵਾਈਆਂ, ਜਿਹਨਾਂ ਦਾ ਪ੍ਰਕਾਸ਼ ਆਸਾਨੀ ਨਾਲ ਹੋ ਜਾਂਦਾ ਸੀ। ਛਪਾਈ ਵਾਸਤੇ ਬੂਟਾ ਸਿੰਘ ਨੂੰ ਜੋ ਮਾਇਆ ਭੇਟੀ ਸਾਹਿਬੋਂ ਗੁਰੂ ਕੇ ਖਜ਼ਾਨੇ ਵਿਚੋਂ ਦਿੱਤੀ ਗਈ, ਸਤਿਗੁਰੂ ਜੀ ਦੀਆਂ ਪੁਰਾਣੀਆਂ ਵਹੀਆਂ ਵਿਚ ਇਸ ਪ੍ਰਥਾਇ ਅੰਦਰਾਜ ਵੀ ਮਿਲਦੇ ਹਨ। ਸਤਿਗੁਰੂ ਜੀ ਨੇ ਬੂਟਾ ਸਿੰਘ ਨਾਲ ਗੁਰਬਾਣੀ ਗੁਟਕਿਆਂ ਅਤੇ ਬੀੜਾਂ ਦੀ ਛਪਾਈ ਦਾ ਸਬੰਧ ਸਹਿਵਨ ਨਹੀਂ ਜੋੜਿਆ ਸੀ। ਇਹ ਸ. ਬੂਟਾ ਸਿੰਘ ਨਾਮਧਾਰੀ ਪੰਥ ਦਾ ਲਾਹੌਰ ਵਿਚ ਉੱਘਾ ਰੁਕਨ ਸੀ।



Namdhari Elibrary NamdhariElibrary@gmail.com

ਸ. ਬੂਟਾ ਸਿੰਘ ਇਕ ਇਤਿਹਾਸਕ ਵਿਅਕਤੀ ਸੀ, ਜਿਸ ਦੀਆਂ ਗਤੀਵਿਧੀਆਂ ਨੇ ਅੰਗਰੇਜ਼ ਸਰਕਾਰ ਵਾਸਤੇ ਲਗਾਤਾਰ ਸਿਰ ਦਰਦੀ ਬਣਾਈ ਰੱਖੀ। ਇਹ ਮਹਾਰਾਜਾ ਰਣਜੀਤ ਸਿੰਘ ਦੇ ਜਾਂ ਉਸ ਦੇ ਵਾਰਿਸਾਂ ਦੇ ਰਾਜ ਕਾਜ ਸਮੇਂ, ਇਕ ਉੱਘੇ ਦਰਬਾਰੀ ਸਨ। ਇਹਨਾਂ ਦਾ ਸਬੰਧ ਸ਼ਹਿਰ ਲਾਹੌਰ ਨਾਲ ਹੀ ਸੀ। ਪਿਤਾ ਦਾ ਨਾਮ ਸ. ਗੁਰਦਿਆਲ ਸਿੰਘ ਸੀ। ਸਰਕਾਰੀ ਲਿਸਟ ਮਹੱਤਵਪੂਰਨ ਕੂਕਿਆਂ ਵਾਲੀ ਜੋ ੧੮੮੧ ਜਨਵਰੀ ਦੀ ਹੈ, ਵਿਚ ਉਮਰ ੫੫ ਸਾਲ ਲਿਖੀ ਹੈ। ਇਸ ਹਿਸਾਬ ਉਸ ਦਾ ਜਨਮ ੧੮੨੬ ਈ. ਬਣਦਾ ਹੈ। ਰੀਕਾਰਡ ਉਸਨੂੰ ਮਹਾਰਾਣੀ ਜਿੰਦਾ ਦੀ ਸੇਵਾ ਵਿਚ ਰਹਿਣ ਵਾਲਾ ਅਤੇ ਫਿਰ ਉਸ ਦਾ ਦੀਵਾਨ ਥਾਪਿਆ ਗਿਆ ਲਿਖਦਾ ਹੈ। ਮਹਾਰਾਣੀ ਜਿੰਦਾਂ ਦਾ ਦੀਵਾਨ, ਲਾਜ਼ਮੀ ੧੮੪੫ ਜਾਂ ਇਸ ਤੋਂ ਰਤਾ ਪਹਿਲਾਂ ਬਣਾਇਆ ਹੋਵੇਗਾ। ਪਰ ੧੮-੧੯ ਸਾਲ ਦੀ ਉਮਰ ਦੇ, ਕਿਸੇ ਯੁਵਕ ਦੀ ਅਜੇਹੀ ਜ਼ਿੰਮੇਵਾਰੀ ਵਾਲੇ ਔਹਦੇ ਤੇ ਨਿਯੁਕਤੀ ਸੰਭਵ ਨਹੀਂ। ਇਸ ਲਈ ਦੀਵਾਨ ਬਣਾਏ ਜਾਣ ਸਮੇਂ ਘੱਟ ਘੱਟ ੩੦ ਸਾਲ ਦੇ ਜ਼ਰੂਰ ਹੋਣਗੇ। ਇਸ ਤਰ੍ਹਾਂ ਦੀਵਾਨ ਸਾਹਿਬ ਦਾ ਜਨਮ ਵਰ੍ਹਾ ੧੮੧੫-੧੬ ਹੀ ਬਣੇਗਾ।

ਦੀਵਾਨ ਬੂਟਾ ਸਿੰਘ ਦਾ ਰਹਿਣ ਸਹਿਣ, ਉਸ ਸਮੇਂ ਦੇ ਅਭਿਜਾਤ ਵਰਗ ਦੇ ਲੋਕਾਂ ਜਿਹਾ ਸੀ। ਭਾਈ ਸਰਦੂਲ ਸਿੰਘ ਕਵੀਸ਼ਰ, "ਇਕ ਸਿੱਖ ਸਰਦਾਰ ਦੀ ਬਸਤਨੀ" ਨਾਮੇ ਲੇਖ ਵਿਚ, ਉਹਨਾਂ ਦੁਆਰਾ ਪਹਿਨੇ ਜਾਣ ਵਾਲੇ ਭਿੰਨ-ਭਿੰਨ ਰੰਗਾਂ ਦੇ ਵਾਸਤਰਾਂ ਦਾ ਜ਼ਿਕਰ ਕਰਦੇ ਹਨ। ਬਸਤਨੀ, ਬਸਤਰ ਰੱਖਣ ਦੀ ਜਗ੍ਹਾ ਜਾਂ ਵਾਰਡ ਰੋਬ ਨੂੰ ਕਹਿੰਦੇ ਹਨ। ਇਸ ਵਿਚ ਉਹਨਾਂ ਦੁਆਰਾ ਪਹਿਣੇ ਜਾਣ ਵਾਲੇ ਜਾਂ ਵਰਤੋਂ ਵਿਚ ਲਿਆਉਣ ਵਾਲੇ ੩੫ ਕਿਸਮਾਂ ਦੇ ਬਸਤਰਾਂ ਦੀ ਗਿਣਤੀ ਹੈ। ਫਿਰ ਇਕ- ਇਕ ਕਿਸਮ ਦੇ ਕਈ-ਕਈ ਰੰਗਾਂ ਦੇ ਅਨੇਕ ਨਗ ਹਨ। ਅਸੀਂ ਸਿਰਫ ਉਨ੍ਹਾਂ ਦੁਆਰਾ ਦਿਤੇ ਚੋਗਿਆਂ ਅਤੇ ਕੁੜਤਿਆਂ ਦੀਆਂ ਕਿਸਮਾਂ ਤੇ ਰੰਗਾਂ ਦਾ ਵੇਰਵਾ ਦਿੰਦੇ ਹਾਂ।

੧) ਚੋਗੇ ੭. ਪਸ਼ਮੀਨੇ ਦੇ ੪. ਅਤੇ ਬਨਾਤੀ ੩ : ਨਾਫ਼ਰਮਾਨੀ ੧, ਸੁਰਖ਼ ੧, ਜ਼ਾਫਰਾਨੀ ੧, ਸਫੈਦ ੧, ਕਿਰਮਚੀ ੧, ਗੁਲਾਬੀ ੧, ਸੰਦਲੀ ੧ (ਕਿਆ ਸੋਹਣੀ ਰੰਗਾਂ ਦੀ ਵੰਡ ਹੈ ਤੇ ਕੱਪੜਾ ਕਿਤਨਾ ਮਜ਼ਬੂਤ ਹੈ)

੨) ਕੁੜਤੇ ੫ : ਅਤਲਸ ਦਾ ੧, ਪਸ਼ਮੀਨੇ ਦਾ ੧, ਨਾਫ਼ਰਮਾਨੀ ੩, ਖਾਸੇ ਦੇ ਬਸੰਤੀ ਅੰਦਰਸ ਸਣੇ। ਕਹੇ ਸੋਹਣੇ ਕੁੜਤੇ ਹਨ। ਅੱਜ ਕੱਲ੍ਹ ਦੇ ਧਾਰੀਦਾਰ ਕਰੇਬ ਅਤੇ ਬੋਸਕੀ ਦੇ ਕਮੀਜ਼ ਏਨ੍ਹਾਂ ਕੁੜਤਿਆਂ ਦਾ ਕੀ ਮੁਜਬਲਾ ਕਰ ਸਕਦੇ ਹਨ। (ਕਵੀਸ਼ਰ)

ਇਸ ਤੋਂ ਪਹਿਲਾਂ ਕਵੀਸ਼ਰ ਜੀ ਦੱਸਦੇ ਹਨ, "ਹੇਠਾਂ ਮੈਂ ਇਕ ਫ਼ਹਿਰਿਸਤ ਇਕ ਸਿੱਖ ਸਰਦਾਰ ਦੀ ਬਸਤਨੀ ਅਥਵਾ ਵਾਰਡ ਰੋਬ ਦੀ ਦਿੰਦਾ ਹਾਂ। ਇਸ ਤੋਂ ਪਤਾ ਲੱਗ ਜਾਵੇਗਾ ਕਿ ਸਿੱਖ ਸਰਦਾਰ ਸ਼ੁਕੀਨੀ ਵਿਚ ਅੱਜ ਕੱਲ੍ਹ ਦੇ ਜਵਾਨਾਂ ਨਾਲੋਂ ਘੱਟ ਨਹੀਂ ਸਨ, ਪਰ ਇਹ ਸਭ ਸ਼ੁਕੀਨੀ ਦੇਸੀ ਫੈਸ਼ਨ ਤੇ ਸੁਦੇਸ਼ੀ ਕੱਪੜਿਆਂ ਨਾਲ ਸੀ। ਕੋਈ ਬਦੇਸ਼ੀ ਚੀਜ਼ ਉਨ੍ਹਾਂ ਦੇ ਨੇੜੇ ਵੀ ਨਹੀਂ ਆਉਂਦੀ ਸੀ।[2]

ਕਵੀਸ਼ਰ ਜੀ ਦੇ ਉਪਰੋਕਤ ਲੇਖ ਵਿਚ ਜੋ, ੧੯੩੦ ਵਿਚ ਪਹਿਲੀ ਵੇਰ 'ਫੁਲਵਾੜੀ' ਮਾਸਿਕ ਪੱਤਰ ਦੇ 'ਇਤਿਹਾਸ ਅੰਕ" ਵਿਚ ਛਪਿਆ ਸੀ ਅਤੇ ਫਿਰ ਪੁਸਤਕ ਰੂਪ ਵਿਚ ਇਹ ਲੇਖ ਛਾਪੇ ਗਏ, ਦੀਵਾਨ ਬੂਟਾ ਸਿੰਘ ਬਾਰੇ ਕੁਝ ਹੋਰ ਅਹਿਮ ਜਾਣਕਾਰੀ ਵੀ ਮਿਲਦੀ ਹੈ : "ਦੀਵਾਨ ਸਾਹਿਬ ਰਾਜਾ ਜਵਾਹਰ ਸਿੰਘ ਜੀ, ਮਹਾਰਾਣੀ ਜਿੰਦਾਂ ਦੇ ਭਰਾ ਦੀ ਮੁੱਛ ਦਾ ਵਾਲ ਸਨ। ਜਦ ਰਾਜਾ ਜਵਾਹਰ ਸਿੰਘ, ਰਾਜਾ ਹੀਰਾ ਸਿੰਘ ਤੇ ਜੱਲੇ ਮਿਸਰ ਦੇ ਕਤਲ ਪਿਛੋਂ, ਲਾਹੌਰ ਦਰਬਾਰ ਦਾ ਵਜ਼ੀਰ ਥਾਪਿਆ ਗਿਆ ਤਾਂ ਸਰਦਾਰ ਬੂਟਾ ਸਿੰਘ ਜੀ ਨੂੰ ਦੀਵਾਨੀ ਪ੍ਰਾਪਤ ਹੋਈ। ਦੀਵਾਨ ਸਾਹਿਬ ਤੇ ਰਾਜਾ ਸਾਹਿਬ ਤਕਰੀਬਨ ਹਰ ਵੇਲੇ ਇੱਕਠੇ ਰਹਿੰਦੇ ਸਨ। ਜਿਸ ਦਿਨ ਰਾਜਾ ਜਵਾਹਰ ਸਿੰਘ ਨੂੰ ਖਾਲਸਾ ਫੌਜ ਦੇ ਪੰਚਾਂ ਨੇ ਕਤਲ ਕੀਤਾ, ਉਸ ਤੋਂ ਕੁਝ ਚਿਰ ਪਹਿਲੇ ਦੀਵਾਨ ਸਾਹਿਬ, ਰਾਜਾ ਸਾਹਿਬ ਦੇ ਨਾਲ ਹਾਥੀ 'ਤੇ ਸਵਾਰ ਸਨ। ਆਪਣੀ ਰੋਜ਼ ਦੀ ਆਦਤ ਅਨੁਸਾਰ ਜਦ ਰਾਜਾ ਸਾਹਿਬ ਦਾ ਹਾਥੀ ਫੌਜ ਵੱਲ ਜਾਂਦਿਆਂ, ਸ਼ਹੀਦ ਗੰਜ ਕੋਲੋਂ ਦੀ ਲੰਘਿਆਂ ਤਾਂ ਦੀਵਾਨ ਸਾਹਿਬ ਇਕ ਮਸਤ ਨੂੰ, ਜਿਹੜਾ ਨੇੜੇ ਹੀ ਰਹਿੰਦਾ ਸੀ, ਮੱਥਾ ਟੇਕਣ ਚਲੇ ਗਏ। ਜਦ ਮੱਥਾ ਟੇਕ ਕੇ ਆਉਣ ਲੱਗੇ ਤਾਂ ਮਸਤ ਨੇ ਆਉਣ ਨਾ ਦਿਤਾ ਤੇ ਕਿਹਾ, ਅੱਜ ਉਪੱਦਰਵ ਹੋਣ ਵਾਲਾ ਹੈ, ਤੂੰ ਇਸ ਥਾਂ ਹੀ ਬੈਠਾ ਰਹੁ। ਦੀਵਾਨ ਜੀ ਅਜੇ ਉਠ ਬੈਠ ਹੀ ਕਰਦੇ ਸਨ ਕਿ ਖ਼ਬਰ ਆਈ ਕਿ ਰਾਜਾ ਜਵਾਹਰ ਸਿੰਘ ਮਾਰਿਆ ਗਿਆ ਹੈ।

"ਦੀਵਾਨ ਸਾਹਿਬ ਬੜੇ ਇਲਮ-ਦੋਸਤ ਸਨ ਤੇ ਅੰਗਰੇਜ਼ਾਂ ਵੇਲੇ ਆਪਣਾ ਸ਼ੌਕ ਪੂਰਾ ਕਰਨ ਵਾਸਤੇ, ਇਕ ਛਾਪਾ ਖਾਨਾ ਵੀ ਜਾਰੀ ਕੀਤਾ ਤੇ ਬਹੁਤ ਸਾਰੀਆਂ ਉਰਦੂ ਗੁਰਮੁਖੀ ਕਿਤਾਬਾਂ ਛਾਪੀਆਂ। ਆਪ ਦੇ ਘਰ ਅਜੇ ਵੀ ਬਹੁਤ ਸਾਰੇ ਪੁਰਾਣੇ ਕਾਗਜ਼ ਪਏ ਹਨ, ਪਰ ਔਲਾਦ ਦੀ ਅਨਗਹਿਲੀ ਕਰਕੇ ਇਨ੍ਹਾਂ ਕਾਗਜ਼ਾਂ ਦੀ ਕੋਈ ਪੁੱਛ-ਪੜਤਾਲ ਨਹੀਂ। ਕੁਝ



Namdhari Elibrary NamdhariElibrary@gmail.com

ਦਿਨ ਹੋਏ, ਇਸ ਖਾਨਦਾਨ ਦੇ ਇਕ ਨੌਜਵਾਨ ਨੇ ਕੁਝ ਕਾਗਜ਼ ਮੈਨੂੰ ਦਿੱਤੇ। ਇਹ ਬਸਤਨੀ ਦਾ ਹਿਸਾਬ ਉਨ੍ਹਾਂ ਕਾਗਜ਼ਾਂ ਵਿਚੋਂ ਦਿੱਤਾ ਜਾਂਦਾ ਹੈ। ਇਸ ਹਿਸਾਬ ਤੇ ਕੋਈ ਤਰੀਕ ਨਹੀਂ, ਪਰ ਇਕ ਨਾਲ ਦੇ ਕਾਗਜ਼ ਤੇ ੧੯੦੬ ਸੰਮਤ ਲਿਖਿਆ ਹੈ। ਤਾਂ ਤੇ ਇਹ ਬਸਤਨੀ ਸਾਨੂੰ ਅੱਜ ਤੋਂ ਕੋਈ ੮੦ ਵਰ੍ਹੇ ਪਹਿਲੇ ਦੇ ਪੰਜਾਬ ਦਾ ਫੈਸ਼ਨ ਦੱਸਦੀ ਹੈ।"[3]

ਦੀਵਾਨ ਸਾਹਿਬ ਦੇ ਚਿਹਰੇ ਮੋਹਰੇ ਤੇ ਕੱਦ ਕਾਠ ਬਾਰੇ ਕੂਕਿਆਂ ਵਾਲੀ ੧੮੮੧ ਈ. ਦੀ ਲਿਸਟ ਵਿਚ ਦਰਜ ਹੈ: "ਗੋਰਾ ਰੰਗ ਲੰਮਾ ਦਾਹੜਾ ਕੋਈ ਕੋਈ ਵਾਲ ਸਫੈਦ, ਦਰਮਿਆਨਾ ਕੱਦ, ਗੁਰਮੁੱਖੀ ਅਤੇ ਫਾਰਸੀ ਜਾਣਦਾ ਹੈ।" ਅਗਲੇ ਖਾਨੇ ਵਿਚ ਆਪ ਬਾਰੇ ਹੋਰ ਸਟੀਕ ਜਾਣਕਾਰੀ ਦਰਜ ਹੈ : "ਬੂਟਾ ਸਿੰਘ ਜ਼ਾਤ ਵਜੋਂ ਕਲਾਲ (ਆਹਲੂਵਾਲੀਆ) ਹੈ। ਉਹ ਮਹਾਰਾਜਾ ਦਲੀਪ ਸਿੰਘ ਦੀ ਮਾਤਾ (ਮਹਾਰਾਣੀ ਜਿੰਦਾਂ) ਦੀ ਸੇਵਾ ਵਿਚ ਰਿਹਾ ਹੈ ਅਤੇ ਦੀਵਾਨ ਬੂਟਾ ਸਿੰਘ ਦੇ ਤੌਰ ਤੇ ਜਾਣਿਆ ਜਾਂਦਾ ਹੈ। ਮੁਲਤਾਨ ਦੀ ਲੜਾਈ ਸਮੇਂ, ਉਹ ਬਰਿਟਿਸ਼ ਸਰਕਾਰ ਦੇ ਵਿਰੋਧੀਆਂ ਨਾਲ ਮਿਲਿਆ ਹੋਇਆ ਸੀ ਅਤੇ ਉਸਨੂੰ ਨਿਗਰਾਨੀ ਹੇਠ ਰੱਖਿਆ ਗਿਆ ਸੀ। ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਮਿਲਾਏ ਜਾਣ ਬਾਦ, ਬੂਟਾ ਸਿੰਘ ਨੂੰ ਸੱਤ ਸਾਲਾਂ ਲਈ, ਅਲਾਹਬਾਦ ਕਿਲੇ ਵਿਚ ਕੈਦ ਰੱਖਿਆ ਗਿਆ ਸੀ। ਉਸ ਉੱਤੇ ਆਮ ਲੋਕਾਂ ਨੂੰ ਅੰਗਰੇਜ਼ ਸਰਕਾਰ ਵਿਰੁੱਧ ਬਗਾਵਤ ਕਰਨ ਲਈ ਉਕਸਾਉਣ ਦਾ ਦੋਸ਼ ਸੀ। ਰਿਹਾਈ ਤੋਂ ਬਾਅਦ, (੧੮੫੬ ਈ ਵਿਚ) ਉਹ ਲਾਹੌਰ ਗਿਆ। ਜਿੱਥੇ ੧੮੬੬ ਵਿਚ ਉਸ ਨੇ ਇਕ ਪਰੈਸ 'ਅਨਵਰ-ਉਲ-ਸ਼ਮਸ' ਨਾਂ ਵਾਲੇ ਕਾਨੂੰਨੀ ਰਿਸਾਲੇ ਨੂੰ ਛਾਪਣ ਲਈ ਲਾ ਲਿਆ। ੧੮੭੨ ਵਿਚ "ਆਫਤਾਬ-ਇ-ਪੰਜਾਬ" ਨਾਮ ਦੇ ਅਖ਼ਬਾਰ ਦਾ ਪਹਿਲਾ ਅੰਕ ਛਾਪਿਆ। ਇਸੇ ਪ੍ਰੈਸ ਦੀ ਇਕ ਸ਼ਾਖਾ ਪੇਸ਼ਾਵਰ ਅਤੇ ਦੂਸਰੀ ਅਜਮੇਰ ਵਿਚ ਸੀ। ਪਹਿਲੀ ਸ਼ਾਖ ਕੁਝ ਵਰ੍ਹੇ ਪਹਿਲਾਂ ਬੰਦ ਹੋ ਗਈ, ਪਰ ਦੂਸਰੀ ਅਜੇ ਚੱਲਦੀ ਹੈ, ਤੇ "ਰਾਜਪੂਤਾਨਾ ਗਵਰਨਮੈਂਟ ਗਜ਼ਟ" ਛਾਪਦੀ ਹੈ। ਗੁਰੂ ਰਾਮ ਸਿੰਘ ਦੀ ਗਰਿਫਤਾਰੀ ਅਤੇ ਦੇਸ਼ ਨਿਕਾਲੇ ਤੋਂ ਲੈਕੇ ਬੂਟਾ ਸਿੰਘ ਖੁੱਲ੍ਹਮਖੁੱਲ੍ਹਾ ਕੂਕਪੁਣੇ ਦਾ ਇਜ਼ਹਾਰ ਨਹੀਂ ਕਰਦਾ। ਪਰ ਉਹ ਇਸ ਫਿਰਕੇ ਦਿਆਂ ਮੈਂਬਰਾਂ ਦੇ ਨਾਲ ਗੁਪਤ ਰੂਪ ਵਿਚ ਮੇਲ ਜੋਲ ਰੱਖਦਾ ਹੈ। ਉਹ ਕਾਬਲ ਵਾਲੇ ਪਾਸੇ ਦੀਆਂ ਖ਼ਬਰਾਂ, ਬਾਬਾ ਬੁੱਧ ਸਿੰਘ ਭੈਣੀ (ਲੁਧਿਆਣਾ ਜ਼ਿਲ੍ਹਾ)— (ਗੁਰੂ ਹਰੀ ਸਿੰਘ ਜੀ) ਤੱਕ ਪੁਚਾਉਣ ਲਈ ਉਸ ਨਾਲ ਆਪਣੇ ਢੰਗ ਨਾਲ, ਪੱਤਰ-ਵਿਹਾਰ ਕਰਦਾ ਹੈ। ਉਹ ਚੰਗਾ ਖਾਂਦਾ ਪੀਂਦਾ ਅਤੇ ਚੱਲਦਾ ਫਿਰਦਾ ਵਿਅਕਤੀ ਹੈ।"[4]

ਦੀਵਾਨ ਸਾਹਿਬ ਤੇ ਜਿਸ ਮੁਲਤਾਨ ਦੀ ਬਗਾਵਤ ਵਿਚ ਸਹਿਯੋਗੀ ਹੋਣ ਦਾ ਦੋਸ਼ ਲਾਇਆ ਗਿਆ, ਉਸ ਦਾ ਸੰਖੇਪ ਵੇਰਵਾ ਪਾਠਕਾਂ ਨਾਲ ਸਾਂਝਾ ਕੀਤਾ ਜਾਂਦਾ ਹੈ। ਮੁਲਤਾਨ ਦਾ ਸੂਬਾ ਮਹਾਰਾਜਾ ਰਣਜੀਤ ਸਿੰਘ ਨੇ ਸੰਨ ੧੮੧੮ ਈ. ਵਿਚ ਆਪਣੇ ਅਧੀਨ ਕਰ ਲਿਆ ਸੀ। ਲਾਹੌਰ ਦਰਬਾਰ ਵਲੋਂ ਦੀਵਾਨ ਸਾਵਣ ਮੱਲ, ਉੱਥੋਂ ਦੇ ਹੁਕਮਰਾਨ ਨਿਯੁਕਤ ਹੋਏ ਸਨ। ਮੁਲਤਾਨ ਸੂਬੇ ਦੀ ਸਾਲਾਨਾ ਆਮਦਨ ੩੫ ਲੱਖ ਰੁਪੈ ਸੀ ਜਿਸ ਵਿਚੋਂ ਅਧੀ ਰਕਮ, ਸਾਢੇ ਸਤਾਰਾਂ ਲੱਖ, ਸਾਵਣ ਮੱਲ ਲਾਹੌਰ ਭੇਜ ਦਿੰਦਾ ਸੀ। ਕੰਪਨੀ ਦੀਆਂ ਸਰਕਾਰੀ ਰੀਪੋਰਟਾਂ ਦੱਸਦੀਆਂ ਹਨ ਕਿ ਦੀਵਾਨ ਸਾਵਨ ਮੱਲ ਦੇ ਕੁਸ਼ਲ ਪਰਸ਼ਾਸਨ ਵਿਚ, ਮੁਲਤਾਨ ਦੀ ਭੌਤਿਕ ਅਤੇ ਆਰਥਿਕ ਸਥਿਤੀ ਵਿਚ ਬਹੁਤ ਉਨਤੀ ਹੋਈ। ਨਹਿਰਾਂ ਪੁੱਟੀਆਂ ਗਈਆਂ। ਬੰਜਰ ਇਲਾਕੇ ਜ਼ਰਖੇਜ਼ ਬਣੇ। ਆਸ ਪਾਸ ਦੇ ਇਲਾਕਿਆਂ ਤੋਂ ਅਨੇਕ ਲੋਕ ਆ ਕੇ ਮੁਲਤਾਨ ਵਿਚ ਵੱਸ ਗਏ। ਸਾਵਣ ਮੱਲ ਦੇ ਚਲਾਣੇ ਬਾਦ, ਉਹਦਾ ਪੁੱਤਰ ਮੂਲ ਰਾਜ, ਮੁਲਤਾਨ ਦਾ ਹਾਕਮ ਥਾਪਿਆ ਗਿਆ। ਲਾਹੌਰ ਵਿਚ ਦੇਸ਼ ਧਰੋਹੀ ਲਾਲ ਸਿੰਘ ਬਾਲਕ ਦਲੀਪ ਸਿੰਘ ਵਲੋਂ ਰਾਜ ਪ੍ਰਬੰਧ ਚਲਾ ਰਿਹਾ ਸੀ। ਉਹਨੇ ਮੂਲਰਾਜ ਤੋਂ ਬਾਪ ਦੀ ਗੱਦੀ ਤੇ ਬੈਠਣ ਦੇ, ੧੮ ਲੱਖ ਰੁਪੈ ਬਤੌਰ ਨਜ਼ਰਾਨਾ ਮੰਗ ਲਏ। ਮੂਲ ਰਾਜ ਨੇ ਕਿਹਾ ਕਿ ਕੁਝ ਵਕਤ ਵਿਚ ਉਹ ਰਕਮ ਪੂਰੀ ਕਰ ਦੇਵੇਗਾ। ਪਰ ਹੁਣ ਅੰਗਰੇਜ਼ ਦੀ ਦਖਲ ਅੰਦਾਜ਼ੀ ਸਦਕਾ ਲਾਹੌਰ ਦਰਬਾਰ ਵਿਚ ਨਿਤ ਨਵੇਂ ਉਪੱਦਰ ਹੋਣ ਲੱਗੇ। ਕੁਝ ਦਿਨਾਂ ਤਕ ਇਹ ਵੀ ਪਤਾ ਨਹੀਂ ਸੀ ਲੱਗ ਰਿਹਾ ਕਿ ਲਾਹੌਰ ਵਿਚ ਅਸਲ ਤਾਕਤ, ਸਿੱਖਾਂ ਦੇ ਹੱਥ ਹੈ ਜਾਂ ਅੰਗਰੇਜ਼ਾਂ ਦੇ। ਇਸ ਲਈ ਇਹਨਾਂ ਹਾਲਾਤ ਵਿਚ ਮੂਲ ਰਾਜ ਨੇ ਨਜ਼ਰਾਨਾ ਭੇਜਣਾ ਉਚਿਤ ਨਾ ਸਮਝਿਆ। ਰਾਜਾ ਲਾਲ ਸਿੰਘ ਨੇ ਆਪਣੇ ਭਰਾ ਭਗਵਾਨ ਸਿੰਘ ਨੂੰ ਇਕ ਫੌਜ ਦੇ ਕੇ, ਮੂਲ ਰਾਜ ਨੂੰ ਸਰ ਕਰਨ ਲਈ ਭੇਜਿਆ। ਅੰਗਰੇਜ਼ ਵੀ ਇਹੋ ਚਾਹੁੰਦੇ ਸਨ ਕਿ ਹੁਣ ਮੂਲ ਰਾਜ ਨੂੰ ਹਟਾ ਕੇ, ਮੁਲਤਾਨ ਦੀ ਦੀਵਾਨੀ ਭਗਵਾਨ ਸਿੰਘ ਨੂੰ ਦੇ ਦਿਤੀ ਜਾਏ। ਪਰ ਮੂਲ ਰਾਜ ਨੇ ਭਗਵਾਨ ਸਿੰਘ ਦੀ ਸੈਨਾ ਨੂੰ ਬੇਸ਼ਕ ਯੁੱਧਾਂ ਵਿਚ ਹਰਾ ਦਿੱਤਾ। ਪ੍ਰੰਤੂ ਅੰਗਰੇਜ਼ਾਂ ਨੇ ਮੂਲ ਰਾਜ ਤੋਂ ਖੋਹ ਕੇ ਜੁੰਨਕ ਨਾਂ ਦਾ ਅੱਠ ਲੱਖ ਸਾਲਾਨਾ ਆਮਦਨ ਦਾ ਇਲਾਕਾ ਭਗਵਾਨ ਸਿੰਘ ਨੂੰ ਦੇ ਦਿੱਤਾ।

ਭੈਰੋਵਾਲ ਦੀ ਸੰਧੀ ਤੋਂ ਬਾਦ, ਫਿਰ ਅੰਗਰੇਜ਼ ਮੂਲ ਰਾਜ ਨੂੰ ਹਟਾਕੇ ਆਪਣਾ ਆਦਮੀ ਇੱਥੇ ਬੈਠਾਉਣਾ ਚਾਹੁੰਦੇ ਸਨ। ਹੁਣ ਹਰ ਸਾਲ ਛਿਮਾਹੀ ਬਾਦ, ਮੂਲ ਰਾਜ ਵਲੋਂ ਅਦਾ ਕੀਤੇ


Namdhari Elibrary NamdhariElibrary@gmail.com

ਜਾਣ ਵਾਲੇ ਖਿਰਾਜ ਦੀ ਰਕਮ ਵਧਾਈ ਜਾਂਦੀ ਸੀ। ਜਾਨ ਲਾਰੰਸ ਦੇ ਲਾਹੌਰ ਦਾ ਰੈਜੀਡੈਂਟ ਰਹਿੰਦੇ ਮੂਲ ਰਾਜ ਨੂੰ ਉਸਦੇ ਅਹੁਦੇ ਤੇ ਟਿਕਾਈ ਰੱਖਿਆ ਗਿਆ। ਪਰ ਸਰ ਫਰੈਡਰਿਕ ਕਰੀ ਦੇ ਰੈਜ਼ੀਡੈਂਟ ਬਣ ਕੇ ਆਉਂਦਿਆਂ ਹੀ, ਉਹਨੇ ਮੂਲ ਰਾਜ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ। ਕਰੀ ਦੇ ਤੰਗ ਕਰਨ ਤੇ ਮੂਲ ਰਾਜ ਨੇ ਅਸਤੀਫਾ ਲਾਹੌਰ ਭੇਜ ਦਿੱਤਾ। ਉਥੋਂ ਰੈਜੀਡੈਂਟ ਕਰੀ ਨੇ ਕਾਹਨ ਸਿੰਘ ਮਾਨ ਨੂੰ, ਤੀਹ ਹਜਾਰ ਰੁਪੈ ਸਲਾਨਾ ਤਨਖਾਹ ਤੇ, ਮੁਲਤਾਨ ਦਾ ਹਾਕਮ ਬਣਾ ਦਿੱਤਾ। ਐਗਨਿਊ ਅਤੇ ਐਂਡਰਸਨ ਨਾਮੀਂ ਦੋ ਅੰਗਰੇਜ਼ਾਂ ਦੀ ਸਹਾਇਤਾ ਨਾਲ, ਕਾਹਨ ਸਿੰਘ ਨੇ ਰਾਜ ਕਾਜ ਚਲਾਉਣ ਸੀ। ਇਹ ਲੋਕ ਕੁਝ ਫੌਜ ਸਣੇ ੧੮ ਅਪ੍ਰੈਲ ੧੮੪੮ ਨੂੰ ਮੁਲਤਾਨ ਪੁੱਜੇ। ੧੯ ਅਪ੍ਰੈਲ ਨੂੰ ਮੂਲ ਰਾਜ ਨੇ ਹਕੂਮਤ ਕਾਹਨ ਸਿੰਘ ਨੂੰ ਸਉਂਪ ਦਿੱਤੀ। ਸ਼ਹਿਰ ਦੇ ਦਰਵਾਜਿਆਂ ਤੇ ਅੰਗਰੇਜ਼ੀ ਗਾਰਦਾਂ ਬੈਠਾ ਦਿੱਤੀਆਂ। ਮੁਲਤਾਨੀ ਸਿਪਾਹੀ ਬਰਖਾਸਤ ਕਰ ਕੇ ਉਹਨਾਂ ਦੀ ਥਾਂ ਗੋਰੇ ਲਾ ਦਿੱਤੇ। ਮੁਲਤਾਨ ਦੇ ਲੋਕ ਸਮਝ ਗਏ ਕਿ ਕਾਹਨ ਸਿੰਘ ਤਾਂ ਐਵੇ ਬਰਾਏ-ਨਾਮ-ਹਾਕਮ ਹੈ, ਅਸਲ ਤਾਕਤ ਅੰਗਰੇਜ਼ਾਂ ਦੇ ਹੱਥ ਵਿਚ ਚਲੀ ਗਈ ਹੈ। ਇਹਨਾਂ ਬਦੇਸੀਆਂ ਵਿਰੁੱਧ, ਪੰਜਾਬ ਵਿਚ ਬੇਚੈਨੀ ਵੱਧ ਰਹੀ ਸੀ। ੧੯ ਅਪ੍ਰੈਲ ਨੂੰ ਹੀ, ਜਦੋਂ ਐਗਨਿਊ ਆਪਣੇ ਘੋੜੇ ਤੇ ਜਾ ਰਿਹਾ ਸੀ ਦੋ ਮੁਲਤਾਨੀ ਬਰਖਾਸਤ ਹੋਏ ਸਿਪਾਹੀਆਂ ਨੇ ਉਸ ਤੇ ਹਮਲਾ ਕਰਕੇ ਉਹਨੂੰ ਗੰਭੀਰ ਫੱਟੜ ਕਰ ਦਿੱਤਾ। ਕਾਹਨ ਸਿੰਘ ਦੇ ਬਚਾਅ ਕਰਨ ਨਾਲ ਐਗਨਿਊ ਮਰਨੋਂ ਬਚ ਗਿਆ।

ਐਗਨਿਊ ਤੇ ਐਂਡਰਸਨ ਦੋਵੇਂ ਬਾਹਰ ਇਕ ਈਦਗਾਹ ਵਿਚ ਠਹਿਰੇ ਸਨ। ਮੂਲ ਰਾਜ ਤਾਂ ਮੁਲਤਾਨ ਛੱਡ ਕੇ ਚਲਾ ਗਿਆ। ਪਰ ੨੦ ਅਪ੍ਰੈਲ ਨੂੰ ਫਿਰ ਬਰਖਾਸਤ ਸਿਪਾਹੀਆਂ ਨੇ ਸਵੇਰੇ ਹੀ ਈਦਗਾਹ ਘੇਰ ਲਈ। ਇਹਨਾਂ ਦੋਹਾਂ ਅੰਗਰੇਜ਼ਾਂ ਅਤੇ ਕਾਹਨ ਸਿੰਘ ਨਾਲ ਕੁਝ ਹਿੰਦੁਸਤਾਨੀ ਫੌਜ ਵੀ ਸੀ. ਇਸ ਫੌਜ ਦੇ ਸਾਰੇ ਸਿਪਾਹੀ ਬਾਗੀ ਮੁਲਤਾਨੀਆਂ ਨਾਲ ਮਿਲ ਗਏ। ਦੋਵੇਂ ਅੰਗਰੇਜ਼ ਇਸ ਲੜਾਈ ਵਿਚ ਮਾਰੇ ਗਏ। ਜ਼ਖਮੀ ਕਾਹਨ ਸਿੰਘ ਕੈਦ ਕਰ ਲਿਆ।

ਪੰਜਾਬ ਨੂੰ ਹੱੜਪਣ ਲਈ ਅੰਗਰੇਜ਼ਾਂ ਨੂੰ ਕੁਝ ਹੋਰ ਬਹਾਨਿਆਂ ਦੀ ਲੋੜ ਸੀ। ਲਾਹੌਰ ਦੇ ਰੈਜ਼ੀਡੈਂਟ ਕਰੀ ਨੇ ਮਹਾਰਾਣੀ ਜਿੰਦਾਂ ਤੇ ਇਹ ਦੋਸ਼ ਲਾਇਆ ਕਿ ਮੁਲਤਾਨ ਦੀ ਬਗਾਵਤ ਵਿਚ ਉਸਦਾ ਹੱਥ ਹੈ। ਕਰੀ ਆਪਣੇ ਖਤ ਪੱਤਰਾਂ ਵਿਚ ਇਕ ਮੰਨਦਾ ਹੈ ਕਿ ਮਹਾਰਾਣੀ ਵਿਰੁੱਧ ਉਹਨਾਂ ਕੋਲ ਕੋਈ ਸਬੂਤ ਨਹੀਂ ਹਨ। ਨਾ ਕੋਈ ਛਾਣ ਬੀਨ ਕੀਤੀ, ਨਾ ਮਸਲਾ ਲਾਹੌਰ ਦਰਬਾਰ ਦੀ ਕੌਂਸਲ ਦੇ ਸਾਹਮਣੇ ਪੇਸ਼ ਕੀਤਾ। ਰੈਜ਼ੀਡੈਂਟ ਕਰੀ ਦੇ ਹੁਕਮ ਨਾਲ ਮਹਾਰਾਣੀ ਜਿੰਦਾਂ ਨੂੰ ਸ਼ੇਖੂਪੁਰੇ ਦੇ ਕਿਲੇ ਵਿਚੋਂ ਕੈਦ ਕਰਕੇ, ੧੫ ਮਈ ੧੮੪੮ ਨੂੰ ਬਨਾਰਸ ਵੱਲ ਤੋਰ ਦਿੱਤਾ। ਹੁਕਮ ਦੇ ਦਿੱਤਾ ਕਿ ਮਹਾਰਾਣੀ ਆਪਣੇ ਅੰਗਰੇਜ਼ ਪਹਿਰੇਦਾਰਾਂ ਦੇ ਹੁਕਮ ਤੋਂ ਬਿਨਾਂ, ਨਾ ਕਿਸੇ ਨਾਲ ਖਤੋ-ਕਿਤਾਬਤ ਕਰੇ ਨਾ ਸਬੰਧ ਰੱਖੇ।

ਸਮੁੱਚਾ ਪੰਜਾਬ ਅਤੇ ਵਿਸ਼ੇਸ਼ ਕਰਕੇ ਸਾਰਾ ਸਿੱਖ ਭਾਈਚਾਰਾ, ਮਹਾਰਾਣੀ ਜਿੰਦ ਕੌਰ ਨੂੰ ਆਪਣੀ ਮਾਤਾ ਦੇ ਸਮਾਨ ਸਮਝਦਾ ਸੀ। ਵਿਧਵਾ ਮਹਾਰਾਣੀ ਨਾਲ ਇਸ ਤਰ੍ਹਾਂ ਦੇ ਵਿਵਹਾਰ ਤੋਂ, ਸਾਰੇ ਸਿੱਖ ਸਮੁਦਾਇ ਵਿਚ ਇਕ ਤਰ੍ਹਾਂ ਦੀ ਅੱਗ ਲੱਗ ਗਈ। ਸਾਰਾ ਸਿੱਖ ਸਮੁਦਾਇ ਹੁਣ ਦੀਵਾਨ ਮੂਲ ਰਾਜ ਅਤੇ ਉਹਦੇ ਬਾਗੀ ਸਿਪਾਹੀਆਂ ਨਾਲ ਹਮਦਰਦੀ ਪ੍ਰਗਟ ਕਰਨ ਲੱਗਾ।

ਲਾਹੌਰ ਕੌਂਸਲ ਦੇ ਇਕ ਪ੍ਰਮੁੱਖ ਮੈਂਬਰ, ਰਾਜਾ ਸ਼ੇਰ ਸਿੰਘ ਅਟਾਰੀ ਵਾਲੇ ਨੇ, ਇਸ ਆਸ਼ੇ ਦਾ ਇਕ ਐਲਾਨ ਪਰਕਾਸ਼ਿਤ ਕਰਵਾਇਆ ਕਿ ਮਹਾਰਾਜਾ ਰਣਜੀਤ ਸਿੰਘ ਦੀ ਵਿਧਵਾ ਮਹਾਰਾਣੀ ਨਾਲ ਕਿੰਨੇ ਜ਼ੁਲਮ, ਜ਼ਿਆਦਤੀ ਅਤੇ ਬਿਨਾਂ ਵਜ੍ਹਾ ਧੱਕੇਸ਼ਾਹੀ ਕੀਤੀ ਗਈ ਹੈ। "ਲੋਕਾਂ ਦੀ ਮਾਤਾ ਮਹਾਰਾਣੀ ਨੂੰ ਕੈਦ ਕਰਕੇ ਫਿਰੰਗੀਆਂ ਨੇ ਸੰਧੀ ਤੋੜ ਦਿੱਤੀ ਹੈ।"

ਪ੍ਰਸਿੱਧ ਸੁਤੰਤਰਤਾ ਸੰਗਰਾਮੀ ਤੇ ਇਤਿਹਾਸਕਾਰ ਪੰਡਿਤ ਸੁੰਦਰ ਲਾਲ ਹੋਰਾਂ ਦੇ ਮੁਤਾਬਿਕ ਮਹਾਰਾਣੀ ਨਾਲ ਅੰਗਰੇਜ਼ਾਂ ਦਾ ਇਹ ਸਲੂਕ ਹੀ ਦੂਜੇ ਸਿੱਖ ਯੁੱਧ ਦਾ ਇਕ ਪਰਮੁੱਖ ਕਾਰਨ ਸੀ। ਸਾਰੇ ਸਿੱਖ ਸਾਮਰਾਜ ਵਿਚ ਦੋ ਸਰਦਾਰ ਹੀ ਸਭ ਤੋਂ ਦਬੰਗ ਤੇ ਸੁਤੰਤਰਤਾ ਪ੍ਰੇਮੀ ਸਨ। ਇਕ ਮੁਲਤਾਨ ਦਾ ਦੀਵਾਨ ਮੂਲ ਰਾਜ ਤੇ ਦੂਜਾ ਹਜ਼ਾਰਾ ਪ੍ਰਾਂਤ ਦਾ ਹਾਕਮ ਸਰਦਾਰ ਚਤਰ ਸਿੰਘ ਅਟਾਰੀ ਵਾਲਾ। ਜਿਸ ਤਰ੍ਹਾਂ ਅੰਗਰੇਜ਼ ਮੂਲ ਰਾਜ ਨੂੰ ਠਿੱਠ ਕਰ ਰਹੇ ਸਨ। ਇਸੇ ਤਰ੍ਹਾਂ ਬੁੱਢੇ ਸਰਦਾਰ ਚਤਰ ਸਿੰਘ ਨੂੰ ਵੀ ਜਿੱਚ ਕੀਤਾ ਜਾ ਰਿਹਾ ਸੀ। ਹਜ਼ਾਰਾ ਪਹਿਲਾਂ ਕਸ਼ਮੀਰ ਪ੍ਰਾਂਤ ਦਾ ਹਿੱਸਾ ਸੀ। ਕਿਉਂਕਿ ਕਸ਼ਮੀਰ ਅੰਗਰੇਜ਼ਾਂ ਨੇ ਗੁਲਾਬ ਸਿੰਘ ਡੋਗਰੇ ਨੂੰ ਦੇ ਦਿੱਤੀ ਸੀ। ਕੁਝ ਹੋਰ ਇਲਾਕਿਆਂ ਬਦਲੇ ਹਜ਼ਾਰੇ ਦਾ ਇਲਾਕਾ ਗੁਲਾਬ ਸਿੰਘ ਤੋਂ ਲੈ ਕੇ ਅੰਗਰੇਜ਼ਾਂ ਨੇ ਮਹਾਰਾਜਾ ਦਲੀਪ ਸਿੰਘ ਨੂੰ ਦੇ ਦਿੱਤਾ ਸੀ। ਇਸ ਦਾ ਨਾਜ਼ਿਮ ਸ. ਚਤਰ ਸਿੰਘ ਅਟਾਰੀ ਵਾਲਾ ਸੀ। ਇਹ ਰਾਜਾ ਸ਼ੇਰ ਸਿੰਘ ਦਾ ਪਿਤਾ ਸੀ। ਸ. ਚਤਰ ਸਿੰਘ ਦਾ ਪੰਜਾਬ ਵਿਚ ਬਹੁਤ ਮਾਣ ਸਤਕਾਰ ਸੀ। ਉਸ ਦੀ ਪੁੱਤਰੀ ਦੀ ਮੰਗਣੀ, ਮਹਾਰਾਜਾ ਦਲੀਪ ਸਿੰਘ ਨਾਲ ਹੋਈ ਸੀ। ਜੁਲਾਈ ੧੮੪੮ ਵਿਚ, ਜਦੋਂ ਇਸ ਵਿਆਹ ਦੀ ਗੱਲਬਾਤ ਤੁਰੀ ਤਾਂ ਰੈਜ਼ੀਡੈਂਟ ਕਰੀ ਨੇ, ਸ. ਚਤਰ ਸਿੰਘ ਨੂੰ ਲਿਖਿਆ ਕਿ ਬਿਨਾ ਰੈਜ਼ੀਡੈਂਟ



Namdhari Elibrary NamdhariElibrary@gmail.com

ਦੀ ਰਜ਼ਾਮੰਦੀ ਤੇ ਮਨਜ਼ੂਰੀ ਦੇ, ਇਹ ਵਿਆਹ ਨਹੀਂ ਹੋ ਸਕਦਾ। ਰੈਜ਼ੀਡੈਂਟ ਵੱਲੋਂ, ਚਤਰ ਸਿੰਘ ਨੂੰ ਸਲਾਹ ਦੇਣ ਲਈ, ਕਪਤਾਨ ਐਬਟ ਹਜ਼ਾਰੇ ਰਹਿੰਦਾ ਸੀ ਤੇ ਉਸ ਗੱਲ ਗੱਲ ਤੇ ਬਿਰਧ ਸਰਦਾਰ ਚਤਰ ਸਿੰਘ ਨੂੰ ਠਿੱਠ-ਪਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ।[5]

ਅੰਗਰੇਜ਼ਾਂ ਨੇ ਸਾਮ, ਦਾਮ, ਦੰਡ, ਭੇਦ ਦੀਆਂ ਸਾਰੀਆਂ ਨੀਤੀਆਂ ਵਰਤੀਆਂ। ਸਰਹੱਦੀ ਸੂਬੇ ਦੇ ਪਠਾਣਾਂ, ਰਿਆਸਤ ਬਹਾਵਲਪੁਰ ਅਤੇ ਹੋਰ ਮੁਸਲਿਮ ਇਲਾਕਿਆਂ ਦੇ ਨਵਾਬਾਂ ਨੂੰ ਪੈਸੇ ਦੀ ਮੱਦਦ ਨਾਲ ਖਰੀਦ ਕੇ ਪੁਰਾਣੇ ਫਿਰਕੂ ਤੁਅੱਸਬਾਂ ਨੂੰ ਮੁੜ ਸੁਰਜੀਤ ਕਰਕੇ, ਸਿੱਖਾਂ ਦੇ ਖਿਲਾਫ ਉਕਸਾਉਣ ਲਈ ਪੂਰੀ ਵਾਹ ਲਈ। ਇਸ ਸਬੰਧ ਵਿਚ ਉਹ ਕੁਝ ਕੁ ਸਫਲ ਵੀ ਹੋਏ। ਪਰ ਜਦੋਂ ਦੀਵਾਨ ਮੂਲਰਾਜ ਨੇ ਕੌਮੀ ਜੰਗ ਦਾ ਐਲਾਨ ਕਰ ਦਿੱਤਾ ਤਾਂ ਪੰਜਾਬ ਭਰ ਦੇ ਹਿੰਦੂ, ਮੁਸਲਮਾਨ ਅਤੇ ਸਿੱਖ ਉਸਦੇ ਝੰਡੇ ਹੇਠ ਇਕੱਠੇ ਹੋ ਗਏ। ਉਹ ਆਪਣੇ ਪਿਤਾ ਸਾਵਣ ਮੱਲ ਜਿਉਂ ਹੀ ਆਪਣੀ ਪਰਜਾ ਵਿਚ ਬੜਾ ਹਰਮਨ ਪਿਆਰਾ ਸੀ। ਪਰ ਹਾਲਾਤ ਇਸ ਤਰ੍ਹਾਂ ਤੇਜ਼ੀ ਨਾਲ ਬਦਲੇ ਕਿ ਉਹ ਨੌਂ ਮਹੀਨੇ ਮੁਲਤਾਨ ਦਾ ਮੋਰਚਾ ਸੰਭਾਲੀ ਬੈਠਾ ਰਿਹਾ। ਫਕੀਰ ਅਜ਼ੀਜ਼-ਉਦ-ਦੀਨ ਦੇ ਇਕ ਭਰਾ ਫਕੀਰ ਨੂਰ-ਉਦ-ਦੀਨ ਦੇ ਪੁੱਤਰ ਸ਼ਮਸ਼ਦੀਨ ਨੇ ਮੁਲਤਾਨ ਇਲਾਕੇ ਵਿਚ ਸਥਿਤ ਕਿਲਾ ਗੋਬਿੰਦਗੜ੍ਹ ਅੰਗਰੇਜ਼ਾਂ ਲਈ ਖੋਹਲ ਦਿੱਤਾ। ਕਿਸੇ ਹੋਰ ਗਦਾਰ ਨੇ ਮੁਲਤਾਨ ਦੇ ਕਿਲੇ ਵਿਚ ਸਥਿਤ ਗੋਲਾਬਾਰੂਦ ਨੂੰ ਅੱਗ ਲਾ ਦਿੱਤੀ। ਚਿੱਲੀਆਂ ਵਾਲੀ ਦੀ ਲੜਾਈ ਵਿਚ ੨੩੦੦੦ ਕੰਪਨੀ ਦੀ ਸੈਨਾ ਅਤੇ ਕਈ ਅਧਿਕਾਰੀ ਸਿਖ ਸੈਨਾ ਦੇ ਹੱਥੋਂ ਮਾਰੇ ਗਏ ਸਨ। ਪਰ ਗੁਜਰਾਤ ਦੀ ਲੜਾਈ ਵਿਚ ਸਿੱਖ ਹਾਰ ਗਏ। ਮੂਲ ਰਾਜ ਨੂੰ ਆਤਮ ਸਮਰਪਣ ਕਰਨਾ ਪਿਆ। ਉਸਨੂੰ ਵੀ ਹੋਰ ਬਹੁਤ ਸਾਰੇ ਸਿੱਖ ਸਰਦਾਰਾਂ ਜਿਉਂ ਜਲਾਵਤਨ ਕਰ ਦਿੱਤਾ ਗਿਆ।

ਸੋ ਇਹ ਸੀ ਮੁਲਤਾਨ ਦੀ ਬਗਾਵਤ, ਜਿਸ ਦਾ ਦੋਸ਼ ਮਹਾਰਾਣੀ ਜਿੰਦਾਂ ਤੇ ਲਾਇਆ ਤੇ ਮਹਾਰਾਣੀ ਦੇ ਮਿਰਤਕ ਭਾਈ ਜਵਾਹਰ ਸਿੰਘ ਦਾ ਮਿੱਤਰ ਹੋਣ ਕਾਰਨ ਸ. ਬੂਟਾ ਸਿੰਘ ਦੀਵਾਨ ਨੂੰ ਵੀ ਇਸ ਸਾਜ਼ਿਸ਼ ਵਿਚ ਘਸੀਟ ਲਿਆ ਗਿਆ ਸੀ। ਹੋ ਸਕਦਾ ਹੈ ਦੀਵਾਨ ਸਾਹਿਬ ਸੈਨਿਕ ਜੀਵਨ ਸਮੇਂ ਦੇ ਸਤਿਗੁਰੂ ਰਾਮ ਸਿੰਘ ਜੀ ਦੇ ਜਾਣੂ ਹੋਣ। ਉਪਰ ਜਿਸ ਮਸਤਾਨੇ ਪਾਸ ਦੀਵਾਨ ਸਾਹਿਬ ਦਾ ਸ਼ਹੀਦ ਗੰਜ ਵਿਚ ਜਾਣ ਤੇ ਉਸ ਦੇ ਕਹਿਣ ਤੇ ਉਥੇ ਰੁਕ ਕੇ ਪ੍ਰਾਣ ਬਚਾਉਣ ਦਾ ਜ਼ਿਕਰ ਆਇਆ ਹੈ, ਉਹ ਸਤਿਗੁਰੂ ਰਾਮ ਸਿੰਘ ਵੀ ਹੋ ਸਕਦੇ ਹਨ। ਕਿਉਂਕਿ ਆਪ ਨੂੰ ਸਾਰੇ ਸੈਨਿਕ ਅਤੇ ਸਿੱਖ ਮਹਾਰਾਜੇ 'ਮਸਤਾਨਾ' ਹੀ ਕਹਿੰਦੇ ਸਨ ਅਤੇ ਆਪ ਸੈਨਿਕ ਜੀਵਨ ਵਿਚ ਹੁੰਦਿਆਂ ਵੀ ਆਪਣੀ ਖੇਡ ਵਿਚ ਮਸਤ, ਧਰਮ ਸਥਾਨਾਂ ਜਾਂ ਜੰਗਲਾਂ ਬੇਲਿਆਂ ਤੇ ਦੂਰ ਦਰਾਜ਼ ਦਿਆਂ ਪਿੰਡਾਂ ਸ਼ਹਿਰਾਂ ਵਿਚ ਵਿਚਰਦੇ ਰਹਿੰਦੇ ਸਨ। ਸੋ ਜਦੋਂ ਪੰਜਾਬ ਵਿਚ ਨਾਮਧਾਰੀ ਪੰਥ ਦਾ ਬੋਲ ਬਾਲਾ ਹੋਇਆ ਤਾਂ ਦੀਵਾਨ ਸਾਹਿਬ ਜਿਹੇ ਲਾਹੌਰ ਦਰਬਾਰ ਦੇ ਵਫਾਦਾਰ ਵਿਅਕਤੀ ਨੂੰ ਗੁਆਚੇ ਖਾਲਸਾ ਰਾਜ ਦੀ ਪੁਨਰ ਸਥਾਪਨਾ ਲਈ, ਸਤਿਗੁਰੂ ਰਾਮ ਸਿੰਘ ਅਤੇ ਉਹਨਾਂ ਦੀ ਜਥੇਬੰਦੀ ਨੇ ਕਾਫੀ ਖਿੱਚ ਪਾਈ ਅਤੇ ਉਹਨੇ ਇਸ ਵਿਚ ਸ਼ਾਮਲ ਹੋਣ ਲੱਗਿਆਂ ਕੋਈ ਦੇਰ ਨਾ ਲਾਈ। ਦੀਵਾਨ ਸਾਹਿਬ ੧੮੬੨-੬੩ ਈ. ਵਿਚ ਕੂਕਾ ਪੰਥ ਵਿਚ ਸ਼ਾਮਲ ਹੋ ਚੁੱਕੇ ਸਨ।

ਦੀਵਾਨ ਸਾਹਿਬ ਬਾਰੇ ਬੇਸ਼ਕ ਇਹ ਦਰਜ ਹੈ ਕਿ ਉਹ ਸਤਿਗੁਰੂ ਜੀ ਦੇ ਪਰਦੇਸ ਗਵਨ ਬਾਅਦ, ਆਪਣੇ ਕੂਕ ਪੁਣੇ ਦਾ ਖੁੱਲ੍ਹਮ ਖੁੱਲ੍ਹਾ ਇਜ਼ਹਾਰ ਨਹੀਂ ਕਰਦੇ ਸਨ ਪ੍ਰੰਤੂ ਆਪਣੀ ੨੦-੨੫ ਸਾਲ ਦੀ ਰਹਿੰਦੀ ਉਮਰ ਜੋ ਉਹਨਾਂ ਨੇ ਲਾਹੌਰ ਵਿਖੇ ਹੀ ਬਿਤਾਈ ਇਸ ਦੌਰਾਨ ਉਹ ਇਕ ਜਾਂ ਦੂਜੇ ਢੰਗ ਨਾਲ, ਕੂਕਾ ਸਰਗਰਮੀਆਂ ਅਤੇ ਬ੍ਰਿਟਿਸ਼ ਸ਼ਾਸਨ ਦਾ ਪੰਜਾਬ ਵਿਚੋਂ ਸਫਾਇਆ ਕਰਨ ਲਈ, ਸਰਗਰਮ ਰਹੇ, ਤਦੇ ਉਹਨਾਂ ਦੇ, ਲਾਹੌਰ ਦੀ ਸਿੰਘ ਸਭਾ ਦੇ ਬਾਨੀ ਪਰਧਾਨ, ੧੮੭੯ ਈ. ਵਿਚ ਬਣਨ ਬਾਅਦ ਵੀ, ਸਰਕਾਰ ਨੂੰ ਉਹਨਾਂ ਦੇ ਮਨ ਮਸਤਕ ਵਿਚੋਂ, ਕੂਕਿਆਂ ਅਤੇ ਕੂਕਾ ਕਾਜ਼ ਪ੍ਰਤੀ, ਹਮਦਰਦੀ ਦੇ ਝਲਕਾਰੇ ਪੈਂਦੇ ਰਹੇ।

ਜਿਹਾ ਕਿ ਰੂਸ-ਮਹਾਰਾਜਾ ਦਲੀਪ ਸਿੰਘ ਅਤੇ ਕੂਕਿਆਂ ਦੀ ਤਿਕੋਣ, ਨਾਮਧਾਰੀ ਇਤਿਹਾਸ ਦੀ ਇਕ ਮਹੱਤਵਪੂਰਨ ਕੜੀ ਹੈ। ਉਨ੍ਹੀਵੀਂ ਸਦੀ ਦੇ ਨੌਵੇਂ ਦਹਾਕੇ ਦੇ ਦੂਜੇ ਅੱਧ ਦੇ ਪਿਛਲੇ ਸਮੇਂ, ਅੰਤਿਮ ਸਿੱਖ ਸਮਰਾਟ, ਦਲੀਪ ਸਿੰਘ ਸੈਨਿਕ ਮਦਦ ਲੈਣ ਲਈ ਰੂਸ ਵਿਚ ਸੀ। ਉਸਦੇ ਸ਼ਰੀਕੇ ਕਬੀਲੇ ਵਿਚੋਂ ਨੇੜਲੇ ਸੰਬੰਧੀ, ਸ. ਠਾਕਰ ਸਿੰਘ ਸੰਧਾਂਵਾਲੀਏ ਨੇ, ਉਸ ਨੂੰ ਭਰੋਸਾ ਦੁਆਇਆ ਸੀ ਕਿ ਪੰਜਾਬ ਵਿਚ ਨਾਮਧਾਰੀ ਸਤਿਗੁਰੂ, ਹੋਰ ਕੂਕਾ ਸੂਬੇ ਅਤੇ ਸੰਗਤ, ਅੰਗਰੇਜ਼ ਦੀਆਂ ਸਫਾਂ ਵਲ੍ਹੇਟਣ ਵਿਚ ਉਥੇ ਉਸਦੇ ਕੁਦਰਤੀ ਸਹਿਯੋਗੀ ਹਨ। ਅੰਮ੍ਰਿਤਸਰ ਦੀ ਸਿੰਘ ਸਭਾ ਜਿਸਦੀ ਸਥਾਪਨਾ ੧੮੭੩ ਵਿਚ ਹੋਈ ਸ. ਠਾਕਰ ਸਿੰਘ ਸੰਧਾ ਵਾਲੀਆਂ ਅਤੇ ਸਿਖ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਇਸ ਦੇ ਅਹਿਮ ਰੁਕਨ ਸਨ। ਇਥੇ ਸ੍ਰੀ ਹਰਮੰਦਰ ਸਾਹਿਬ ਵਿਚ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਕਾਸ਼ ਹੋਈ ਦੇਹ ਦੇ ਸਾਹਮਣੇ, ਜਲਾਵਤਨ ਮਹਾਰਾਜਾ ਦਲੀਪ ਸਿੰਘ ਦੀ ਫੋਟੋ ਰੱਖ ਕੇ, ਸਿੱਖ ਭਾਵਨਾਵਾਂ


Namdhari Elibrary NamdhariElibrary@gmail.com

ਨੂੰ ਉਸ ਪ੍ਰਤੀ ਉਦਾਰ ਬਨਾਉਣ ਦੀ ਕੋਸ਼ਿਸ਼ ਕੀਤੀ ਗਈ ਸੀ। ਇਸੇ ਸਮੇਂ ਇਕ ਤਾਂ ਇਹ ਫੋਟੋ ਰੱਖਣ ਅਤੇ ਦੂਜਾ ਬਾਵਾ ਨਿਹਾਲ ਸਿੰਘ ਕਲਸੀਆਂ ਦੀ ਇਕ ਪੁਸਤਕ "ਖੁਰਸ਼ੀਦ ਖਾਲਸਾ" ਛਪਣ ਅਤੇ ਅੰਮ੍ਰਿਤਸਰ ਸਿੰਘ ਸਭਾ ਦੇ ਕੁਝ ਆਗੂਆਂ ਵੱਲੋਂ ਬਾਵਾ ਸਾਹਿਬ ਦਾ ਪੱਖ ਲੈਣ ਕਾਰਨ ਇਸ ਸਭਾ ਨੂੰ ਵਿਵਾਦ ਗ੍ਰਸਤ ਕਰਾਰ ਦੇ ਕੇ ਹੀ, ਇਸ ਦੇ ਮੁਕਾਬਲੇ ਵਿਚ ਸਿੰਘ ਸਭਾ ਲਾਹੌਰ ਦਾ ਗਠਨ ਹੋਇਆ। ਇਹਨਾਂ ਕੁਝ ਘਟਨਾ ਕਰਮਾਂ ਬਾਰੇ ਪ੍ਰਸਿੱਧ ਇਤਿਹਾਸਕਾਰ ਡਾ. ਫੌਜਾ ਸਿੰਘ ਵੀ ਕੁਝ ਰੋਸ਼ਨੀ ਪਾਉਂਦੇ ਹਨ :

"ਇਸ ਸਬੰਧ ਵਿਚ ਉਰਦੂ ਵਿਚ ਛਪੀ ਇਕ ਪੁਸਤਕ "ਖੁਰਸ਼ੀਦ-ਇ-ਖਾਲਸਾ" ਦਾ ਜ਼ਿਕਰ ਕਰਨਾ ਲਾਜ਼ਮੀ ਹੈ। ਇਸ ਪੁਸਤਕ ਦਾ ਲੇਖਕ ਬਾਵਾ ਨਿਹਾਲ ਸਿੰਘ ਸੀ। ਉਹ ਕਲਸੀਆਂ ਰਿਆਸਤ (ਇਲਾਕਾ ਅੰਬਾਲਾ) ਦਾ ਇਕ ਥਾਣੇਦਾਰ ਸੀ। ਉਹ ਅਤੇ ਉਸਦਾ ਭਾਈ ਸਰਮੁਖ ਸਿੰਘ ਕੂਕਾ ਪੰਥ ਦੇ ਅਨੁਆਈ ਹੋਣ ਦਾ ਖੁਲ੍ਹਮ ਖੁੱਲ੍ਹਾ ਇਕਬਾਲ ਕਰਿਆ ਕਰਦੇ ਸਨ। ਭਾਂਵੇ ਉਹਨਾਂ ਨੇ ਸਾਵਧਾਨੀ ਵਜੋਂ ਆਪਣੀ ਸੰਪ੍ਰਦਾਇ ਦੇ ਬਾਹਰੀ ਚਿੰਨ੍ਹ (ਪਹਿਰਾਵਾ) ਆਦਿ ਨੂੰ ਧਾਰਨ ਕਰਨਾ ਛਡ ਦਿੱਤਾ ਸੀ ਪਰ ਉਹ ਹਿਰਦਿਉਂ ਕੂਕੇ ਹੀ ਸਨ। ਦੋਵੇਂ ਸਿੱਖਾਂ ਦੇ ਉਸ ਸੰਧਾਵਾਲੀਏ ਧੜੇ ਨਾਲ ਸਬੰਧਤ ਸਨ ਜਿਸ ਦਾ ਮੁਖੀ ਉਸ ਸਮੇਂ ਸ. ਠਾਕੁਰ ਸਿੰਘ ਸੀ। 'ਖੁਰਸ਼ੀਦ-ਇ-ਖਾਲਸਾ' ਨੇ ਗੁਰੂ ਨਾਨਕ ਜੀ ਦੇ ਸਮੇਂ ਤੋਂ ਲੈ ਕੇ ਸਿੱਖਾਂ ਦਾ ਸੰਖੇਪ ਇਤਿਹਾਸ ਲਿਖਿਆ ਸੀ। ਕੂਕਿਆਂ ਬਾਰੇ ਵਿਚਾਰ-ਚਰਚਾ ਕਰਦਿਆਂ, ਉਨ੍ਹਾਂ ਨੇ ਆਗੂ ਦੇ ਕੰਮ ਵੀ ਚੋਖੀ ਪਰਸੰਸਾ ਕਰਦਿਆਂ ਉਸਨੂੰ ਗੁਰੂ ਰਾਮ ਸਿੰਘ ਕਿਹਾ ਗਿਆ। ਪੁਸਤਕ ਨੇ ਮਹਾਰਾਜਾ ਦਲੀਪ ਸਿੰਘ ਦੀ ਅਗਵਾਈ ਹੇਠ ਖਾਲਸਾ ਰਾਜ ਦੇ ਮੁੜ ਸਥਾਪਿਤ ਹੋਣ ਦੀ ਗੱਲ ਵੀ ਕੀਤੀ। ਕੁਦਰਤੀ ਸੀ ਕਿ ਅਜੇਹੀ ਪੁਸਤਕ ਦੀ ਪਰਕਾਸ਼ਨਾ ਨਾਲ ਕੂਕੇ ਬਹੁਤ ਖੁਸ਼ ਹੁੰਦੇ। ਪੁਸਤਕ ਦਾ ਛਾਪਕ ਵੀ ਲਾਹੌਰ ਦੇ 'ਆਫਤਾਬ-ਇ-ਪੰਜਾਬ' ਪਰੈੱਸ ਦਾ ਮਾਲਕ ਦੀਵਾਨ ਬੂਟਾ ਸਿੰਘ ਵੀ, ਇਕ ਕੂਕਾ ਹੀ ਸੀ।"[6]

ਉਸ ਸਮੇਂ ਜਦੋਂ ਪੰਜਾਬ ਦੀ ਸਿੱਖ ਵੱਸੋਂ ਦੇ ਵਡੇਰੇ ਹਿੱਸਿਆਂ ਨੇ, ਜਿਹਨਾਂ ਨਾਲ ਦਲੀਪ ਸਿੰਘ ਨੇ ਆਪਣੀ ਹੱਡ-ਚੰਮ (ਜਾ ਲਹੂ-ਮਾਸ) ਦੀ ਸਾਂਝ ਦੱਸੀ ਸੀ, ਨੇ ਦਲੀਪ ਸਿੰਘ ਨਾਲੋਂ ਮੁਕੰਮਲ ਲਾ ਤਅੱਲਕੀ ਦਾ ਇਜ਼ਹਾਰ ਕਰਦਿਆਂ ਕਿਹਾ ਸੀ ਕਿ ਤੂੰ ਕੀ ? ਹੁਣ ਕਿਤੇ ਜੇ ਤੇਰਾ ਸਵਰਗੀ ਪਿਤਾ "ਸਿੰਘ-ਸਾਹਿਬ" ਮਹਾਰਾਜਾ ਰਣਜੀਤ ਸਿੰਘ ਵੀ ਆ ਜਾਏ ਤਾਂ ਉਹ ਵੀ ਸਾਨੂੰ ਮਲਕਾ ਵਿਕਟੋਰੀਆ ਦੇ ਬਰਕਤਾਂ ਵਾਲੇ ਰਾਜ ਦੀ ਸੁਖਦਾਈ ਛਾਂ ਤੋਂ ਅਲਹਿਦਾ ਨਹੀਂ ਕਰ ਸੱਕਦਾ। ਉਸ ਸਮੇਂ ਦੀਵਾਨ ਸਾਹਿਬ ਜਿਹਾ ਵਿਅਕਤੀ, ਜਿਸਦਾ ਛਾਪੇਖਾਨੇ ਦਾ ਸਾਰਾ ਕਾਰੋਬਾਰ ਵੀ ਸਰਕਾਰ ਦੀ ਸਵੱਲੀ ਨਜ਼ਰ ਨਾਲ ਹੀ ਚੱਲ ਸੱਕਦਾ ਸੀ, ਫਿਰ ਜੋਖਮ ਉਠਉਣੋਂ ਨਾ ਰੁਕਿਆ। ਉਸਦੇ ਅੰਦਰ ਬੈਠਾ ਸਤਿਗੁਰੂ ਰਾਮ ਸਿੰਘ ਦਾ ਕੂਕਾ, ਦੀਵਾਨ ਸਾਹਿਬ ਤੋਂ ਅਜੇਹੀਆਂ ਖਤਰਨਾਕ ਹਰਕਤਾਂ ਕਰਵਾ ਲੈਂਦਾ ਸੀ। ਉਹ ਆਪਣੇ ਮੁਲਕ, ਸਤਿਗੁਰੂ ਅਤੇ ਲੋਕਾਂ ਦੇ ਪ੍ਰੇਮ ਦਾ ਐਜਹਾ ਆਸ਼ਕ ਸੀ, ਜਿਸ ਬਾਰੇ ਵਾਰਿਸ ਸ਼ਾਹ ਬੜੀ ਸਟੀਕ ਗਵਾਹੀ ਦਿੰਦਾ ਹੈ :

"ਇਸ਼ਕ ਕਰਨ ਤਲਵਾਰ ਦੀ ਧਾਰਾ ਕੱਪਣ,
ਇਹ ਕੰਮ ਨਹੀਂ ਭੁੱਖਿਆਂ ਨੰਗਿਆ ਦਾ।
ਇਹ ਕੰਮ ਹੈ ਸਿਰਾਂ ਥੀਂ ਲੰਘਿਆਂ ਦਾ,
ਇਹ ਕੰਮ ਨਹੀਂ ਅਣ- ਭੰਗਿਆਂ ਦਾ"

ਇਹ ਕੰਮ ਸੀ : ਇਕ ਅੰਗਰੇਜ਼ ਲਿਖਾਰੀ ਦੀ, ਦਲੀਪ ਸਿੰਘ ਬਾਰੇ ਲਿਖੀ ਅੰਗਰੇਜ਼ੀ ਕਿਤਾਬ ਨੂੰ, ਪੰਜਾਬੀ ਵਿਚ ਤਰਜਮਾ ਕੇ, ਆਪਣੇ ਪਰੈਸ ਵਿਚ ਛਾਪਣਾ ਅਤੇ ਮੁੜ ਕੁਝ ਮਹੱਤਵਪੂਰਨ ਲੋਕਾਂ ਤੱਕ ਪੁਚਾ ਕੇ ਉਹਨਾਂ ਨੂੰ ਅੰਗਰੇਜ਼ਾਂ ਦੁਆਰਾ, ਬਾਲਕ ਮਹਾਰਾਜੇ ਨਾਲ ਪੈਰ-ਪੈਰ ਤੇ ਕੀਤੇ ਧੱਕੇ ਧੋੜਿਆਂ, ਵਾਅਦਾ ਖਿਲਾਫੀਆਂ, ਮਿੱਤਰ ਮਾਰ ਅਤੇ ਬੇਵਸਾਹੀ ਦੀਆਂ ਬਾਤਾਂ ਸੁਣਾਕੇ, ਆਮ ਪੰਜਾਬੀਆਂ ਅਤੇ ਖਾਸ ਕਰ, ਜੀ ਹਜ਼ੂਰੀਏ ਸਿੱਖ ਸਰਦਾਰਾਂ ਦੀਆਂ ਸੁੱਤੀਆਂ ਜ਼ਮੀਰਾਂ ਜਗਾ ਕੇ ਕੋਈ ਨਵਾਂ ਬਾਨ੍ਹਣੂ ਬੰਨ੍ਹਣਾ।

ਸੀ. ਐਲ. ਟੱਪਰ ਨਾਮੀ ਅਧਿਕਾਰੀ ਦੀ, ਐਚ.ਐਮ. ਡੂਰੰਡ ਨੂੰ ਲਿਖੀ ੨੮ ਦਿਸੰਬਰ ੧੮੮੫ ਦੀ ਚਿਠੀ ਵਿਚ ਇਹ ਵੇਰਵਾ ਮਿਲਦਾ ਹੈ :"ਮੇਜਰ ਈਨਾਵਜ਼ ਬੈਲ ਦੀ ਅੰਗਰੇਜ਼ੀ ਕਿਤਾਬ "The Annexation of Punjab and Maharaja Daleep Singh" ਦਾ ਗੁਰਮੁਖੀ ਵਿਚ ਤਰਜਮਾ ਹੋ ਚੁਕਾ ਹੈ ਅਤੇ ਲਾਹੌਰ ਸ਼ਹਿਰ ਦੇ "ਆਫਤਾਬ-ਇ-ਪੰਜਾਬ" ਪੈਰਸ ਵਿਚੋਂ ਇਸ ਦੀਆਂ ੩੦੦ ਕਾਪੀਆਂ ਛਪਵਾਉਣ ਦਾ ਪ੍ਰਬੰਧ ਕੀਤਾ ਗਿਆ ਹੈ। ਸਰਦਾਰ ਠਾਕਰ ਸਿੰਘ ਸੰਧਾਵਾਲੀਆ ਚਾਹੁੰਦਾ ਹੈ ਕਿ ਇਸ ਰਚਨਾ ਨੂੰ ਪੰਜਾਬੀ ਵਿਚ ਛਪਵਾ ਕੇ, ਪੰਜਾਬ ਦੇ ਕੁਝ ਲੋਕਾਂ ਪਾਸ ਮੁਫਤ ਪੁਚਾਇਆ ਜਾਵੇ।

"ਅਨੁਵਾਦ ਦਾ ਕੰਮ ਅੰਮ੍ਰਿਤਸਰ ਦਾ ਪ੍ਰਤਾਪ ਸਿੰਘ ਕਰ ਰਿਹਾ ਹੈ। ਪਰਤਾਪ ਸਿੰਘ ਸਰਦਾਰ ਠਾਕੁਰ ਸਿੰਘ ਸੰਧਾਂਵਾਲੀਏ ਨਾਲ ਇੰਗਲੈਂਡ ਗਿਆ ਸੀ ਅਤੇ ਉਥਿ ਮਹਾਰਾਜਾ (ਦਲੀਪ ਸਿੰਘ) ਨੂੰ ਗ੍ਰੰਥ (ਸਾਹਿਬ) ਦਾ ਪਾਠ ਸੁਣਾਉਂਦਾ ਰਿਹਾ ਸੀ।



Namdhari Elibrary NamdhariElibrary@gmail.com

ਉਹ ਸਰਦਾਰ ਤੋਂ ਇਕ ਮਹੀਨਾ ਪਹਿਲਾ ਭਾਰਤ ਆ ਗਿਆ ਸੀ।....

"ਦੀਵਾਨ ਬੂਟਾ ਸਿੰਘ ਜੋ ਆਫਤਾਬ-ਇ-ਪੰਜਾਬ ਪਰੈਸ ਦਾ ਮਾਲਕ ਹੈ, ਲਾਹੌਰ ਸ਼ਹਿਰ ਦੀ ਕੋਤਵਾਲੀ ਪਾਸ ਉਸਦਾ ਕਾਰੋਬਾਰੀ ਢਾਂਚਾ ਹੈ, ਜਿੱਥੇ ਉਸਦੇ ਛਾਪੇਖਾਨੇ ਮੌਜੂਦ ਹਨ।ਗੁਰੂ ਰਾਮ ਸਿੰਘ ਦੇ ਦੇਸ਼ ਨਿਕਾਲੇ ਤੋਂ ਪਹਿਲਾਂ ਉਹ ਇਕ ਸਰਗਰਮ ਕੂਕਾ ਸੀ। ਪ੍ਰੰਤੂ ਹੁਣ ਉਹ ਕੂਕਾ ਰਹਿਤ ਮਰਿਆਦਾ ਨੂੰ ਖੁੱਲਮ ਖੁੱਲ੍ਹਾ ਨਹੀਂ ਧਾਰਨ ਕਰਦਾ। ਉਹ ਇਕ ਧਨੀ ਮਾਨੀ ਵਿਅਕਤੀ ਹੈ। ਪਹਿਲੋਂ ਪਹਿਲ ਉਹ ਮਹਾਰਾਣੀ ਜਿੰਦਾ ਦਾ ਦੀਵਾਨ ਸੀ, ਮੂਲਰਾਜ ਦੀ ਮੁਲਤਾਨ ਬਗਾਵਤ ਤੋਂ ਕੁਝ ਪਹਿਲਾਂ ਉਹ ਮਹਾਰਾਣੀ (ਜਿੰਦਾ) ਵਾਸਤੇ ਮਾਹੌਲ ਬਣਾ ਕੇ ਗੜਬੜ ਦੀਆਂ ਤਿਆਰੀਆਂ ਵਿਚ ਹੀ ਸੀ, ਜਦੋਂ ਉਹ ਨੂੰ ਸੱਤਾਂ ਵਰ੍ਹਿਆਂ ਲਈ ਅਲਾਹਾਬਾਦ ਸਿਆਸੀ ਕੈਦੀ ਦੇ ਤੌਰ ਤੇ ਭੇਜ ਦਿਤਾ ਗਿਆ ਸੀ।

"੧੮੬੬ ਵਿਚ ਉਹਨੇ ਲਾਹੌਰ ਇਕ ਪਰੈਸ ਲਾਇਆ। ਮਹੀਨੇ ਵਿਚ ਦੋ ਵਾਰ 'ਅਨਵਰ-ਉਲ-ਸ਼ਮਸ' ਨਾਂ ਦਾ ਕਾਨੂੰਨ ਦਾ ਰਸਾਲਾ ਛਾਪਣਾ ਸ਼ੁਰੂ ਕੀਤਾ ਜੋ ਹੁਣ ਤਕ ਛਪ ਰਿਹਾ ਹੈ। ੧੮੭੨ ਵਿਚ ਉਸਨੇ "ਅਫ਼ਤਾਬ-ਇ-ਪੰਜਾਬ" ਨਾਂ ਦਾ ਅਖਬਾਰ ਛਾਪਣਾ ਸ਼ੁਰੂ ਕੀਤਾ, ਜਿਹੜਾ ਕਾਨੂੰਨ ਮੁਤਾਬਿਕ ਆਪਣੀ ਸੁਰ ਵਿਚ ਨਰਮ ਹੈ। ਪਰ ਇਸ ਅਖ਼ਬਾਰ ਵਿਚ ਵਕਤਨ-ਬ-ਵਕਤਨ ਗਊ ਬੱਧ ਖ਼ਤਮ ਕੀਤੇ ਜਾਣ ਬਾਰੇ ਲਿਖਿਆ ਜਾਂਦਾ ਹੈ। ਜਨਵਰੀ ੧੮੮੩ ਵਿਚ ਜਦੋਂ ਭੇਣੀ (ਸਾਹਿਬ) ਪੁਲਿਸ ਚੌਕੀ ਦਾ ਇਕ ਸਿਪਾਹੀ, ਇਕ ਜਨੂੰਨੀ ਕੂਕੇ ਅੜਬੰਗੀ ਦਾਸ ਦੇ ਹੱਥੋਂ ਮਾਰਿਆ ਗਿਆ ਸੀ ਤਾਂ ਇਸ ਅਖਬਾਰ ਨੇ ਇਸ ਘਟਨਾ ਨੂੰ ਬੜਾ ਤੋੜ ਮਰੋੜ ਕੇ ਪੇਸ਼ ਕੀਤਾ ਸੀ, ਜਿੱਥੋਂ ਕੂਕਿਆਂ ਪ੍ਰਤੀ ਹਮਦਰਦੀ ਦੀ ਕੁਝ ਮਾਤਰਾ ਉਸ ਵਿਚ ਪ੍ਰਗਟ ਹੁੰਦੀ ਸੀ।

"ਦੀਵਾਨ ਬੂਟਾ ਸਿੰਘ ਦਾ ਸਰਦਾਰ ਠਾਕਰ ਸਿੰਘ ਸੰਧਾਂਵਲੀਏ ਨਾਲ ਪੱਤਰ ਵਿਹਾਰ ਕਰਨ ਬਾਰੇ ਵੀ ਵਿਸ਼ਵਾਸ਼ ਕੀਤਾ ਜਾਂਦਾ ਹੈ।"7

ਇਹ ਸ. ਠਾਕੁਰ ਸਿੰਘ ਸੰਧਾ ਵਾਲੀਆ, ਮਹਾਰਾਜਾ ਦਲੀਪ ਸਿੰਘ ਦੀ ਅਗਵਾਈ ਹੇਠ ਬਣੀ ਨਿਰਵਾਸਤ ਪੰਜਾਬ ਸਰਕਾਰ ਦਾ ਪ੍ਰਧਾਨ ਮੰਤਰੀ ਸੀ ਅਤੇ ਦਲੀਪ ਸਿੰਘ ਨੂੰ ਫਰੰਗੀਆਂ ਨਾਲ ਲੋਹਾ ਲੈਣ ਦਾ ਪਾਠ ਪੜ੍ਹਾਉਣ ਬਾਦ ਪੰਜਾਬ ਵਿਚ ਨਹੀਂ ਆਇਆ, ਸਗੋਂ ਉਹ ਫਰਾਂਸੀਸੀ ਬਸਤੀ ਪਾਂਡੀਚਰੀ ਵਿਚ ਹੀ ਰਹਿੰਦਾ ਰਿਹਾ। ਜਿੱਥੇ ਉਨ੍ਹੀਵੀ ਸਦੀ ਦੇ ਨੌਵੇਂ ਦਹਾਕੇ ਦੇ ਅੱਧ ਦੇ ਆਸ-ਪਾਸ ਉਸਦਾ ਦਿਹਾਂਤ ਹੋ ਗਿਆ ਅਤੇ ਦਲੀਪ ਸਿੰਘ ਇਕ ਨੀਤੀ ਘਾੜੇ ਵਡੇਰੇ ਤੋਂ ਵੀ ਮਹਿਰੂਮ ਹੋ ਗਿਆ। ਇਹੋ ਜਿਹੇ ਸੰਧਾਵਾਲੀਏ ਸਰਦਾਰ ਨਾਲ ਦੀਵਾਨ ਸਾਹਿਬ ਦਾ ਪੱਤਰ ਵਿਹਾਰ ਵੀ ਉਪਰ ਵਰਣਿਤ ਤਿਕੋਣ ਨੂੰ, ਇਸਦੇ ਮੰਤਕੀ ਨਤੀਜੇ ਤੱਕ ਪੁਚਾਉਣ ਵਾਲਾ ਹੀ, ਹੋ ਸਕਦਾ ਹੈ।

ਅਕਸਰ ਅੰਗਰੇਜ਼ ਸਰਕਾਰ ਨੇ ਆਪਣੇ ਸਾਰੇ ਉੱਚ-ਅਧਿਕਾਰੀਆਂ ਨੂੰ ਹਦਾਇਤ ਕੀਤੀ ਸੀ ਕਿ ਕੂਕਿਆਂ ਨਾਲ ਸਬੰਧਿਤ ਕੋਈ ਵੀ ਸਮੱਗਰੀ ਲਾਹੌਰ ਦੇ ਕਿਸੇ ਪ੍ਰੈਸ ਵਿਚੋਂ ਨਾ ਛਪਵਾਉਣ ਕਿਉਂ ਜੁ ਉਸਦੀ ਸੂਹ ਆਪਣੇ ਅਸਰ ਰਸੂਖ ਕਾਰਨ ਦੀਵਾਨ ਸਾਹਿਬ ਤੱਕ ਪੁੱਜ ਜਾਏਗੀ, ਜਿਸ ਤੋਂ ਫਿਰ ਕੂਕੇ ਸੁਚੇਤ ਹੋ ਜਾਣਗੇ। ਭਾਈ ਧਿਆਨ ਸਿੰਘ ਕਾਦਰਾਬਾਦੀ ਕ੍ਰਿਤ, "ਸਤਿਗੁਰੂ ਬਿਲਾਸ-ਪਾਤਸ਼ਾਹੀ ਬਾਰ੍ਹਵੀਂ" ਵਿਚ ਵੀ ਦੀਵਾਨ ਸਾਹਿਬ ਦੇ ਛਾਪੇ-ਖਾਨੇ ਦਾ ਜ਼ਿਕਰ ਮਿਲਦਾ ਹੈ, ਜਿਸ ਛਾਪੇ ਖਾਨੇ ਵਿਚ ੧੮੬੭ ਈ. ਦੀਪਾਵਲੀ ਤੇ ਸਤਿਗੁਰੂ ਰਾਮ ਸਿੰਘ ਜੀ ਦੇ ਹਜ਼ਾਰਾਂ ਸੰਗਤਾਂ ਸਮੇਤ ਜਾਣ ਦੇ ਪਰਸੰਗ ਦਾ ਜ਼ਿਕਰ "ਸਤਿਗੁਰੂ ਬਿਲਾਸ" ਦੀ ਕਥਾ ਕਰਦਿਆਂ ਇਉਂ ਆਉਂਦਾ ਹੈ :

"ਭਾਈ ਹਰਮੀਤ ਸਿੰਘ ਜੀ ਕਹਿੰਦੇ ਹਨ ਕਿ ਅੰਮ੍ਰਿਤਸਰ ਜੀ ਗੁਰੂ ਕੀ ਪੁਰੀ ਵਿਚ, ਜਿੱਥੇ ਬਾਹਰ ਸਤਿਗੁਰੂ ਜੀ ਉਤਰੇ ਹੋਏ ਸਨ, ਬਹੁਤ ਸਾਰੀ ਸੰਗਤ ਆਉਂਦੀ ਸੀ। ਹਜ਼ਾਰਾਂ ਸੈਂਕੜੇ ਲੋਕ ਸ਼ਹਿਰ ਦੇ ਦਰਸ਼ਨਾਂ ਵਾਸਤੇ ਆਉਂਦੇ ਸੀ।

ਡਿਪਟੀ ਦੀਨਾ ਨਾਥ ਸੁਤ ਤਹਿਸੀਲਦਾਰ ਲੈ ਸੰਗ।

"ਕਹਿੰਦੇ ਨੇ ਇਕ ਡਿਪਟੀ ਸੀ— ਦੀਨਾ ਨਾਥ ਉਹਦਾ ਨਾਂ ਸੀ, ਉਹਦਾ ਪੁੱਤਰ ਨਾਲ ਸੀ ਔਰ ਤਹਿਸੀਲਦਾਰ ਉਹਦੇ ਨਾਲ ਸੀ।

ਬੂਟਾ ਸਿੰਘ ਦੀਵਾਨ ਜੋ ਲਵਪੁਰ ਛਾਪੇ ਰੰਗ॥੧੮॥

"ਲਾਹੌਰ ਦੇ ਬੂਟਾ ਸਿੰਘ ਜੀ ਦੀਵਾਨ, ਯਾ ਦੀਨਾ ਨਾਥ ਡਿਪਟੀ ਦਾ ਪੁੱਤਰ, ਲਾਹੌਰ ਵਿਚ ਜਿਨ੍ਹਾਂ ਨੇ ਛਾਪਾ ਖਾਨਾ ਖੋਲਿਆ। ਮੈਨੂੰ ਇਹ ਗੱਲ ਯਾਦ ਹੈ ਕਿ ਸਭ ਤੋਂ ਪਹਿਲਾਂ ਪੱਥਰ ਦੇ ਛਾਪੇ ਵਿਚ ਜਿਹੜੀ ਗ੍ਰੰਥ ਸਾਹਿਬ ਜੀ, ਆਦਿ ਦੀ ਬੀੜ ਸੀ, ਉਹ ਬੜੀ ਲੰਮੀ ਸੀ। ਬੜੀ ਲੰਮੀ ਸੀ ਉਹਦੀ ਤਖਤੀ, ਮੈਂ ਉਹਦੇ ਦਰਸ਼ਨ ਕੀਤੇ ਹਨ। ਪਹਿਲਾਂ ਉਹ ਬੂਟਾ ਸਿੰਘ ਨੇ ਛਾਪੀ ਔਰ ਸਤਿਗੁਰਾਂ ਛਪਵਾਈ ਬੜੀ ਸ਼ੁੱਧ। ਫੇਰ ਉਨ੍ਹਾਂ ਨੇ ਕਿਹਾ, "ਭਾਈ ਇਹ ਪੜ੍ਹਿਆ ਨਹੀਂ ਜਾਂਦਾ," ਤੇ ਉਸ ਤੋਂ ਛੋਟਾ ਬਣਿਆ। ਦੀਵਾਨ ਬੂਟਾ ਸਿੰਘ ਬਾਬਤ ਅੰਗਰੇਜ਼ਾਂ ਦੇ ਕਾਗਜ਼ਾਂ ਵਿਚ ਇਹ ਚੀਜ਼ ਆਈ ਹੈ, ਇਹ ਕੂਕਾ ਹੈ, ਔਰ ਇਹ ਕੂਕਿਆਂ ਦੀ ਮੱਦਦ ਕਰਦਾ ਹੈ ਇਨ੍ਹਾਂ ਨੂੰ ਛਾਪ ਕੇ


Namdhari Elibrary NamdhariElibrary@gmail.com

ਦਿੰਦਾ ਹੈ- ਕੁਛ"[8]

ਦੀਵਾਨ ਸਾਹਿਬ ਦੀ ਕੀਰਤੀ, ਅੰਗਰੇਜ਼ ਸਰਕਾਰ ਦੇ ਖੁਫੀਆ ਪੱਤਰਾਂ ਵਿਚ ਨਾ ਜਾਣੇ ਕਿੰਨੀ ਥਾਈਂ ਸਮੋਈ ਪਈ ਹੈ। ਪੰਜਾਬ ਪੁਲਿਸ ਦਾ ਇੰਸਪੈਕਟਰ ਜਨਰਲ, ਲੈਫਟੀਨੈਂਟ ਕਰਨਲ ਜੀ ਹਚਿਨਸਨ, ਪੰਜਾਬ ਸਰਕਾਰ ਦੇ ਸਕੱਤਰ ਨੂੰ, ੩੦ ਜਨਵਰੀ ੧੮੭੦ ਨੂੰ ਲਿਖੇ ਲੰਮੇ ਪੱਤਰ ਦੇ ਪੈਰਾ ਨੰ. ੧੧ ਵਿਚ ਲਿਖਦਾ ਹੈ : "ਲੈਫਟੀਨੈਂਟ ਕਰਨਲ ਬੇਲੀ ਡਿਪਟੀ ਇੰਸਪੈਕਟਰ ਜਨਰਲ, ਲਾਹੌਰ ਸਰਕਲ, ਲਿਖਦਾ ਹੈ ਕਿ ਬੜੀ ਗਰਮਜੋਸ਼ੀ ਨਾਲ ਕੂਕਾ ਮੱਤ ਨੂੰ ਵਧਾਉਣ ਵਾਲਾ ਦੀਵਾਨ ਬੂਟਾ ਸਿੰਘ.... ਹੈ। ਇਸ ਮੱਤ ਦੇ ਸੂਬੇ ਅਤੇ ਮਹੰਤ ਲਗਾਤਾਰ ਉਹਦੇ ਸੰਪਰਕ ਵਿਚ ਰਹਿੰਦੇ ਹਨ ਅਤੇ ਮਹੱਤਵਪੂਰਨ ਮਸਲਿਆਂ ਤੇ ਉਸ ਦੀ ਰਾਇ ਲਈ ਜਾਂਦੀ ਹੈ। ਇਸ ਬੰਦੇ ਦੇ ਲੱਛਣਾਂ ਤੋਂ ਇਸ ਦੇ, ਇਸ ਫਿਰਕੇ ਦੀ ਨਿਯਮਾਵਲੀ ਨੂੰ, ਧਾਰਮਿਕ ਉਦੇਸ਼ਾਂ ਤੋਂ ਪੂਰਤੀ ਬਾਰੇ ਤਾਂ ਸੰਦੇਹ ਕੀਤਾ ਜਾ ਸਕਦਾ ਹੈ। ਪੰਜਾਬ ਵਿਚ ਬਰਤਾਨਵੀ ਸ਼ਾਸਨ ਦੇ ਮੁੱਢਲੇ ਦਿਨਾਂ ਵਿਚ, ਦੀਵਾਨ ਬੂਟਾ ਸਿੰਘ, ਬਰਤਾਨਵੀ ਸਰਕਾਰ ਦੇ ਹਿੱਤਾਂ ਦੇ ਵਿਰੁੱਧ ਰਾਣੀ ਚੰਦ ਕੌਰ (ਨਹੀਂ ਜਿੰਦ ਕੌਰ) ਨਾਲ ਸਾਜ਼ ਬਾਜ਼ ਕਰਦਾ ਪਾਇਆ ਗਿਆ ਸੀ, ਅਤੇ ਉਸਦੇ ਇਸ ਦੁਰ ਚਲਨ ਬਦਲੇ ਉਹਨੂੰ ਸਜ਼ਾ ਵਜੋਂ, ਅਲਾਹਬਾਦ ਕਿਲੇ ਵਿਚ ਸੱਤ ਵਰ੍ਹੇ ਕੈਦ ਕੱਟਣੀ ਪਈ ਸੀ। ਉਸ ਦਾ ਚਾਲ ਚਲਨ ਅੰਗਰੇਜ਼ੀ ਸਰਕਾਰ ਦੇ ਸ਼ੁਭ ਚਿੰਤਕਾਂ ਵਾਲਾ ਨਹੀਂ।"[9]

ਅੰਬਾਲਾ ਡਿਵੀਜ਼ਨ ਦਾ ਸਾਬਕਾ ਕਾਰਜਕਾਰੀ ਕਮਿਸ਼ਨਰ, ਜੇ ਡਬਲਯੂ. ਮੈਕਨੇਬ ਆਪਣੀ ੪ ਨਵੰਬਰ ੧੮੭੧ ਦੀ ਰੀਪੋਰਟ, ਜੋ ਮੈਕਨੇਬ ਰੀਪੋਰਟ ਦੇ ਨਾਮ ਨਾਲ ਕੂਕਾ ਇਤਿਹਾਸ ਵਿਚ ਪਰਸਿੱਧ ਹੈ, ਵਿੱਚ ਫਿਰ ਦੀਵਾਨ ਬੂਟਾ ਸਿੰਘ ਦੇ ਨਾਮ ਦੇ ਕੀਰਨੇ ਪਾਉਂਦਾ ਹੈ। ਇਸ ਵੇਰ ਬਹਾਨਾ ਅੰਮ੍ਰਿਤਸਰ ਬੁੱਚੜ ਬੁੱਧ ਦਾ ਸਾਕਾ ਹੈ। ਉਹ ਇੰਸਪੈਕਟਰ ਇਮਦਾਦ ਅਲੀ ਦੁਆਰਾ ਸ਼ਹੀਦ ਬੀਹਲਾ ਸਿੰਘ ਨਾਰਲੀ ਦੇ ਘਰੋਂ ਤਲਾਸ਼ੀ ਸਮੇਂ ਮਿਲੀਆਂ ਪੰਜ ਪੋਥੀਆਂ ਦਾ ਜ਼ਿਕਰ ਕਰਦਾ ਹੈ, ਜੋ ਇਮਦਾਦ ਅਲੀ ਨੇ ਟਰਟਨ ਸਮਿੱਥ ਨੂੰ ਦੇ ਦਿੱਤੀਆਂ। ਉਹਨੇ ਇਹ ਅੰਗਰੇਜ਼ੀ ਵਿਚ ਅਨੁਵਾਦ ਕਰ ਲਈਆਂ। ਇਹ ਪੰਜੇ ਪੋਥੀਆਂ ਹਰ ਕੂਕੇ ਦੁਆਰਾ ਪੜ੍ਹੇ ਜਾਣ ਦੀ (ਗੁਰੂ) ਰਾਮ ਸਿੰਘ ਵਲੋਂ ਪਰਵਾਨਗੀ ਹੈ। ਮੈਕਨਬ ਲਿਖਦਾ ਹੈ : "'ਹਰ ਕੂਕਾ ਜੋ ਪੜ੍ਹਨਾ ਜਾਣਦਾ ਹੈ, ਦੀਵਾਨ ਬੂਟਾ ਸਿੰਘ ਲਾਹੌਰ ਜੋ ਇਕ ਬਗਾਵਤ ਰਚਣ ਵਾਲਾ ਸਾਜ਼ਿਸ਼ ਕਰਤਾ ਹੈ, ਦੇ ਪਰੈਸ ਵਿਚ ਛਪੀ ਇਕ ਪੋਥੀ ਆਪਣੇ ਪਾਸ ਰੱਖਦਾ ਹੈ। ਇਸ ਪੁਸਤਕ ਵਿਚ (ਸ੍ਰੀ ਦਸਮ ਗੁਰੂ) ਗ੍ਰੰਥ (ਸਾਹਿਬ) ਦੇ ਉਹ ਸਾਰੇ ਭਾਗ ਹਨ, ਜੋ ਯੁੱਧ ਲਈ ਉਕਸਾਉਂਦੇ ਹਨ ਜਿਹਾ ਕਿ "ਉਗਰ ਦੰਤੀ" ਅਤੇ "ਚੰਡੀ ਪਾਠ"– ਗੁਰੂ ਗੋਬਿੰਦ ਸਿੰਘ ਦੇ ਗ੍ਰੰਥ ਵਿਚੋਂ। ਇਸ ਤੋਂ ਬਿਨਾਂ "ਸੌ ਸਾਖੀ" "ਬਾਬੇ ਅਜਿੱਤੇ ਦੀ ਗੋਸ਼ਟ" ਅਤੇ "ਕਰਨੀ ਨਾਮਾ"। "ਸੌ ਸਾਖੀ" ਨੂੰ ਇਕ ਪੁਰਾਣੀ ਪੁਸਤਕ ਕਿਹਾ ਜਾਂਦਾ ਹੈ, ਪਰੰਤੂ ਇਸ ਵਿਚ (ਗੁਰੂ) ਰਾਮ ਸਿੰਘ ਤੇ ਉਸ ਦੇ ਪਿਤਾ ਦਾ ਨਾਮ ਦਰਜ ਹੈ, ਇਸ ਲਈ ਨਵੀਂ ਹੈ। ਦੂਜੀ ਬਾਬੇ ਅਜਿੱਤੇ ਦੀਆਂ ਭਵਿੱਖ ਬਾਣੀਆਂ ਪਹਿਲੀ ਜਿਹੀ ਹੀ ਹੈ। ਤੀਜੀ "ਕਰਨੀ ਨਾਮਾ" ਵੀ ਭਵਿਖ ਬਾਣੀ ਹੈ ਜੋ ਦੱਸਦੀ ਹੈ ਕਿ ਖਾਲਸਾ ਕਿਵੇਂ ਦਿੱਲੀ ਤੇ ਕਬਜ਼ਾ ਕਰੇਗਾ ਅਤੇ ਅੰਗਰੇਜ਼ਾਂ ਨੂੰ ਕੱਢ ਦੇਵੇਗਾ।.... ਇਹਨਾਂ ਤਿੰਨਾਂ ਮਗਰਲੀਆਂ ਕਿਤਾਬਾਂ ਨੂੰ ਹਾਲੇ ਛਾਪੇ ਦਾ ਜਾਮਾ ਨਹੀਂ ਮਿਲਿਆ।"[10]

ਉਪਰ ਜੋ ਧਾਰਮਿਕ ਪੱਖ ਤੋਂ ਦੀਵਾਨ ਸਾਹਿਬ ਤੇ ਮਰਿਆਦਾ ਦੇ ਬਾਹਰੀ ਚਿੰਨ੍ਹਾਂ ਦੀ ਪਾਲਣਾ ਦੀ ਅਵੱਗਿਆ ਦਾ ਦੋਸ਼ ਲਾਕੇ, ਉਸਨੂੰ ਗੈਰ ਧਾਰਮਿਕ ਵਿਅਕਤੀ ਦੱਸਣ ਦੀ ਸਰਕਾਰੀ ਸਾਜ਼ਿਸ਼, ਨਾਮਧਾਰੀ ਇਤਿਹਾਸ ਝੁਠਲਾ ਦਿੰਦਾ ਹੈ। ਉੱਪਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ ਵਿਚ ਡਿਪਟੀ ਮੁਸਲਮਾਨ ਤਹਿਸੀਲਦਾਰ ਅਤੇ ਦੀਵਾਨ ਬੂਟਾ ਸਿੰਘ ਦੇ ੧੮੬੭ ਦੀ ਦੀਵਾਲੀ ਤੇ, ਅੰਮ੍ਰਿਤਸਰ ਗੁਰੂ ਦਰਸ਼ਨ ਕਰਨ ਦਾ ਪਰਸੰਗ ਹੈ। ਇਹ ਡਿਪਟੀ ਲਹੌਰ ਖਾਲਸਾ ਦਰਬਾਰ ਦੇ ਉਘੇ ਦਰਬਾਰੀ ਰਾਜਾ ਦੀਨਾ ਨਾਥ ਦਾ ਪੁੱਤਰ ਸੀ।ਰਾਜਾ ਦੀਨਾ ਨਾਥ ਨੇ ਲਾਹੌਰ ਦੀ ਆਖਰੀ ਸੰਧੀ 'ਤੇ ਗਵਾਹ ਵਜੋਂ ਦਸਤਖ਼ਤ ਕੀਤੇ ਸਨ ਅਤੇ ੧੮੫੭ ਵਿਚ ਕਾਲ ਵਸ ਹੋਇਆ ਸੀ। ਇਸ ਦੇ ਅੰਗਰੇਜ਼ਾਂ ਨਾਲ ਚੰਗੇ ਸੰਬੰਧਾਂ ਕਰ ਕੇਹੀ ਇਸ ਦੇ ਪੁੱਤਰ ਨੂੰ ਡਿਪਟੀ ਦੀ ਨੌਕਰੀ ਦਿੱਤੀ ਗਈ ਸੀ। ਉਸ ਪ੍ਰਸੰਗ ਵਿਚ ਕਸ਼ਮੀਰ ਦੇ ਇੱਕ ਇਸਲਾਮ ਤਿਆਗ ਕੇ ਸਿੰਘ ਸਜੇ, ਭਾਈ ਕਸ਼ਮੀਰ ਸਿੰਘ ਦਾ ਰੌਚਕ ਪਰਸੰਗ ਹੈ। ਅਤੇ ਇਹ ਤਿੰਨੇ ਸਤਿਗੁਰੂ ਜੀ ਦੇ ਕੀੜੀ ਤੋਂ ਹਾਥੀ ਤੱਕ ਸਭ ਨੂੰ ਨਾਮ ਜਪਾਉਣ ਵਾਲੇ ਮਿਸ਼ਨ ਤੋਂ ਅਭੀਭੂਤ ਹੁੰਦੇ ਵਿਖਾਏ ਹਨ :

" ਬਹੁਤ ਨੇਕ ਰਸਤਾ ਨਿਜ ਸਿਖੀ॥
ਕੀਓ ਬਤਾਵਨ ਭਲੀ ਸੁ ਦਿਖੀ॥੨੭॥
ਸਤਿਗੁਰ ਭਾਖੇ ਹੁਕਮ ਅਕਾਲ॥
'ਪੰਖੀ ਪਸੁ ਦੇਹੁ ਸਬਦ ਰਸਾਲ॥
ਚਾਹਤ ਹੌਂ ਪ੍ਰਭ ਹੁਕਮ ਬਜਾਇਆ॥
ਕੀਟ ਹਸਤਿ ਤਕ ਨਾਮ ਜਪਾਇਆ॥੨੮॥
ਵੇਲਾ ਇਹ ਫਿਰ ਹਾਥ ਨਾ ਆਵੈ॥



Namdhari Elibrary NamdhariElibrary@gmail.com

ਅਬ ਕਾ ਬਿਛੁਰਾ ਬਹੁ ਦੁਖ ਪਾਵੈ॥
ਘੋਰ ਨਰਕ ਮੇਂ ਗੋਤੇ ਖਾਵੈ॥
ਕੋਇ ਨਾ ਚਾਰਾ ਫੁਨਿ ਪਛੁਤਾਵੈ॥ ੨੯॥
ਤੀਨੋ ਸੁਣ ਵਹਿ ਏਤੀ ਬਾਨੀ॥
ਅਹੋ ਧੰਨ ਪ੍ਰਭ ਪੁਰਖ ਮਹਾਨੀ॥
ਦੀਸੈ ਆਨ ਨ ਕੋ ਤੁਮ ਸਾਨੀ॥
ਪੂਰਨ ਸਰਬੱਗਯ ਬ੍ਰਹਮ ਗਿਆਨੀ॥੩੦॥
ਨਾਮ ਰੂਪ ਤੁਮ ਧਰਾ ਸਰੀਰ॥
ਕਾਟੋ ਦੁਹ ਲੋਕਨ ਕੀ ਪੀਰ॥"[11]

ਦੀਵਾਨ ਸਾਹਿਬ ਦੇ ਨਾਲ ਜੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ, ਪੱਛਮੀ ਪੰਜਾਬ, ਜਾਂ ਲਾਹੌਰ ਦੇ ਗੁਰੂ ਹਰੀ ਸਿੰਘ ਜੀ ਨਾਲ ਕਿਸੇ ਦੌਰੇ ਸਮੇਂ, ਭੇਂਟ ਹੋਈ ਹੁੰਦੀ, ਤਾਂ ਉਸਦਾ ਜ਼ਿਕਰ ਆਪ ਨੇ ਕਰਨਾ ਸੀ। ਇਸ ਲਈ ਨਿਸ਼ਚੇ ਹੀ ੮੦ ਕੁ ਸਾਲ ਦੀ ਭਰੀ ਪੂਰੀ ਉਮਰ ਭੋਗ ਕੇ ਉਹ ਉਨੀਵੀਂ ਸਦੀ ਬੀਤਣ ਤੋਂ ਰਤਾ ਪਹਿਲਾਂ ਹੀ ਅਕਾਲ ਚਲਾਣਾ ਕਰ ਗਏ ਸਨ।

ਭਾਵੇਂ ਉਹ ਭਜਨ ਬਾਣੀ ਕਰਨ ਅਤੇ ਨਾਮ ਦਾਨ ਦੇਣ ਵਾਲੇ, ਸਾਧੂ ਬਿਰਤੀ ਵਾਲੇ ਨਾ ਹੋ ਕੇ, ਰਾਜਸੀ ਪਰਵਿਰਤੀ ਦੇ ਵਿਅਕਤੀ ਸਨ, ਜਿਹਨਾਂ ਨੇ ਸਿੱਖ ਰਾਜ ਦਾ ਗੌਰਵ ਵੀ ਹੰਡਾਇਆ ਅਤੇ ਇਸ ਦੀ ਬਰਬਾਦੀ ਤੇ ਖ਼ੂਨ ਦੇ ਅੱਥਰੂ ਵੀ ਵਹਾਏ। ਉਹਨਾਂ ਦੇ ਸੁਭਾਅ ਵਿਚ ਕੁਝ ਇਸ ਤਰ੍ਹਾਂ ਦਾ ਲਚਕੀਲਾਪਨ ਸੀ ਕਿ ਬਦਲਦੀਆਂ ਪ੍ਰਸਥਿਤੀਆਂ ਅਤੇ ਵਿਰੋਧੀ ਹਾਲਾਤ ਵਿਚ ਵੀ ਉਹ ਆਪਣੇ ਮਨੋਰਥ ਲਈ ਕੋਈ ਨਾ ਕੋਈ ਰਾਹ ਕੱਢਣ ਦੇ ਸਮਰਥ ਸਨ। ਪੰਜਾਬ ਦੀ ਸੁਤੰਤਰਤਾ ਲਈ ਚੱਲੇ ਸੰਗਰਾਮ ਵਿਚ ਉਹਨਾਂ ਦਾ ਯੋਗਦਾਨ ਅਦੁੱਤੀ ਸੀ। ਆਪਣੀ ਕੁਲੀਨ ਵਰਗ ਵਾਲੀ ਪਿੱਠ ਭੂਮੀ ਹੁੰਦਿਆ ਵੀ ਉਹਨਾਂ ਸਧਾਰਨ ਜਨ ਦੀ ਬੰਦ ਖਲਾਸੀ ਲਈ ਚੱਲਣ ਵਾਲੀ, ਮਹਾਨ ਕੂਕਾ ਲਹਿਰ ਵਿਚ ਸਰਗਰਮ ਭੂਮਿਕਾ ਨਿਭਾਹੀ। ਉਹ ਪੰਜਾਬ ਦੀ ਰਾਜਧਾਨੀ ਲਾਹੌਰ ਵਿਚ ਦਹਾਕਿਆਂ ਬੱਧੀ ਕੂਕਿਆਂ ਦੇ ਇਕ ਸ਼ਕਤੀਸ਼ਾਲੀ ਸਤੰਭ ਜਿਉ, ਅਡੋਲ ਖਲੋਤੇ ਰਹੇ। ਨਾਮਧਾਰੀ ਮੱਤ ਦੇ ਵਧਣ ਫੁੱਲਣ ਵਿਚ ਉਹਨਾਂ ਦਾ ਯੋਗਦਾਨ ਮਹੱਤਵਪੂਰਨ ਹੈ। ਮੂਲਰਾਜ ਦੀ ਬਗਾਵਤ, ਮਹਾਰਾਣੀ ਜਿੰਦ ਕੌਰ ਦੀ ਕਥਿਤ ਬਗਾਵਤ ਅਤੇ ਕੂਕਿਆਂ ਦੀ ਬਗਾਵਤ, ਤਿੰਨ-ਤਿੰਨ ਬਗਾਵਤਾਂ ਵਿਚ ਭਾਗ ਲੈਣ ਵਾਲੇ, ਦੀਵਾਨ ਸਾਬਿ ਦੀ ਕੀਰਤੀ ਸਾਡੇ ਇਤਿਹਾਸ ਵਿਚ ਚਿਰਜੀਵੀ ਰਹੇਗੀ।

ਹੁਣ ਇਕ ਸੁਆਲ ਪੈਦਾ ਹੁੰਦਾ ਹੈ ਕਿ ੧੮੭੨ ਵਿਚ ਦੀਵਾਨ ਸਾਹਿਬ ਨੂੰ ਦੋਬਾਰਾ ਦੇਸ਼ ਨਿਕਾਲਾ ਕਿਉਂ ਨਾ ਦਿੱਤਾ ਗਿਆ ? ਇਸ ਦਾ ਇਕ ਜੁਆਬ ਤਾਂ ਇਹ ਹੈ ਕਿ ਸਰਕਾਰ ਅਤੇ ਤੱਕ ਪੇਂਡੂ ਭੂਮਿਕਾ ਵਾਲੇ ਕੂਕਿਆਂ ਨੂੰ ਹੀ ਸਜ਼ਾਵਾਂ ਦੇ ਰਹੀ ਸੀ। ਉਹ ਨਹੀਂ ਸੀ ਚਾਹੁੰਦੀ ਕਿ ਲਾਹੌਰ ਸ਼ਹਿਰ ਦਾ ਉੱਘਾ ਵਿਅਕਤੀ ਬੰਗਾਲ ਰੈਗੂਲੇਸ਼ਨ ਐਕਟ ਦੀ ਜ਼ੱਦ ਵਿਚ ਲਿਆਂਦਾ ਜਾਏ। ਸ਼ਾਇਦ ਵੱਡਾ ਕਾਰਨ ਦੀਵਾਨ ਸਾਹਿਬ ਦਾ ਲਾਹੌਰ ਦਰਬਾਰ ਦਾ ਉੱਘਾ ਰੁਕਣ ਹੋਣਾ ਤੇ ਇਕ ਵੇਰ, ਲੰਮੀ ਕੈਦ ਪੰਜਾਬੋਂ ਬਾਹਰ ਕੱਟੀ ਹੋਣਾਂ ਵੀ ਹੋਵੇ। ਦੀਵਾਨ ਸਾਹਿਬ ਦਾ ਗੈਰ ਨਾਮਧਾਰੀ ਹਲਕਿਆਂ ਖਾਸ ਕਰ ਰਾਜਧਾਨੀ ਵਿਚ ਵਿਸ਼ਾਲ ਸ਼ੁਭਚਿੰਤਕ ਹਲਕਾ ਵੀ ਸਰਕਾਰ ਨੂੰ ਅਜਿਹਾ ਕਰਨ ਤੋਂ ਰੋਕਦਾ ਰਿਹਾ।

ਫੁੱਟ ਨੋਟ –

1. Re-Exploring Baba Ram Singh and Namdhari Sikhs (Ed. Dr. Navtej Singh) 2010 ਪੰਜਾਬੀ ਯੂਨੀਵਰਸਿਟੀ ਪਟਿਆਲਾ ਪੰਨਾ ੧੨੬-੨੭
2. ਬਹੁਮੁੱਲੇ ਇਤਿਹਾਸਕ ਲੇਖ (ਸੰ. ਕਰਮ ਸਿੰਘ ਹਿਸਟੋਰੀਅਨ) ਪਹਿਲੀ ਛਾਪ ੧੯੩੦ ਤੀਜੀ ਛਾਪ ੧੯੯੧, ਸਫਾ ੨੩੨-੩੩
3. ਉਹੀ- ੨੩੨-੩੩
4. ਕੂਕਾਜ਼ ਆਫ਼ ਨੋਟ ਇਨ ਦਾ ਪੰਜਾਬ-ਸਫਾ ੯੮-੯੯
5. ਭਾਰਤ ਮੇਂ ਅੰਗਰੇਜ਼ੀ ਰਾਜਯ- ਪੰ. ਸੁੰਦਰ ਲਾਲ ਪਹਿਲੀ ਛਾਪ- ੧੨੯੦-੧੩੦੦
6. ਕੂਕਾ ਮੂਵਮੈਂਟ- ਡਾ. ਫੌਜਾ ਸਿੰਘ ਬਾਜਵਾ- ੧੬੮
7. ਕੂਕਾ ਮੂਵਮੈਂਟ – (Documents) ਸ.ਜਸਵਿੰਦਰ ਸਿੰਘ) – ੧੮੨-੮੩
8. ਲਾਲ ਏਹੁ ਰਤਨ ਭਾਗ ਪਹਿਲਾ- (ਸੰ.ਪ੍ਰਿੰ. ਬੇਅੰਤ ਕੌਰ) – ੨੫੨
9. ਰੀਬੈਲਜ਼ ਅਗੇਂਸਟ ਦਾ ਬ੍ਰਿਟਿਸ਼ ਰੂਲ (ਸੰ. ਨਾਹਰ ਸਿੰਘ ਕ੍ਰਿਪਾਲ ਸਿੰਘ) — ੧੧੮
10. ਉਹੀ - ੧੪੮
11. ਸਤਿਗੁਰੂ ਬਿਲਾਸ ਧਾ. ੧੨ਵੀਂ ਭਾਈ ਧਿਆਨ ਸਿੰਘ ਕਾਦਰਾਬਾਦੀ — ੭੩

*— ਪਿੰਡ ਤੇ ਡਾਕਘਰ ਕਰੀਵਾਲਾ (ਸਿਰਸਾ)*
*ਫੋਨ - ੦੧੬੬੮-੨੭੪੫੬੨*
*ਮੋ-੦੯੯੯੬੩-੭੧੭੧੬*
*ਮਿਤੀ-੭-੯-੨੦੧੦*



Namdhari Elibrary NamdhariElibrary@gmail.com

੧ੳ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਇਨਾਂ ਵਿਚ ਤਿਆਰ ਕੀਤੇ ਹੋਏ

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

ਫ਼ਰਸ਼ੀ ਦਰੀਆਂ ਅਤੇ ਗ਼ਲੀਚੇ

ਨਿਰਮਾਤਾ :

ਨਾਮਧਾਰੀ ਸੇਲਜ਼

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Furshi Durries & Carpets**

*in Bright & Fast Colours*

**Manufacturers :**

Namdhari Sales

10240/54, Library Road, Azad Market, Delhi-110006

Phone Office : 011-23516689, 011-23614784

Mobile Phone : S. Charanjit Singh 98105-56398
S. Satvinder Singh 9811655210





Namdhari Elibrary NamdhariElibrary@gmail.com

# ਧਰਮ ਯੁਗੰਤਰ : ਸਿੱਖ ਧਰਮ ਦੀਆਂ ਸਮੱਸਿਆਵਾਂ

*—ਕਿਰਪਾਲ ਸਿੰਘ ਆਜ਼ਾਦ*

ਧਰਮ ਦਰਸ਼ਨ ਨਹੀਂ ਹੁੰਦਾ। ਤਦ ਵੀ ਇਸ ਦੀ ਇਕ ਫਿਲਾਸਫੀ, ਇਕ ਵਿਚਾਰਾਂ ਤੇ ਸੰਕਲਪਾਂ ਦੀ ਸੰਘਤਾ ਹੁੰਦੀ ਹੈ। ਧਰਮ ਈਸ਼ਵਰਵਾਦੀ ਹੋਵੇ, ਜਾਂ ਅਨੀਸ਼ਵਰਵਾਦੀ, ਇਹ ਕਲਪਨਾਮਈ ਹੁੰਦਾ ਹੈ, ਯੂਟੋਪੀਆ ਰਚਨਾਹੈ। ਸਦੀਵੀ ਸੁਖ-ਸ਼ਾਂਤੀ ਦਾ ਅਰਸ਼ੀ ਯੂਟੋਪੀਆ ਬਹਿਸ਼ਤ-ਸਵਰਗ ਵਰਗਾ ਨਾਂਅ ਰਖਾਉਂਦਾ ਹੈ ਅਤੇ ਦੁਨਿਆਵੀ ਅਮਨ-ਚੈਨ ਲਈ ਚੰਗੇ ਮਨੁੱਖ ਅਤੇ ਚੰਗੇ ਸਮਾਜ ਨੂੰ ਚਿਤਵਦਾ-ਚਿਤਾਰਦਾ ਹੈ। ਚੰਗੇ ਸੰਸਾਰਕ ਭਵਿੱਖ ਦੀ ਕਲਪਨਾ ਕਰਦਾ ਹੋਇਆ ਧਾਰਮਿਕ ਚਿੰਤਨ ਤਤਕਾਲੀ ਸਮਾਜ ਦਾ ਵਿਸ਼ਲੇਸ਼ਣ ਕਰਦਾ ਹੈ, ਕੂੜ ਦੀਆਂ ਉਦਾਹਰਣਾਂ ਦੇਂਦਾ ਤੇ ਨਿੰਦਦਾ ਹੈ, ਪਰ ਭਵਿੱਖ ਕਿਹੋ ਜਿਹਾ ਹੋਵੇ, ਕਿਵੇਂ ਹੋਵੇ, ਇਸ ਦਾ ਸਿਧਾਂਤੀਕਰਨ ਕਰਦਾ ਹੈ।

ਕੋਈ ਧਰਮ ਹੋਵੇ, ਦਰਸ਼ਨ ਹੋਵੇ ਜਾਂ ਵਾਦ, ਉਹ ਭਵਿੱਖ ਨੂੰ ਚਿਤਵ ਸਕਦਾ ਹੈ, ਭਵਿੱਖ ਦੇ ਸਮਾਜਕ ਰਿਸ਼ਤਿਆਂ, ਕਦਰਾਂ-ਕੀਮਤਾਂ ਦੀ ਸੇਧ ਬਾਰੇ ਸਲਾਹ-ਸਿੱਖਿਆ ਦੇ ਸਕਦਾ ਹੈ, ਪਰ ਉਹ ਚਿਤਵੇ ਭਵਿੱਖ ਵਿਚ ਹੋਣ-ਆਉਣ ਵਾਲੀਆਂ ਪੈਦਾਵਾਰੀ ਹਾਲਤਾਂ, ਵਿਕਾਸ ਅਤੇ ਸਮਾਜਕ-ਮਾਨਸਿਕ ਪੜਾਵਾਂ ਬਾਰੇ ਇੰਨ-ਬਿੰਨ ਕੁਝ ਨਹੀਂ ਦੱਸ ਸਕਦਾ। ਇਸੇ ਲਈ ਹਰ ਧਰਮ ਤੇ ਵਾਦ ਭਵਿੱਖ ਦੇ ਸਮਾਜਕ ਖੇਤਰਾਂ, ਰਿਸ਼ਤਿਆਂ ਅਤੇ ਕਰਮਾਂ-ਪ੍ਰਤੀਕਰਮਾਂ ਨੂੰ ਸੰਤੁਲਤ ਰੱਖਣ ਲਈ ਨਿਯਮਾਂ-ਉਪਦੇਸ਼ਾਂ ਦਾ ਸੰਸਲੇਸ਼ਤ ਰੂਪ ਵਿਚ ਗ੍ਰੰਥਾਕਰਨ (Dogmatise) ਕਰਦਾ ਹੈ। ਗ੍ਰੰਥ ਜਾਂ 'ਕਿਤਾਬ' ਜਨਮ ਲੈਂਦੇ ਹਨ।

ਸਮੇਂ ਤੇ ਸਥਾਨ ਅਨੁਸਾਰ ਹਰ ਸਮਾਜ ਵਸਤ-ਵਰਤਾਰਾ ਵਿਧੀ ਅਤੇ ਵੇਰਵੇ ਵਿਚ ਨਿਵੇਕਲਾ ਵਿਕਾਸ ਕਰਦਾ ਹੈ, ਪਹਿਲਾਂ ਤੋਂ ਵੱਖਰੇ ਯਥਾਰਥ-ਰੂਪਾਂ ਨੂੰ ਸਾਮਰਤੱਖ ਕਰਦਾ ਹੈ। ਇਸ ਲਈ ਗ੍ਰੰਥ (Dogma) ਨੂੰ ਅਮਲ ਵਿਚ ਲਿਆਉਣ ਦੀ ਲੋੜ ਪੈਂਦੀ ਹੈ। ਉਪਰੰਤ ਸਮਕਾਲੀ ਯਥਾਰਥਾਂ ਅਨੁਸਾਰ ਗ੍ਰੰਥ ਨੂੰ ਸਮਝਣ-ਵਿਆਖਣ ਦੀ ਲੋੜ ਪੈਂਦੀ ਹੈ। ਇਸੇ ਲੋੜ ਦੀ ਪੂਰਤੀ ਕਰਨ ਲਈ ਵੇਦਾਂ ਤੋਂ ਮਗਰੋਂ ਉਪਨਿਸ਼ਦ ਆਏ, ਬ੍ਰਾਹਮਣ (ਮੀਮਾਂਸਾਵਾਂ) ਆਏ, ਪੁਰਾਣੀ ਟੈਸਟਾਮੈਂਟ ਦੀ ਥਾਂ ਨਵੀਂ (ਇਸਾਈ) ਟੈਸਾਟਮੈਂਟ ਆਈ, ਕੁਰਾਨ ਦੇ ਨਾਲ ਹਦੀਸ, ਫ਼ਿਕਾਹ ਤੇ ਸਿੱਖ ਧਰਮ ਦੇ ਗ੍ਰੰਥ ਦੀ ਸਟੀਕਕਾਰੀ-ਵਿਆਖਿਆਕਾਰੀ ਆਈ। ਗ੍ਰੰਥ ਅਤੇ ਸਟੀਕਕਾਰੀ (ਵਿਆਖਿਆ) ਦਾ ਨਿਰੰਤਰ ਦਵੰਦ-ਸਿਧਾਂਤ ਅਤੇ ਅਮਲ ਸਥਾਪਤ ਵਿਚਾਰਾਂ ਜਾਂ ਮਰਿਯਾਦਾ ਅਤੇ ਸਮਾਜਕ ਹਾਲਤਾਂ ਤੇ ਲੋੜਾਂ ਵਿਚਕਾਰ ਚੱਲਦੇ ਦਵੰਦਾਂ ਦਾ ਲਖਾਇਕ ਹੈ। ਗ੍ਰੰਥ ਦੀ ਮੁੱਖ ਵਿਰੋਧਤਾ ਵਿਕਸਤ ਪੈਦਾਵਾਰੀ ਰਿਸ਼ਤਿਆਂ, ਸਮਾਜਕ-ਵਿਚਾਰਧਾਰਕ ਕਦਰਾਂ-ਕੀਮਤਾਂ ਨਾਲ ਹੁੰਦੀ ਹੈ। ਵਿਕਸਤ ਪੈਦਾਵਾਰੀ ਰਿਸ਼ਤੇ ਤੇ ਕਦਰਾਂ-ਕੀਮਤਾਂ ਵਧੇਰੇ ਗਿਆਨ-ਵਿਗਿਆਨਮਈ ਅਤੇ ਸੂਖਮ ਹੁੰਦੀਆਂ ਹਨ। ਇੰਜ ਅਸੀਂ ਕਹਿ ਸਕਦੇ ਹਾਂ ਕਿ ਗ੍ਰੰਥ ਦੀ ਮੁੱਖ ਵਿਰੋਧਤਾ ਜਾਂ ਟੱਕਰ ਸਮਾਜਕ ਗਿਆਨ ਅਤੇ ਭੌਤਿਕ ਵਿਗਿਆਨ ਨਾਲ ਹੁੰਦੀ ਹੈ, ਹੁੰਦੀ ਆ ਰਹੀ ਹੈ।

ਸਿਧਾਂਤ ਅਤੇ ਅਮਲ, ਗ੍ਰੰਥ ਅਤੇ ਵਿਆਖਿਆ, ਧਰਮ ਅਤੇ ਗਿਆਨ-ਵਿਗਿਆਨ (ਜਾਂ ਧਰਮ-ਮਰਿਯਾਦਾ) ਅਤੇ ਸਮਾਜਕ ਯਥਾਰਥ ਦੇ ਦਵੰਦਾਂ ਵਿਚੋਂ ਧਰਮ ਜਾਂ ਧਰਮਾਂ ਨੂੰ ਸਿਧਾਂਤਕ, ਸਮਾਜਕ, ਵਿਗਿਆਨ ਸਮੱਸਿਆਵਾਂ ਦਰਪੇਸ਼ ਹੁੰਦੀਆਂ ਹਨ।

ਅੱਜ ਹਰ ਧਰਮ ਦੇ ਸਾਹਮਣੇ ਕੁਝ ਬੁਨਿਆਦੀ ਪ੍ਰਸ਼ਨ ਹਨ, ਸਮੱਸਿਆਵਾਂ ਹਨ, ਜਿਨ੍ਹਾਂ ਨਾਲ ਨਜਿੱਠੇ ਬਿਨਾਂ ਧਰਮ ਦੀ ਹੋਂਦ ਅਤੇ ਵਿਕਾਸ ਸ਼ੱਕ ਦੇ ਘੇਰੇ 'ਚ ਆ ਜਾਂਦੇ ਹਨ।

ਪ੍ਰਸ਼ਨ ਹੈ ਕਿ ਚੜ੍ਹੇ ਦਿਨ ਦੂਣ-ਸਵਾਏ ਹੁੰਦੇ ਵਿਗਿਆਨਕ ਵਿਕਾਸ ਅਤੇ ਇਸ ਵਿਕਾਸ ਅਨੁਸਾਰ ਬਦਲਦੀਆਂ ਕਦਰਾਂ-ਕੀਮਤਾਂ ਦਾ ਟਾਕਰਾ ਸਥਾਪਤ ਰੂੜ੍ਹੀਆਂ-ਰੀਤਾਂ, ਨਾਲ ਕਿਵੇਂ ਕੀਤਾ ਜਾਏ? ਜਾਂ ਸਥਾਪਤ ਰੂੜ੍ਹੀਆਂ-ਰੀਤਾਂ ਪਿਰਤਾਂ ਵਿਚੋਂ ਕਿੰਨਾ ਕੁ ਤਜਿਆ ਤੇ ਨਵੇਂ ਗਿਆਨ-ਵਿਗਿਆਨ ਵਿਚੋਂ ਕਿੰਨਾ ਕੁ ਪ੍ਰਾਪਤ ਕੀਤਾ ਜਾਏ?

ਪ੍ਰਸ਼ਨ ਇਹ ਵੀ ਹੈ ਕਿ ਰੂਹਾਨੀ ਮਸਲਿਆਂ ਤੋਂ ਬਿਨਾਂ ਧਰਮ ਕਿੰਨਾ ਕੁ ਦੁਨਿਆਵੀ ਸਮੱਸਿਆਵਾਂ ਨਾਲ ਨਜਿੱਠੇ ਅਤੇ ਦੁਨਿਆਵੀ ਪ੍ਰਸ਼ਨਾਂ ਨਾਲ ਨਜਿੱਠਦਾ ਹੋਇਆ ਆਪਣੇ ਅਨੁਯਾਈਆਂ ਦੇ ਸਰਬੱਤ ਲਈ ਅਗਵਾਈ ਅਤੇ ਕਾਰਜ ਕਰੇ, ਜਾਂ ਬਹੁ-ਗਿਣਤੀ ਗਰੀਬ ਅਤੇ ਕਿਰਤੀ ਸ਼੍ਰੇਣੀ ਲਈ ਪਹਿਰਾ ਦੇਵੇ, ਜਾਂ ਜਿਵੇਂ ਵਾਪਰ ਰਿਹਾ ਹੈ, ਉਸੇ ਤਰ੍ਹਾਂ ਪਤਵੰਤੀ ਸ਼੍ਰੇਣੀ ਦੇ ਹਿੱਤ ਵਿਚ ਭੁਗਤੇ?

ਤੇ ਪ੍ਰਸ਼ਨ ਇਹ ਵੀ ਹੈ ਕਿ ਇਕ ਧਰਮ ਰਾਜ-ਸੱਤਾ, ਗੁਆਂਢੀ ਧਰਮਾਂ, ਕੌਮ-ਪ੍ਰਸਤੀ ਅਤੇ ਮਾਨਵਤਾਵਾਦੀ ਪ੍ਰਸ਼ਨਾਂ ਨਾਲ ਕਿਵੇਂ ਨਜਿੱਠੇ?


Namdhari Elibrary NamdhariElibrary@gmail.com

ਅਤੇ ਪ੍ਰਸ਼ਨਾਂ ਦਾ ਪ੍ਰਸ਼ਨ ਹੈ ਕਿ ਕੀ ਧਰਮ ਮਨੁੱਖ ਲਈ ਹੋਂਦ ਵਿਚ ਆਇਆ ਹੈ ਜਾਂ ਮਨੁੱਖ ਧਰਮ ਨੂੰ ਪਾਲਣ ਲਈ ਹੋਂਦ ਵਿਚ ਆਇਆ ਹੈ?

ਜਦੋਂ ਮਨੁੱਖ ਦਾ ਅੰਤਰ-ਰਾਸ਼ਟਰੀ ਧਾਰਮਿਕ ਅਨੁਭਵ ਵਿਚਾਰਧਾਰਕ ਤੇ ਸਮਾਜਕ ਚੁਣੌਤੀਆਂ ਦੇ ਰੂ-ਬ-ਰੂ ਹੈ, ਉਸੇ ਸਮੇਂ ਹਰ ਧਰਮ ਵਾਂਗ ਸਿੱਖ ਧਰਮ ਦੇ ਸਾਹਮਣੇ ਆਪਣੀਆਂ ਜਾਂ ਵਿਸ਼ੇਸ਼ ਸਮੱਸਿਆਵਾਂ ਹਨ, ਜੋ ਅਜੋਕੇ ਸਿੱਖ ਵਿਵੇਕ ਅਤੇ ਵਿਕਾਸ ਦੇ ਸਨਮੁੱਖ ਪਿਛਲੀ ਅੱਧੀ ਸਦੀ ਦੇ ਸਮਾਜਕ-ਰਾਜਨੀਤਕ ਘਟਨਾ-ਪ੍ਰਵਾਹ ਵਿਚੋਂ ਉਗਮ ਕੇ ਆ ਖਲੋਤੀਆਂ ਹਨ।

ਸਿੱਖ ਧਰਮ ਦੇ ਮੂਲ ਸਿਧਾਂਤ ਗੁਰਬਾਣੀ ਦੀ ਅੱਜ ਹੋ ਰਹੀ ਵਿਆਖਿਆਕਾਰੀ ਇਸ ਨੂੰ ਅਜਿਹੀ 'ਬੰਦ-ਕਿਤਾਬ' ਸਿੱਧ ਕਰ ਰਹੀ ਹੈ, ਜਿਸ ਦੀ ਹੋਰ ਵਿਆਖਿਆ ਨਹੀਂ ਹੋ ਸਕਦੀ।

ਗੁਰੂ ਗਰੰਥ ਸਾਹਿਬ ਨੂੰ ਪੜ੍ਹਨ, ਸੁਣਨ, ਵਿਚਾਰਨ ਅਤੇ ਜੀਵਨ ਵਿਚ ਉਤਾਰਨ ਦੀ ਥਾਂ ਪੂਰੇ ਗਰੰਥ ਦੇ ਅਖੰਡ ਪਾਠਾਂ, ਕੁਝ ਸ਼ਬਦਾਂ ਦੇ ਅਖੰਡ ਪਾਠਾਂ ਵਲ ਮੁਹਾਰਾਂ ਮੁੜ ਚੁੱਕੀਆਂ ਹਨ। ਕੁਝ ਲੋਕਾਂ ਵੱਲੋਂ ਕੁਝ ਸ਼ਬਦਾਂ ਨੂੰ ਖਾਸ ਸਮੇਂ, ਖਾਸ ਮੁਰਾਦ ਪੂਰੀ ਕਰਨ ਲਈ ਜਾਪ ਤੋਂ ਲੈ ਕੇ ਗੁਰ-ਮੰਤਰ ਵਜੋਂ ਹੀ ਨਹੀਂ, ਟੂਣੇ, ਧਾਗੇ-ਤਵੀਤ ਵਜੋਂ ਪੜ੍ਹਿਆ-ਪੜ੍ਹਾਇਆ ਅਤੇ ਵਰਤਿਆ ਜਾ ਰਿਹਾ ਹੈ।

'ਸ਼ਬਦ ਦੀ ਖੋਜ' ਵਿਚੋਂ ਪਰਮਾਰਥਕ-ਪਦਾਰਥਕ ਸ਼ਾਂਤੀ ਜਾਂ ਸਿੱਖਿਆ ਲੱਭਣ ਦੀ ਥਾਂ ਸ਼੍ਰੋਮਣੀ ਗੁਰੂ-ਧਾਮਾਂ ਵਲੋਂ ਗੁਰੂ ਗਰੰਥ, ਦਸਮ ਗ੍ਰੰਥ ਦੇ ਖੁੱਲ੍ਹੇ ਜਾਂ ਅਖੰਡ ਪਾਠਾਂ ਦੇ ਮੋਖ-ਮੁੱਲ ਤਾਰ ਕੇ ਘਰ ਬੈਠੇ ਮਹਾਤਮ ਖਰੀਦਣ ਦੇ ਇਸ਼ਤਿਹਾਰ ਛਾਪੇ ਜਾ ਰਹੇ ਹਨ।

ਗੁਰਬਾਣੀ ਦੇ ਵਿਚਾਰ ਅਤੇ ਅਮਲ ਨੂੰ ਅਣਗੌਲੇ ਕਰ ਕੇ ਬੀੜ ਦੇ ਰੱਖ-ਰਖਾਉ ਨਾਲ ਕੀਮਤੀ ਜਲੌਅ ਕੁਝ ਇੰਜ ਜੋੜੇ ਜਾ ਰਹੇ ਹਨ ਕਿ ਬੀੜ ਦਾ ਬਿੰਬ ਬੁੱਤ-ਪ੍ਰਸਤੀ ਦਾ ਬਣਦਾ ਜਾ ਰਿਹਾ ਹੈ, ਜਿਸ ਅੱਗੇ ਜਿਵੇਂ ਕੇਵਲ ਨਤ-ਮਸਤਕ ਹੋਣ ਨਾਲ ਸਿੱਖੀ ਦਾ ਫਰਜ਼ ਪੂਰਾ ਹੋ ਜਾਂਦਾ ਹੋਵੇ।

ਗੁਰੂ-ਧਾਮਾਂ ਦੀ ਵਰਤਮਾਨ ਸਥਿਤੀ ਤੋਂ ਉਦਾਸੀਨ ਹੋ ਕੇ ਜੇ ਕੋਈ ਗੁਰਮੁੱਖ ਇਹ ਕਹਿ ਬਹੇ ਕਿ "ਜਦੋਂ ਗੁਰਦੁਆਰੇ ਕੱਚੇ ਸਨ, ਉਦੋਂ ਸਿੱਖੀ ਪੱਕੀ ਸੀ", ਤਾਂ ਇਸ 'ਤੇ ਕਿਸੇ ਨੂੰ ਹੈਰਾਨੀ ਨਹੀਂ ਹੋਵੇਗੀ। ਅੱਜ ਅੰਗਰੇਜ਼ੀ ਸ਼ਬਦ 'ਗੋਲਡਨ ਟੈਂਪਲ' ਦਾ ਅਨੁਵਾਦ 'ਸਵਰਨ ਮੰਦਰ' ਰੋਜ਼ ਸਿੱਖ ਸਮਾਜ ਦੇ ਕੰਨਾਂ ਵਿਚ ਪੈਂਦਾ ਅਤੇ ਹਰਿਮੰਦਰ ਲਈ ਪ੍ਰਵਾਨ ਹੁੰਦਾ ਜਾ ਰਿਹਾ ਹੈ, ਕਿਉਂਕਿ ਮਾਇਆ ਦੀ ਮਾਇਆ ਨੇ, ਸੋਨੇ ਦੀ ਚਮਕ ਨੇ ਹਰਿਮੰਦਰ ਦੇ ਸਮਾਜਕ ਗੁਣਾਂ ਨੂੰ ਕੱਜ ਲਿਆ ਹੈ।

ਸੰਸਾਰ ਪ੍ਰਸਿੱਧ ਲੁਟੇਰੇ, ਸੋਮਨਾਥ ਮੰਦਰ ਦਾ ਇਤਿਹਾਸ ਅਤੇ ਲੋਟੂ ਹਵਸ ਇਸ ਗੱਲ ਦੇ ਗਵਾਹ ਹਨ ਕਿ ਜਦੋਂ ਵੀ ਕੋਈ ਧਰਮ-ਧਾਮ ਆਤਮਕ-ਪਰਮਾਰਥਕ ਸ਼ਾਂਤੀ ਵੰਡਣ ਦੀ ਥਾਂ ਮਾਇਆ ਦੀ ਗੋਲਕ ਬਣਦਾ ਹੈ, ਜਾਂ ਤਾਂ ਕੋਈ ਮਹਿਮੂਦ ਗਜ਼ਨਵੀ ਬੁੱਤ-ਸ਼ਿਕਨੀ ਦਾ ਜਨੂੰਨੀ ਨਾਹਰਾ ਲਾ ਕੇ ਧਰਮ-ਧਾਮ ਨੂੰ ਆ ਲੁੱਟਦਾ ਹੈ, ਜਾਂ ਨਸ਼ਰ ਹੁੰਦਾ ਹੈ ਜਾਂ ਫੇਰ ਕੁਫਰ ਹਰ ਕਾਅਬੇ ਦੇ ਅੰਦਰੋਂ ਪੈਦਾ ਹੁੰਦਾ ਹੈ, ਧਰਮ-ਗੋਲਕ ਦੇ ਨਾਲ ਧਰਮ ਦੀ ਮਾਨਤਾ ਨੂੰ ਘੁਣ ਲੱਗਦਾ ਹੈ।

ਪਿਛਲੇ ਕੁਝ ਵਰ੍ਹਿਆਂ ਤੋਂ ਸੰਕੀਰਨਤਾਵਾਦ ਦੇ ਢਹੇ ਚੜ੍ਹ ਕੇ ਕੁਝ ਭੁਲੱਕੜ ਅਨਸਰਾਂ ਨੇ ਅਨਮਤ ਤੇ ਮਨਮਤ ਵਾਲਾ ਜਿਹੜਾ ਅੱਤ ਦਾ ਰਾਹ ਫੜਿਆ ਹੋਇਆ ਸੀ, ਉਸ ਨਾਲ ਸਿੱਖ ਸਮਾਜ ਦਾ ਬਿੰਬ ਧੁੰਦਲਾਇਆ ਹੈ। ਭਾਵੇਂ ਅਸਲ ਨਾਲੋਂ ਵੱਧ ਇਸ ਬਿੰਬ ਨੂੰ ਧੁੰਦਲਾਉਣ ਵਿਚ ਸ਼ੋਸ਼ੇਬਾਜ਼ ਪੱਤਰਕਾਰੀ ਅਤੇ ਰਾਜਨੀਤੀ ਨੇ ਵੀ ਰੱਜ ਕੇ ਹਿੱਸਾ ਪਾਇਆ ਹੈ।

ਨਾਲ ਹੀ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਆਜ਼ਾਦੀ ਵੇਲੇ ਦੇ ਉਜਾੜੇ ਤੋਂ ਮਗਰੋਂ ਸਿੱਖ ਫੈਲਿਆ ਹੈ, ਪਰ ਸਿੱਖੀ ਸੁੰਗੜੀ ਹੈ। ਕਿਉਂ?

ਗੁਰੂ-ਕਾਲ ਤੋਂ ਲੈ ਕੇ ਮਿਸਲ-ਕਾਲ ਤੱਕ ਦਾ ਇਤਿਹਾਸ ਗਵਾਹ ਹੈ ਕਿ ਬਾਹਰਲਾ ਖ਼ਤਰਾ ਤੇ ਹਮਲਾ ਕੁਰਬਾਨੀ ਲੈ ਸਕਦਾ ਹੈ, ਪਰ ਇਹ ਧਰਮ ਜਾਂ ਸਮਾਜ ਨੂੰ ਖ਼ਤਮ ਨਹੀਂ ਕਰ ਸਕਦਾ। ਫੇਰ ਇਹ ਕੈਸਾ ਹਮਲਾ ਹੈ, ਜਿਸ ਨੇ ਸਿੱਖੀ ਦੇ ਅੰਦਰਲੇ ਸੋਮੇ ਤੇ ਸੋਤਰ ਸੁਕਾਉਣੇ ਚਾਹੇ ਹਨ?

ਕੀ ਸਿੱਖ ਸਮਾਜ ਸੌ ਫ਼ੀਸਦੀ ਅਮੀਰ ਹੋ ਗਿਆ ਹੈ ਕਿ ਸਿੱਖ ਦਸਾਂ ਨਹੁੰਆਂ ਦੀ ਕਿਰਤ ਦੀ ਉਪਮਾ, ਭਾਈ ਲਾਲੋ ਤੇ ਮਲਿਕ ਭਾਗੋ ਜਿਹੀਆਂ ਸਾਖੀਆਂ ਦਾ ਵਰਨਣ ਹੌਲੀ-ਹੌਲੀ ਭੁੱਲ ਗਏ ਹਨ?

ਇਹ ਕਿਹੜੀ ਸ਼੍ਰੇਣੀ ਸਿੱਖ ਸਮਾਜ ਦੀ ਮੁੱਖ ਧਾਰਾ ਬਣ ਰਹੀ ਹੈ ਕਿ ਸਿੰਧੀਆਂ, ਨਾਂਦੇੜ ਦੇ ਆਲੇ-ਦੁਆਲੇ ਦੇ ਵਣਜਾਰਿਆਂ ਤੇ ਹੋਰ ਭਾਈਚਾਰਿਆਂ ਵਿਚ ਸਿੱਖੀ ਦਾ ਪ੍ਰਭਾਵ ਰੁਕ ਚੁੱਕਾ ਹੈ? ਨਾਮਧਾਰੀ-ਨਿਰੰਕਾਰੀ (ਆਦੀ) ਨਿੱਖੜਦੇ ਜਾ ਰਹੇ ਹਨ। ਲੁਬਾਣੇ, ਸਿਕਲੀਗਰ, ਰਾਏ-ਰੰਘਰੇਟੇ ਅਤੇ ਨਿੱਗਰ ਕਰਮ ਕਰਨ ਵਾਲੀਆਂ ਸਿੱਖ ਜਾਤਾਂ-ਜਮਾਤਾਂ ਪੱਛੜ ਗਈਆਂ ਹਨ। ਕਈ ਸਿੱਖ ਬਰਾਦਰੀਆਂ ਵਿਚ ਸੰਗਤ ਤੋਂ ਲੈ ਕੇ ਰੋਟੀ-ਬੇਟੀ ਦੀ ਸਾਂਝ ਮੁੱਕ ਚੁੱਕੀ ਹੈ। ਅੰਤਰ-ਜਾਤ ਦੇ ਸਵੈ-ਵਰ ਤੋਂ ਕਤਲ ਹੋ ਜਾਂਦੇ ਹਨ।



Namdhari Elibrary NamdhariElibrary@gmail.com

ਕੀ ਸਿੱਖ ਜਨਤਾ ਏਨੀ ਮਨਮੁਖ ਤੇ ਨਾਬਰ ਹੋ ਗਈ ਹੈ ਜਾਂ ਸਿੱਖ ਲੀਡਰਸ਼ਿਪ ਦੀ ਕੋਈ ਮਸਲਹਤ ਹੈ ਕਿ ਇਕਮੁੱਠਤਾ ਲਈ ਗੁਰਮਤ ਜਾਂ ਗੁਰਮਤੇ ਦੀ ਥਾਂ ਹੁਕਮਨਾਮੇ ਜਾਰੀ ਕਰਨ ਦੀ ਲੋੜ ਪੈ ਰਹੀ ਹੈ?

ਮੰਨ ਲਿਆ ਕਿ ਧਰਮ ਤੇ ਰਾਜਨੀਤੀ ਸਿੱਖੀ ਦੇ ਉਸੇ ਤਰ੍ਹਾਂ ਅਨਿੱਖੜ ਅੰਗ ਹਨ, ਜਿਵੇਂ ਵਿਅਕਤੀ ਜਾਂ ਸਮਾਜ ਦੀ ਆਰਥਿਕਤਾ ਨਾਲੋਂ ਰਾਜਨੀਤੀ ਨੂੰ ਵੱਖ ਨਹੀਂ ਕੀਤਾ ਜਾ ਸਕਦਾ। ਪਰ ਪ੍ਰਸ਼ਨ ਹੈ ਕਿ ਕੀ ਸਿੱਖ ਧਰਮ ਰਾਜਨੀਤੀ ਨੂੰ ਨਿਸ਼ਚਿਤ ਕਰ ਰਿਹਾ ਹੈ ਜਾਂ ਕਿਸੇ ਧੜੇ ਦੀ ਰਾਜਨੀਤੀ ਸਿੱਖੀ ਦਾ ਮਾਪ-ਦੰਡ ਨੀਯਤ ਕਰਦੀ ਹੈ?

ਸਿੱਖਾਂ ਲਈ ਸਾਰੇ ਉਹ ਸਥਾਨ ਇਤਿਹਾਸਕ ਤੇ ਪੂਜਨੀਕ ਹਨ, ਜਿੱਥੇ ਗੁਰੂਆਂ ਦੇ ਚਰਨ ਪਏ। ਇਹ ਇਤਿਹਾਸਿਕ ਤੇ ਭੂਗੋਲਿਕ ਕਾਰਨ ਹਨ, ਜਿਨ੍ਹਾਂ ਕਰ ਕੇ ਚਾਰ ਪੂਜ-ਸਥਾਨ ਤਖ਼ਤ ਬਣੇ, ਸਿੱਖ ਸਮਾਜ ਦੀ ਇਕਸੁਰਤਾ ਲਈ ਇਕੋ ਜਿਹੀ ਮਹੱਤਤਾ ਵਾਲੇ। ਪਰ ਕੀ ਕਾਰਨ ਹੈ ਕਿ 'ਐਕਸ਼ਨ ਬਲਿਊ ਸਟਾਰ' ਜਿਹੀ ਭੀੜ ਮਗਰੋਂ ਅਕਾਲ ਤਖ਼ਤ, ਤਖ਼ਤ ਹਜ਼ੂਰ ਸਾਹਿਬ ਅਤੇ ਪਟਨਾ ਸਾਹਿਬ ਤੋਂ ਜਿਹੜੇ ਹੁਕਮਨਾਮੇ ਜਾਰੀ ਕੀਤੇ ਗਏ, ਉਨ੍ਹਾਂ ਵਿਚ ਕਸੂਰਵਾਰਾਂ ਦੀ ਗਿਣਤੀ ਤੇ ਦੋਸ਼ ਦੇ ਪੱਖੋਂ ਅਸੰਗਤੀਆਂ ਹਨ?

ਸਪੱਸ਼ਟ ਹੈ ਕਿ ਪ੍ਰਬੰਧਕ ਕਮੇਟੀਆਂ ਅਧੀਨ ਸਭਨਾਂ ਗੁਰੂਧਾਮਾਂ ਦੇ ਰਾਗੀ, ਗਰੰਥੀ, ਸੇਵਾਦਾਰ ਅਤੇ ਜਥੇਦਾਰ ਕਿਸੇ ਕਨੂੰਨ ਜਾਂ ਨਿਯਮ ਅਨੁਸਾਰ ਨਿਯੁਕਤ ਕੀਤੇ ਜਾਂ ਕਈ ਕਾਰਨਾਂ ਕਰ ਕੇ ਬਦਲੇ ਤੇ ਹਟਾਏ ਜਾਂਦੇ ਹਨ। ਉਹ ਨਾ ਭਾਈ ਮਨੀ ਸਿੰਘ ਵਾਂਗ ਆਪਣੀ ਵਿਦਵਤਾ ਤੇ ਸੇਵਾ ਕਾਰਨ ਪ੍ਰਵਾਨ ਹੁੰਦੇ ਹਨ, ਨਾ ਅਕਾਲੀ ਫੂਲਾ ਸਿੰਘ ਜਿਹੀ ਦਲਬੰਦੀ-ਰਹਿਤ ਅਸੂਲਪ੍ਰਸਤੀ ਕਾਰਨ ਕਿਸੇ ਤਖ਼ਤ ਦੀ ਜਥੇਦਾਰੀ ਸੰਭਾਲਦੇ ਹਨ। ਪਰ ਦਲਬੰਦੀ ਦੀਆਂ ਮਸਲਹਤਾਂ ਕਾਰਨ ਤਖ਼ਤ ਦੀ ਜਥੇਦਾਰੀ ਦੀ ਪਦਵੀ ਵਿਵਾਦਾਂ ਦੇ ਘੇਰੇ ਵਿਚ ਆਉਂਦੀ ਜਾ ਰਹੀ ਹੈ।

ਕੀ ਅੱਜ ਖੁੱਲ੍ਹਾ ਅਤੇ ਸਮੂਹਿਕ ਅੰਮ੍ਰਿਤ ਪ੍ਰਚਾਰ ਇਸ ਲਈ ਨਹੀਂ ਹੋ ਰਿਹਾ ਕਿ ਅੰਮ੍ਰਿਤ ਪ੍ਰਚਾਰ ਦਾ ਟੀਚਾ ਸਪੱਸ਼ਟ ਨਹੀਂ, ਜਾਂ ਫੇਰ ਅੰਮ੍ਰਿਤ ਛਕਾ ਕੇ ਸਿੰਘ ਸਜਾ ਕੇ ਨਿਰਧਨਾਂ ਤੇ ਦਲਿਤਾਂ ਨੂੰ ਪਤਵੰਤੇ ਸਰਦਾਰਾਂ ਦੇ ਤੁਲ ਸਮਝਣਾ ਪੈਂਦਾ ਹੈ?

ਸਿੱਖ ਧਰਮ ਵਿਚ ਮਾਨਵਤਾਵਾਦ ਦੇ ਅਨੁਪਾਤ ਜਿੰਨੀ ਸਰਵ-ਭੌਮਿਕਤਾ ਜਾਂ ਸਰਬ-ਵਿਆਪਕਤਾ ਹੈ, ਇਸ ਲਈ ਪੰਜਾਬੀ ਭਾਸ਼ਾ ਆਮ ਤੌਰ 'ਤੇ ਅਤੇ ਲਿਪੀ ਵਿਸ਼ੇਸ਼ ਰੂਪ ਵਿਚ ਗੁਰੂ ਗਰੰਥ ਜਾਂ ਗੁਰਬਾਣੀ ਦੇ ਮੂਲ ਪਾਠ ਨਾਲ ਸੰਬੰਧਤ ਹੋ ਸਕਦੀਆਂ ਹਨ, ਪਰ ਜਿੱਥੋਂ ਤਕ ਪੰਜਾਬ ਤੋਂ ਬਾਹਰ ਸਿੱਖੀ ਦੇ ਪ੍ਰਚਾਰ-ਪ੍ਰਸਾਰ ਦਾ ਸੰਬੰਧ ਹੈ, ਪੰਜਾਬੀ ਭਾਸ਼ਾ ਸੀਮਾ-ਰੇਖਾ ਨਹੀਂ। ਤਦ ਵੀ ਇਹ ਕੈਸੀ ਸਿੱਖੀ ਹੈ, ਜੋ ਪੰਜਾਬੀ ਨੂੰ ਕੇਵਲ ਆਪਣੀ ਸੱਕੀ ਨਹੀਂ, ਧਰਮ-ਮਾਂ ਸਮਝਦੀ ਹੈ, ਪਰ ਨਾ ਇਸ ਨੂੰ ਪੜ੍ਹਦੀ-ਸੁਣਦੀ ਹੈ, ਨਾ ਸੇਵਾ-ਸੰਭਾਲ ਕਰਦੀ ਹੈ?

ਸਿੱਖਾਂ ਅੰਦਰ ਘੱਟ-ਗਿਣਤੀ ਹੋਣ ਦਾ ਇਹ ਕੈਸਾ ਅਹਿਸਾਸ ਜਾਗ ਪਿਆ ਹੈ, ਜਾਂ ਤੰਗ-ਦਿਲੀ ਅਤੇ ਤੁਅਸਬ ਦੇ ਹੱਥ 'ਪੰਥ ਖ਼ਤਰੇ ਵਿਚ' ਦਾ ਕਿੰਨਾ ਕਾਰਗਰ ਬਹਾਨਾ ਆ ਗਿਆ ਹੈ ਕਿ ਸਿੱਖ ਸਮਾਜ ਵਿਚ ਹੱਕ, ਸੱਚ ਅਤੇ ਵਿਵੇਕ ਦੀ ਆਵਾਜ਼ ਉੱਚੀ ਕਰਨੀ ਧਾਰਮਿਕ ਬਹੁ-ਗਿਣਤੀ ਨਾਲੋਂ ਵੱਧ ਦੂਭਰ ਹੁੰਦੀ ਜਾ ਰਹੀ ਹੈ?

ਪ੍ਰਸ਼ਨ ਹੈ ਕਿ ਕੀ ਅੱਜ ਦਾ ਸਿੱਖ ਆਪਣੇ ਜਨਮ ਕਾਰਨ ਸਿੱਖ ਹੈ ਜਾਂ ਦੂਜੇ ਧਰਮ ਤੋਂ ਚਿੜ ਕੇ, ਜਾਂ ਆਪਣੇ ਸਿੱਖੀ ਗੁਣਾਂ ਕਾਰਨ?

ਜੇ ਸਿੱਖੀ ਦੇ ਗੁਣਾਂ ਕਾਰਨ ਅੱਜ ਸਿੱਖਾਂ ਦੀ ਘਾਟ ਹੈ ਤਾਂ ਅਸੀਂ ਲਾਜ਼ਮੀ ਹੀ ਮੂਲੋਂ ਖੁੰਜ ਗਏ ਹਾਂ।

## ਗ਼ਜ਼ਲ / —*ਬਾਬਾ ਨਜਮੀ*

ਮਿੱਟੀ ਪਾਣੀ, ਸੱਚਾ ਇੱਕੋ, ਪੱਕੀਆਂ ਵੀ ਇੱਕ ਭੱਠੇ।
ਇਹ ਕਿਉਂ ਨਾਲੀ ਵਿੱਚ ਲੱਗੀਆਂ ਨੇ, ਉਹ ਕਿਉਂ ਮਹਿਲ ਦੇ ਮੱਥੇ

ਏਹੋ ਜਿਹਾ ਇੱਕ ਸ਼ਹਿਰ ਵਸਾਵਾਂ, ਜੀ ਕਰਦਾ ਏ ਮੇਰਾ।
ਹਾਏ ਦੀ ਵਾਜ ਵੀ ਜਿੱਥੋਂ ਆਵੇ ਸਾਰੀ ਦੁਨੀਆ ਨੱਠੇ।

ਖੌਰੇ ਕਿਹੜੇ ਕੱਚੇ ਕੋਠੇ ਢਹਿਣ ਦੀ ਹੁਣ ਏ ਵਾਰੀ।
ਅਸਮਾਨਾਂ 'ਤੇ ਕਾਲੇ ਬੱਦਲ ਹੋ ਗਏ ਨੇ ਫਿਰ ਕੱਠੇ।

ਮਾੜੇ ਨੂੰ ਵੱਖ ਬੰਨ੍ਹਣ ਨਾਲੋਂ, ਤਗੜੇ ਦੇ ਸਿੰਗ ਭੰਨੋ।
ਸਾਂਝੀ ਖੁਰਲੀ ਵਿੱਚੋਂ ਜਿਹੜਾ ਖਾਣ ਨਈ ਦਿੰਦਾ ਪੱਠੇ।

ਸਾਡੇ ਵਿੱਚ ਕਮੀ ਇਹ ਕਿਹੜੀ, ਸਾਨੂੰ ਆਖੇ ਕੰਮੀ।
ਸਾਡੇ ਨਾਲ ਖਲੋ ਕੇ ਵੇਖਣ, ਰਾਜੇ, ਚੀਮੇ, ਚੱਠੇ।

ਪਰਿਆ ਵਿੱਚ ਮੈਂ ਤਾਂ ਜਾਵਾਂਗਾ, ਸ਼ਰਤ ਮੇਰੀ ਜੇ ਮੰਨੋ।
ਕਿਸੇ ਵੀ ਇੱਕ ਦੀ ਖਾਤਰ ਉਥੇ, ਮੰਜਾ ਕੋਈ ਨਾ ਡੱਠੇ।

ਮੰਜ਼ਲ ਉੱਤੇ ਵੇਖ ਕੇ ਮੈਨੂੰ, ਦੇਂਦੇ ਅੱਜ ਵਧਾਈਆਂ।
ਕਦਮ ਕਦਮ 'ਤੇ ਜਿਹੜੇ 'ਬਾਬਾ' ਕਰਦੇ ਰਹੇ ਨੇ ਠੱਠੇ।



Namdhari Elibrary NamdhariElibrary@gmail.com



# ਅਧਿਆਤਮਿਕ ਦੋਹੇ

—ਡਾ. ਹਰਨੇਕ ਸਿੰਘ ਕੋਮਲ

ਸੱਚਾ ਸਾਹਿਬ ਇੱਕ ਹੈ, ਜੱਗ ਦਾ ਸਿਰਜਨਹਾਰ।
ਥਿੜਕੇ ਹੋਏ ਮਨੁੱਖ ਨੇ, ਸਿਰਜੇ ਰੱਬ ਹਜ਼ਾਰ॥

ਰਚਨਾ ਸੱਚੇ ਰੱਬ ਦੀ, ਦੁਨੀ ਸੁਹਾਵਾ ਬਾਗ਼।
ਸੁੰਦਰ ਫਲ, ਫੁੱਲ, ਜੀਵ ਨੇ, ਵਿੱਚੇ ਜ਼ਹਿਰੀ ਨਾਗ॥

ਹਰ ਥਾਂ ਰਹਿਮਤ ਓਸ ਦੀ, ਹਰ ਥਾਂ ਉਸ ਦਾ ਨੂਰ।
ਹੁੰਦਾ ਉਹ ਹੈ ਦੋਸਤੋ, ਜੋ ਉਸ ਨੂੰ ਮਨਜ਼ੂਰ॥

ਦਾਤਾਂ ਹਨ ਸਭ ਵੱਡੀਆਂ, ਛੋਟੀ ਮੇਰੀ ਝੋਲ।
ਸਭ ਕੁਝ ਤੇਰਾ ਦਾਤਿਆ, ਜੋ ਕੁਝ ਮੇਰੇ ਕੋਲ॥

ਵੱਡਾ ਮੇਰਾ ਸਾਹਿਬ ਹੈ, ਵੱਡੀ ਉਸ ਦੀ ਦਾਤ।
ਮੈਂ ਹਾਂ ਕੀੜਾ ਧਰਤ ਦਾ, ਮੇਰੀ ਕੀ ਔਕਾਤ॥

ਬਖ਼ਸ਼ੇ ਜਿਹੜਾ ਕੰਬਲੀ, ਬਖ਼ਸ਼ੇ ਜਿਹੜਾ ਤਾਜ।
ਬਖ਼ਸ਼ੀ ਮੇਰੀ ਕਲਮ ਨੂੰ, ਉਸ ਨੇ ਹੈ ਪਰਵਾਜ਼॥

ਲੈਂਦੇ ਸਾਡੀ ਸੋਚ ਨੂੰ, ਪੁੱਠੇ ਪਾਸੇ ਤੋਰ।
ਸਾਡੇ ਅੰਦਰ ਵੱਸਦੇ, ਨਿੱਕੇ-ਨਿੱਕੇ ਚੋਰ॥

ਰੂਹ ਦਾ ਚੇਤਾ ਭੁੱਲ ਕੇ, ਤਨ ਰਹੇ ਹਾਂ ਪਾਲ।
ਭੁੱਖੀ-ਪਿਆਸੀ ਰੂਹ ਦਾ ਦਿੱਤਾ ਛੱਡ ਖ਼ਿਆਲ॥

ਹਾਵੀ ਹੋਈ ਲਾਲਸਾ, ਛੱਡਿਆ ਧਰਮ-ਈਮਾਨ।
ਖਾ ਕੇ ਠੇਡਾ ਡਿੱਗਿਆ, ਮੂਧੇ-ਮੂੰਹ ਇਨਸਾਨ॥

ਨਾ ਕੁਝ ਆਇਆ ਨਾਲ ਸੀ, ਨਾ ਕੁਝ ਜਾਣਾ ਨਾਲ।
ਫਿਰ ਵੀ ਢੋਂਦਾ ਮਰ ਗਿਆ, ਦੋ ਨੰਬਰ ਦਾ ਮਾਲ॥

ਵਾਂਗ ਗੁਬਾਰੇ ਉੱਡਦਾ, ਫਿਰਦਾ ਹੈ ਇਨਸਾਨ।
ਫਿਰੇ ਉਡਾਈ ਏਸ ਨੂੰ, ਇਸ ਦਾ ਖ਼ੁਦੀ-ਗੁਮਾਨ॥

ਮਾਇਆ ਮਿੱਠਾ ਜ਼ਹਿਰ ਹੈ, ਜਾਣੇ ਸਾਰਾ ਜੱਗ।
ਫਿਰ ਵੀ ਚੰਚਲ ਨਾਰ ਇਹ, ਲੈਂਦੀ ਸਭ ਨੂੰ ਠੱਗ॥

ਮੋਮੋਠਗਣੀ ਮਾਇਆ, ਲੈਂਦੀ ਸਭ ਨੂੰ ਮੋਹ।
ਜੋ ਨਾ ਜਾਵੇ ਮੋਹਿਆ, ਪਰਮ ਪੁਰਖ ਹੈ ਓਹ॥

ਤੇਰੇ ਹਰਇਕ ਅਮਲ 'ਤੇ ਮਾਲਕ ਦੀ ਹੈ ਅੱਖ।
ਮਨ ਵਿਚ ਖ਼ੌਫ਼ ਖ਼ੁਦਾ ਦਾ, ਹਰਦਮ ਬੰਦਿਆ ਰੱਖ॥

ਚਾਰ-ਚੁਫੇਰੇ ਫੈਲਿਆ, ਹੈ ਮਾਇਆ ਦਾ ਜਾਲ।
ਮਨ ਨੂੰ ਰੱਖ ਸੰਭਾਲ ਕੇ, ਆਪਣਾ ਆਪ ਸੰਭਾਲ॥

ਰਹਿ ਦੁਨੀਆ ਦੇ ਨਾਲ ਵੀ ਹੋ ਨਾ ਇਸ ਤੋਂ ਵੱਖ।
ਜੇ ਤੂੰ ਅਕਲ ਲਤੀਫ਼ ਹੈਂ, ਮਨ ਨੂੰ ਕਾਬੂ ਰੱਖ॥

ਜੀਣਾ ਭਾਵੇਂ ਝੂਠ ਨਾ, ਮਰਨਾ ਬਿਲਕੁਲ ਸੱਚ।
ਬੰਦੇ ਦੇ ਸਿਰ ਕਾਲ ਦਾ, ਰਿਹਾ ਫਰਿਸ਼ਤਾ ਨੱਚ॥

ਕਾਲ ਕਿਸੇ ਦਾ ਮਿੱਤ ਨਾ ਡਾਢਾ ਸਖ਼ਤ ਮਿਜ਼ਾਜ।
ਰਾਜਾ ਹੈ ਜਾਂ ਰੰਕ ਹੈ, ਕਰਦਾ ਨਹੀਂ ਲਿਹਾਜ॥

ਸਾਡਾ ਕੋਈ ਉਜ਼ਰ ਨਾ, ਡਾਢੇ ਦਾ ਹੈ ਮਾਲ।
ਰੂਹ ਅਮਾਨਤ ਰੱਬ ਦੀ, ਰੱਖੀ ਅਸੀਂ ਸੰਭਾਲ॥

ਫਾਨੀ ਇਹ ਸਰੀਰ ਹੈ, ਕਾਹਦਾ ਗਰਬ-ਗੁਮਾਨ।
ਕਹੇ ਫ਼ਰਿਸ਼ਤਾ ਮੌਤ ਦਾ, ਖ਼ਾਲੀ ਕਰੋ ਮਕਾਨ॥

ਚੋਗਾ ਚੁਗਦਾ ਚਹਿਕਦਾ, ਨੱਚੇ ਖੰਭ ਖਿਲਾਰ।
ਜਾਏ ਪੰਛੀ ਪਤਾ-ਨ੍ਹੀਂ, ਕਦੋਂ ਉਡਾਰੀ ਮਾਰ॥

ਉਡਦੀ ਰਹੇ ਪਤੰਗ ਇਹ, ਰਹੇ ਸਲਾਮਤ ਡੋਰ।
ਜ਼ਿੰਦਗੀ ਨਾਲੋਂ ਕੀਮਤੀ, ਚੀਜ਼ ਨਾ ਕੋਈ ਹੋਰ॥

ਹੈ ਸ਼ੁਕਰਾਨਾ ਰੱਬ ਦਾ, ਜੋ ਹੈ ਦੀਨ-ਦਿਆਲ।
ਲਿਖੇ ਮੈਂ ਦੋਹੇ ਦੋਸਤੋ, ਉਸ ਦੀ ਕ੍ਰਿਪਾ ਨਾਲ॥

ਜਿਸ ਦੀ ਕ੍ਰਿਪਾ ਨਾਲ ਮੈਂ, ਦੋਹੇ ਲਿਖੇ ਤਮਾਮ।
'ਪਰਮ ਪਿਤਾ' ਨੂੰ ਦਾਸ ਦਾ, ਕੋਟਿ-ਕੋਟਿ ਪ੍ਣਾਮ॥

*—ਗਲੀ ਵਿਕਾਸ ਪਬਲਿਕ ਸਕੂਲ,*
*ਮਲੋਟ— 152107*
*ਫੋਨ 01637-261414 (ਘਰ)*
*ਮੋ. 93177-61414*



Namdhari Elibrary NamdhariElibrary@gmail.com

## ਕਾਸ਼ ! ਮੈਂ ਫਿਰ ਤੋਂ .....

—ਅਮਰਦੀਪ 'ਲੱਕੀ'

ਬੇਫਿਕਰੀ ਦੇ ਆਲਮ ਵਿੱਚ,
ਫਿਰ ਤੋਂ ਹੱਸਾਂ ਪੈਲਾਂ ਪਾਵਾਂ,
ਜ਼ੋਰ ਜ਼ੋਰ ਦੀ ਚੀਕਾਂ ਮਾਰਾਂ
ਗੀਤ ਕੋਈ ਨਵਾਂ ਗੁਣਗੁਣਾਵਾਂ
ਕਾਸ਼! ਮੈਂ ਫਿਰ ਤੋਂ ਮਾਂ ਦੀ
ਲਾਡੀ ਜਿਹੀ ਤਿਤਲੀ ਬਣ ਜਾਵਾਂ।

ਹਰ ਕੰਮ ਲਈ ਮਾਂ ਨੂੰ ਬੁਲਾਵਾਂ
ਜ਼ੋਰ-ਜ਼ੋਰ ਦੀ ਰੌਲਾ ਪਾਵਾਂ
ਸਾਰੇ ਮੇਰੇ ਪਿੱਛੇ ਦੌੜਣ
ਆਪਣੀ ਹੀ ਮੈਂ ਧਾਂਕ ਜਮਾਵਾਂ
ਕਾਸ਼ ਮੈਂ.......................

ਨਾ ਕੋਈ ਚਿੰਤਾ ਹੋਵੇ ਨਾ ਹੋਵੇ ਜ਼ਿੰਮੇਵਾਰੀ
ਨਾ ਖਾਣ ਕਮਾਉਣ ਦੀ ਚਿੰਤਾ
ਨਾ ਫਿਕਰਾਂ ਦੀ ਪੰਡ ਭਾਰੀ
ਹਰ ਵੇਲੇ ਰਹਿਣ ਸਿਰ ਤੇ
ਮਾਂ ਦੀਆਂ ਠੰਢੀਆਂ ਛਾਵਾਂ
ਕਾਸ਼ ਮੈਂ.......................

ਜੇ ਕਿਤੇ ਮੇਰੇ ਵੱਸ ਵਿੱਚ ਹੋਵੇ
ਉਸ ਰੱਬ ਦੇ ਘਰ ਜਾ ਤਰਲੇ ਪਾਵਾਂ
ਕਰਾਂ ਮਿੰਨਤਾਂ ਤੇ ਅਰਜੋਈਆਂ
ਤੈਨੂੰ ਕਬਰਾਂ ਵਿੱਚੋਂ ਜਾ ਉਠਾਵਾਂ
ਕਾਸ਼ ਮੈਂ.......................

—ਅਮਰਦੀਪ 'ਲੱਕੀ'
ਲੁਧਿਆਣਾ

## ਗ਼ਜ਼ਲ / —ਅਮਰਜੀਤ ਸਿੰਘ ਸੰਧੂ

ਮੇਰਾ ਅਜੇ ਵੀ ਉਦ੍ਹੋਂ ਵੱਲ ਹੁਦਾਰ ਬਾਕੀ ਹੈ।
ਉਦ੍ਹੇ ਦੀਦਾਰ ਦਾ ਬਸ ਇੰਤਜ਼ਾਰ ਬਾਕੀ ਹੈ।

ਤੁਹਾਡੇ ਨਕਸ਼ ਤਾਂ ਮਿਟ ਹੀ ਗਏ ਨੇ ਚੇਤੇ 'ਚੋਂ,
ਮਗਰ ਦੀਦਾਰ ਦਾ ਹਾਲੇ ਖ਼ੁਮਾਰ ਬਾਕੀ ਹੈ।

ਕੋਈ ਵੀ ਚਾਹ ਨਹੀਂ ਬਾਕੀ ਦਿਲ ਮੇਰੇ 'ਚ ਮਗਰ,
ਤੁਹਾਨੂੰ ਮਿਲਨ ਦਾ ਮਨ ਵਿਚ ਵਿਚਾਰ ਬਾਕੀ ਹੈ।

ਤੂੰ ਮੇਰਾ ਜਿਸਮ ਹਰਾ ਕੇ ਨਾ ਹੁੱਬ ਐ ਜ਼ਾਲਿਮ,
ਕਿ ਦਿਲ ਜਿਗਰ ਦੀ ਅਜੇ ਹੋਣੀ ਹਾਰ ਬਾਕੀ ਹੈ।

ਜੇ ਤੀਰ ਨੈਣਾਂ ਦੇ, ਜ਼ੁਲਫ਼ਾਂ ਦੇ ਸੱਪ ਦਗ਼ਾ ਦੇ ਗਏ,
ਤਾਂ ਉਸ ਦੀ ਤਨਜ਼ ਦੀ ਹਾਲੀ ਕਟਾਰ ਬਾਕੀ ਹੈ।

ਮਨੁੱਖਤਾ ਨਾਲ ਮੈਂ ਫੁੱਲਾਂ ਦੀ ਗੱਲ ਕੀ ਛੇੜਾਂ,
ਮਨੁੱਖ ਦੇ ਰਾਹ 'ਚ ਜਦੋਂ ਇਕ ਵੀ ਖ਼ਾਰ ਬਾਕੀ ਹੈ।

ਜਿਨ੍ਹਾਂ 'ਤੇ ਟੇਕ ਸੀ, ਉਹ ਛਡ ਗਏ ਤਾਂ ਫਿਰ ਕੀ ਏ,
ਜੋ ਸੱਚੀ ਟੇਕ ਹੈ, ਪਰਵਰਦਗਾਰ ਬਾਕੀ ਹੈ।

ਤੂੰ ਇਹ ਨਾ ਸੋਚ ਕਿ ਸਭ ਯਾਰ ਛਡ ਗਏ ਤੈਨੂੰ,
ਅਜੇ ਤਾਂ 'ਸੰਧੂ' ਜਿਹਾ ਜਾਂ-ਨਿਸਾਰ ਬਾਕੀ ਹੈ।

—੪੨੧-ਦਕੋਹਾ (ਜਲੰਧਰ) ੧੪੪੦੨੩
ਮੋਬਾ. ੯੪੬੩੯-੧੩੫੨੮


Namdhari Elibrary NamdhariElibrary@gmail.com

# ਦੋ .ਗਜ਼ਲਾਂ/ —ਤ੍ਰੈਲੋਚਨ 'ਲੋਚੀ'



(੧)

ਬਿਰਖ ਦਾ ਪੱਤਾ-ਪੱਤਾ ਰੋਵੇ।
ਕੌਣ ਜੋ ਏਥੇ ਤਨਹਾ ਰੋਵੇ।

ਵੇਹੜੇ ਦੇ ਵਿਚ ਦੇਖਕੇ ਕੰਧਾਂ,
ਘਰ ਦਾ ਕੋਨਾ-ਕੋਨਾ ਰੋਵੇ।

ਕੌਣ ਜੋ ਤੁਰਿਆ ਚੁੱਪ-ਚੁਪੀਤੇ,
ਉਸਦੀ ਛੋਹ ਨੂੰ ਰਸਤਾ ਰੋਵੇ।

ਅੱਜ ਉਦਾਸੀ ਦਾ ਹੈ ਆਲਮ,
ਕਿਧਰੇ ਕੁਈ ਫਰਿਸ਼ਤਾ ਰੋਵੇ।

ਪੌਂਡਾਂ ਦੇ ਇਸ ਦੇਸ਼ 'ਚ 'ਲੋਚੀ',
ਕਿਉਂ ਨਾ ਕੋਈ ਤਨਹਾ ਰੋਵੇ।

(੨)

ਜ਼ਮਾਨੇ ਦਾ ਚਲਨ ਸਵੀਕਾਰ ਕਰ ਲੈ।
ਕਿ ਤੂੰ ਵੀ ਤੇਜ਼ ਹੁਣ ਰਫ਼ਤਾਰ ਕਰ ਲੈ।

ਕਿਤੇ ਹਉਮੈਂ 'ਚ ਹੀ ਨਾ ਝੁਲਸ ਜਾਵੀਂ,
ਕਿਸੇ ਦੇ ਨਾਲ ਤੂੰ ਵੀ ਪਿਆਰ ਕਰ ਲੈ।

ਤਿਰੇ ਵਿਚ ਨਾ ਦਇਆ ਨਾ ਸਹਿਜ ਕਿਧਰੇ,
ਹੈ ਏਹੋ ਸੱਚ ਤੂੰ ਸਵੀਕਾਰ ਕਰ ਲੈ।

ਮੁਹੱਬਤ ਦੀ ਤਿਰੇ 'ਚੋਂ ਮਹਿਕ ਆਵੇ,
ਤੂੰ ਕੋਈ ਐਸਾ ਕਾਰੋਬਾਰ ਕਰ ਲੈ।

ਸਮੁੰਦਰੋਂ ਵੀ ਇਹ ਡੂੰਘਾ ਸ਼ਹਿਰ 'ਲੋਚੀ',
ਤੂੰ ਇਸ ਵਿਚ ਡੁੱਬ ਜਾਂ ਪਾਰ ਕਰ ਲੈ।

੨੦-ਸੈਕਿੰਡ ਫਲੋਰ, ਐੱਚ.ਆਈ. ਜੀ
ਰਾਜਗੁਰੂ ਨਗਰ-ਲੁਧਿਆਣਾ
ਮੋਬ.-੯੮੧੪੨-੫੩੩੧੫

# ਦੋ .ਗਜ਼ਲਾਂ/



*—ਪ੍ਰੋ. ਜਸਵੰਤ ਸਿੰਘ ਕੈਲਵੀ*

(੧)

ਬਹਿਰ (ਮੁਜ਼ਾਰਿਆ ਮੁਸੱਮਨ ਅਖ਼ਰਬ ਮਕਫ਼ੂਫ ਮਹਿਜ਼ੂਫ)

ਜਿੱਤਦੀ ਜਦੋਂ ਹੈ ਮੋਹ ਨੂੰ ਸੈਨਾ ਬਬੇਕ ਦੀ।
ਉੱਠਦੀ ਨਾ ਲਾਟ ਫੇਰ ਹੈ ਮਾਯਾ ਦੇ ਸੇਕ ਦੀ।
ਖਿੜਦੀ ਬਸੰਤ ਖ਼ੂਬ ਹੈ ਤਨ ਮਨ ਹੈ ਮੌਲਦਾ
ਜੀਵਨ ਨੂੰ ਆ ਕੇ ਮੌਤ ਵੀ ਮੱਥਾ ਹੈ ਟੇਕਦੀ।
ਹੁੰਦਾ ਹਰਾ ਇਹ ਖੇਤ ਹੈ ਰੂਹ ਤੇ ਸਵਾਸ ਦਾ
ਟਿਕਦੀ ਹੈ ਦਿਲ 'ਚ ਆਣ ਕੇ ਮੂਰਤ ਜਾਂ 'ਏਕ' ਦੀ।
ਦੇਂਦੀ ਸਕੂਨ ਯਾਦ ਹੈ ਤੇਰੀ ਉਹ ਦਿਲਬਰਾ!
ਦੇਂਦੀ ਅਰਾਮ ਘਾਮ 'ਚ ਛਾਂ ਜਿਉਂ ਧਰੇਕ ਦੀ।
ਫੁੱਲਾਂ ਦੀ ਸੇਜ ਉਸਦੀ ਹੋਵੇ ਇਹ ਜ਼ਿੰਦਗੀ
ਕਰਦੈ ਜੁ ਰੋਗ ਸੋਗ 'ਚ ਸੇਵਾ ਹਰੇਕ ਦੀ।
ਫਸਕੇ ਵਿਕਾਰ ਜਾਲ 'ਚ ਭੁੱਲੀਂ ਨਾ 'ਕੈਲਵੀ',
ਸੋਭਾ ਸਦਾ ਜਹਾਨ 'ਚ ਹੁੰਦੀ ਹੈ ਨੇਕ ਦੀ।

(੨)

ਮਿਰੇ ਅੰਦਰ ਸਮੁੰਦਰ ਹੈ ਜਿਦ੍ਹੇ ਵਿਚ ਉੱਠਦੀਆਂ ਛੱਲਾਂ
ਭਿਆਨਕ ਖੌਲਦਾ ਸਾਗਰ ਕਿਵੇਂ ਮੈਂ ਏਸਨੂੰ ਠੱਲਾਂ ?
ਲਗਾਵੇ ਪਾਰ ਆ ਕਿਹੜਾ ਤ੍ਰਿਸ਼ਨ ਅਗਨ ਦੇ ਵਿਚੋਂ
ਲਵਾਂ ਤਰਲੇ ਬਚਾ ਮੈਨੂੰ ਸੁਨੇਹੜੇ ਯਾਰ ਨੂੰ ਘੱਲਾਂ।
ਹਜ਼ਾਰਾਂ ਛੇਕ ਬੇੜੀ ਵਿਚ ਮਲਾਹਾਂ ਦਾ ਭਰੋਸਾ ਕੀ?
ਸਫਰ ਦੀ ਸੂਝ ਤੋਂ ਕੋਰੇ ਉਹ ਕਰਦੇ ਕੋਰੀਆਂ ਗੱਲਾਂ।
ਮਨੋਂ ਡਰਪੋਕ ਗਿੱਦੜ ਨੇ ਉਨ੍ਹਾਂ ਨੂੰ ਸੂਰੇ ਕਿਂਝ ਸਮਝਾਂ,
ਬਣੇ ਜੋ ਸ਼ੇਰ ਫਿਰਦੇ ਨੇ ਬਦਨ ਤੇ ਪਹਿਨ ਕੇ ਖੱਲਾਂ।
ਕਲੇਜੇ ਕਰਕ ਹੁੰਦੀ ਜੋ ਉਨ੍ਹੰ ਕੋਈ ਵੈਦ ਨਾ ਜਾਣੇ
ਹੈ ਸੀਨੇ ਪੀੜ ਦਾ ਪਰਬਤ ਉਠਾ ਕੇ ਦਰਦ ਮੈਂ ਝੱਲਾਂ
ਭਰੋਸਾ ਸਿਦਕ ਦੇ ਮੈਨੂੰ ਖੁਰੇ ਵਿਸ਼ਵਾਸ ਨਾ ਮੇਰਾ
ਮੈਂ ਆਪਣੀ ਅਕਲ ਨੂੰ ਛੱਡਾਂ ਤਿਰੇ ਮੈਂ ਹੁਕਮ ਵਿਚ ਚੱਲਾਂ।
"ਗੁਰੂ ਸਭ ਰੋਗ ਕੱਟਦਾ ਹੈ" ਨਵੀਂ ਜ਼ਿੰਦਗੀ ਦੇਂਦਾ
ਜੁ ਦੇਵੇ ਨਾਮ ਦਾ ਦਾਰੂ ਉਦ੍ਹਾ ਦਰ ਕੈਲਵੀ ਮੱਲਾਂ।

੧੧੮/੫ ਗੁਰੂ ਅਰਜਨ ਦੇਵ ਨਗਰ,
ਫਿਰੋਜ਼ਪੁਰ ਸ਼ਹਿਰ-੧੫੨੦੦੨
ਮੋਬ-੯੮੭੮੩-੮੧੪੭੪



Namdhari Elibrary NamdhariElibrary@gmail.com

# ਦੋ ਰਚਨਾਵਾਂ / *ਸਿਰੀ ਰਾਮ ਅਰਸ਼*

## *ਵਿਲੱਖਣ ਗਿਆਨ ਦਾ ਪ੍ਰਸਾਦ*

ਤੁਸੀਂ ਮੇਰੇ ਜਿਹੇ ਇਸ ਦੇਸ਼ ਦੇ ਅਣਗਿਣਤ ਬੱਚਿਆਂ ਨੂੰ,
ਵਿਲੱਖਣ ਭਾਂਤ ਦਾ ਅਦਭੁਤ ਜਿਹਾ ਅਧਿਕਾਰ ਦਿੱਤਾ ਸੀ।
ਜਿਦ੍ਹੇ ਰਾਹੀਂ ਤੁਸੀਂ ਬਾਲਾਂ ਦਿਆਂ ਮਾਸੂਮ ਹੱਥਾਂ ਤੇ,
ਵਿਚਿੱਤਰ ਗਿਆਨ ਹਾਸਿਲ ਕਰਨ ਦਾ ਪ੍ਰਸਾਦ ਧਰਿਆ ਸੀ।
ਜਿਹਨੂੰ ਕਹਿੰਦੇ ਰਹੇ ਹੋ ਆਦਿ ਤੋਂ ਹੀ ਤੀਸਰਾ ਨੇਤਰ।
ਤਰੱਕੀ ਕਰ ਨਹੀਂ ਸਕਦਾ ਜਿਦ੍ਹੇ ਬਿਨ ਕੋਈ ਵੀ ਖੇਤਰ।
ਤੁਹਾਨੂੰ ਗਿਆਨ ਹੈ ਇਸਦਾ
ਗਰੀਬਾਂ, ਨਾਬਰਾਂ, ਤ੍ਰਿਸਕਾਰਿਆਂ ਵਰਗਾਂ ਦੇ ਬੱਚਿਆਂ ਦਾ,
ਲਹੂ ਪੀ ਕੇ,
ਘਿਨਾਉਣੀ ਭੁੱਖ ਦੀਆਂ ਬੇਕਿਰਕ ਡੈਣਾਂ ਨੇ,
ਉਨ੍ਹਾਂ ਨਿਰਦੋਸ਼ ਬਾਲਾਂ ਨੂੰ ਹੈ ਅੱਧ-ਮੋਏ ਬਣਾ ਛੱਡਿਆ।
ਤਦੇ ਭੁੱਖਾਂ 'ਚ ਲਤਪਤ ਬਾਲ ਲੋਚਣ ਅੰਨ ਦੀ ਲੱਪ ਨੂੰ।
ਜਾਂ ਆਪਣੇ ਭੁੱਖਿਆਂ ਢਿੱਡਾਂ ਦੀ ਖ਼ਾਤਰ ਰੋਟੀਆਂ।
ਨਿਕਰਮਣ ਭੁੱਖ ਉਹਨਾਂ ਨਾਲ ਜੋ ਹਰ ਜੁਗ 'ਚ ਜੰਮਦੀ ਹੈ।
ਜੇ ਰੋਟੀ ਨਾ ਮਿਲੀ ਉਹਨਾਂ ਨੂੰ ਇਕ ਦੋ ਹੋਰ ਡੰਗਾਂ ਤਕ,
ਉਨ੍ਹਾਂ ਦੀ ਆਤਮਾ ਛੱਡ ਜਾਏਗੀ ਤਦ ਸਾਥ ਉਹਨਾਂ ਦਾ।
ਤੁਸੀਂ ਸਭ ਜਾਣਦੇ ਹੋ ਇਸ ਯਥਾਰਥ ਨੂੰ :
ਕਿ ਸਿਖਿਆ ਦੁਆਰ ਹੈ ਪ੍ਰਕਾਸ਼ ਦਾ, ਪੂਰਨ ਤਰੱਕੀ ਦਾ।
ਮਗਰ ਭੁੱਖੇ ਦੀ ਭੁੱਖ ਮੇਟਣ ਦਾ ਇਹ ਮੰਤਰ ਨਹੀਂ ਕੋਈ।
ਤੁਹਾਡੇ ਇਸ ਨਵੇਂ ਕਾਨੂੰਨ ਦੀ ਥਾਂ ਦੂਰ ਹੈ ਹਾਲੇ।
ਤੁਸੀਂ ਪਹਿਲਾਂ ਕਿਸੇ ਮਰਦੇ ਦੇ ਮੂੰਹ ਵਿਚ ਜਲ ਤਾਂ ਪਾ ਛੱਡੋ।
ਕਿਸੇ ਭੁੱਖੇ ਨੂੰ ਰੋਟੀ ਦੀ, ਤੁਸੀਂ, ਬੁਰਕੀ ਖਵਾ ਛੱਡੋ।
ਜੇ ਉਹ ਜਿਉਂਦੇ ਬਚੇ ਤਾਂ ਫੇਰ ਸੋਚਣਗੇ,
ਤੁਹਾਡੇ ਇਸ ਨਵੇਂ ਕਾਨੂੰਨ ਦੇ ਬਾਰੇ।
ਅਜੇ ਵਿਕਰਾਲ ਵਣ ਉਹਨਾਂ ਦੇ ਰਸਤੇ ਵਿਚ ਖਲੋਤੇ ਹਨ।

## *ਕਰਮਯੋਗੀ*

ਜਗ ਤੇ ਹੁੰਦਾ ਬਾਪ ਦੈਵੀ ਸ਼ਕਤੀਆਂ ਦਾ ਕਰਜ਼ਦਾਰ।
ਕਿਉਂ ਜੋ ਪਾਉਂਦਾ ਹੈ ਉਨ੍ਹਾਂ ਪਾਸੋਂ ਧੀਆਂ, ਪੁੱਤਾਂ ਦੀ ਦਾਤ।

ਨਿੱਤ ਨਵੀਂ ਸਰਘੀ ਵਰਾਂ ਦੇ ਨਾਲ ਭਰਦੀ ਉਸ ਦਾ ਥਾਲ।
ਮੋਤੀਆਂ ਦੇ ਬੰਨ੍ਹ ਸਿਹਰੇ ਚੰਦ ਦੀ ਆਉਂਦੀ ਬਰਾਤ।

ਪਰ ਮੇਰੇ ਵਾਲਿਦ ਨੂੰ ਐਨਾ ਵਿਹਲ ਨਾ ਮਿਲਿਆ ਕਦੇ,
ਬੈਠ ਕੇ ਦੋ ਪਲ ਉਹ ਕੁਦਰਤ ਦਾ ਵੀ ਕਰ ਸਕਦਾ ਧਿਆਨ।

ਚੰਦ ਸੂਰਜ ਨਾਲ ਹੋ ਜਾਂਦੀ ਉਦ੍ਹੀ ਵੀ ਦੋਸਤੀ,
ਉਸ ਨੂੰ ਬ੍ਰਹਿਮੰਡ ਦੇ ਸਿਰਜਕ ਦਾ ਹੋ ਜਾਂਦਾ ਗਿਆਨ।

ਉਸ ਨੇ ਬਚਪਨ ਤੋਂ ਹੀ ਪਾਇਆ ਕਿਰਤ ਦਾ ਵਰਦਾਨ ਸੀ।
ਕਿਰਤ ਉਸ ਦਾ ਪਿਆਰ ਸੀ, ਜਿੰਦ-ਜਾਨ ਤੇ ਸਵੈਮਾਨ ਸੀ।

ਓਸ ਮਿਹਨਤਕਸ਼ ਲਈ ਹਿੰਮਤ ਸੀ ਉਸ ਦੀ ਸਾਧਨਾ,
ਕਰਮਯੋਗੀ ਵਾਸਤੇ ਬਸ ਕਰਮ ਹੀ ਭਗਵਾਨ ਸੀ।

ਫਿਰ ਵੀ ਉਸ ਦੇ ਘਰ 'ਚ ਵਸਦੀ ਸੀ ਗਰੀਬੀ ਭੁਖਮਰੀ।
ਕਿਰਤ ਤੋਂ ਨਾ ਉਸ ਲਈ ਦੋ ਡੰਗ ਦੀ ਰੋਟੀ ਸਰੀ।

ਪੁੱਤ ਜੰਮਣ 'ਤੇ ਪਤਾਸੇ ਉਸ ਤੋਂ ਨਾ ਵੰਡੇ ਗਏ।
ਚਾਰ ਪੱਤੇ ਅੰਬ ਦੇ ਬੂਹੇ ਤੇ ਨਾ ਟੰਗੇ ਗਏ।

ਫੇਰ ਧੀਆਂ ਹੋਣ ਤੇ ਖੁਸ਼ੀਆਂ ਮਨਾਉਂਦਾ ਕਿਸ ਤਰ੍ਹਾਂ?
ਘਰ 'ਚ ਸ਼ੁਕਰਾਨੇ ਦੀ ਜੋਤੀ ਨੂੰ ਜਗਾਉਂਦਾ ਕਿਸ ਤਰ੍ਹਾਂ?

ਉਸ ਦੀ ਸੀ ਕਾਮਨਾ ਬੱਚੇ ਸਕੂਲਾਂ ਵਿਚ ਪੜ੍ਹਨ।
ਤਾਂ ਜੋ ਉਜਰਤ ਕਿਰਤ ਦੀ ਖ਼ੈਰਾਤ ਵਾਂਗੂੰ ਨਾ ਫੜਨ।

ਸਰਦੀਆਂ ਵਿਚ ਧਾਰ ਲੈਂਦਾ ਉਹ ਤਪੇ ਸੂਰਜ ਦਾ ਰੂਪ।
ਗਰਮੀਆਂ ਵਿਚ ਵਰ੍ਹਦਾ ਬਾਲਾਂ 'ਤੇ ਉਹ ਬਣ ਬੱਦਲ ਅਨੂਪ।

ਰਹਿ ਕੇ ਅੱਧ ਭੁੱਖਾ ਉਹ ਸੁੱਖ ਸੰਤਾਨ ਨੂੰ ਦਿੰਦਾ ਰਿਹਾ।
ਵੰਡਦਾ ਅੰਮ੍ਰਿਤ ਰਿਹਾ ਪਰ ਜ਼ਹਿਰ ਖੁਦ ਪੀਂਦਾ ਰਿਹਾ।

ਏਸ ਜੁਗ ਵਿਚ ਜਿਸ ਨੂੰ ਕ੍ਰਾਂਤੀ ਆਉਣ ਦਾ ਵਿਸ਼ਵਾਸ ਸੀ।
ਉਸ ਧਰਮੀ ਬਾਬਲੇ ਦਾ ਨਾਮ 'ਠਾਕਰ ਦਾਸ' ਸੀ।


Namdhari Elibrary NamdhariElibrary@gmail.com

## .ਗ਼ਜ਼ਲ / *ਜਰਨੈਲ ਸਿੰਘ ਬੱਧਣ*

ਇਹ ਸੋਚਣ ਦਾ ਵੇਲਾ ਨਹੀਂ,
ਹੁਣ ਕੁੱਝ ਕਰ ਸੱਜਣਾ।
ਮਰਨੋਂ ਨਾ ਡਰਿਆ ਕਰ,
ਆਖਿਰ ਨੂੰ ਜਾਣਾ ਮਰ ਸੱਜਣਾ।

ਇਹ ਬਿਰਖ ਬੂਟੇ ਜੋ
ਤੇਰੀ ਇਕ ਛੋਹ ਨੂੰ ਤਰਸਦੇ ਨੇ,
ਬਾਹਵਾਂ 'ਚ ਭਰ ਲਿਆ ਕਰ,
ਜਾਊ ਸੀਨਾ ਭਰ ਸੱਜਣਾ।

ਧਰਤੀ ਸਰਕ ਰਹੀ ਹੈ,
ਬੀਮਾਰੀ ਮਹਾਂਮਾਰੀ ਨਾਲ
ਧੂਏਂ ਤੋਂ ਖੌਫ ਕਰਿਆ ਕਰ,
ਨਾ ਘਰ ਨੂੰ ਭਰ ਸੱਜਣਾ।

ਜੰਮਣ ਤੋਂ ਪਹਿਲਾਂ ਹੀ,
ਧੀਆਂ ਨੂੰ ਮਾਰੀ ਜਾਂਦੇ ਨੇ,
ਇਹ ਤਾਂ ਜ਼ੁਲਮ ਦੀ ਇੰਤਹਾ ਏ,
ਇਹ ਨਾ ਜਰ ਸੱਜਣਾ।

ਉੱਠ ਆਵਾਜ਼ ਬੁਲੰਦ ਕਰ
ਜ਼ੁਲਮ-ਓ-ਸਿਤਮ ਖਿਲਾਫ ਤੂੰ,
ਇਹ ਬੋਲਣ ਦਾ ਵੇਲਾ ਏ,
ਨਾ ਚੁੱਪ ਧਰ ਸੱਜਣਾ।

ਕਲਮ ਵਿਚ ਤਾਕਤ ਹੈ,
ਐਟਮਾਂ ਰਾਕਟਾਂ ਤੋਂ ਵੱਧ,
ਇਸ ਤੋਂ ਕਹਿੰਦੇ ਕਹਾਉਂਦੇ ਵੀ,
ਜਾਂਦੇ ਨੇ ਡਰ ਸੱਜਣਾ।

ਇਹ ਸੋਚਣ ਦਾ ਵੇਲਾ ਨਹੀਂ,
ਹੁਣ ਕੁੱਝ ਕਰ ਸੱਜਣਾ,
ਮਰਨੋਂ ਨਾ ਡਰਿਆ ਕਰ,
ਆਖਿਰ ਨੂੰ ਜਾਣਾ ਮਰ ਸੱਜਣਾ।

*੫੨੭, ਅਰਬਨ ਅਸਟੇਟ*
*ਫੇਜ਼ ਨੰ-੨ ਜਲੰਧਰ*
*ਮੋਬ-੯੪੬੪੭੯੬੨੮੭*

ਨਜ਼ਮ

## ਕਪਾਹ

*—ਜਰਨੈਲ ਸਿੰਘ ਬੱਧਣ*

ਚਿੱਟੀ ਦੁੱਧ ਵਰਗੀ ਕੀ ਤਾਰੀਫ ਆਖਾਂ,
ਕਪਾਹ ਕੌਮਾਂ ਦੀ ਕਿਸਮਤ ਸਵਾਰ ਦਿੰਦੀ।
ਨਰਮ ਮੁਲਾਇਮ ਤੇ ਤਿੱਖੀ ਤਲਵਾਰ ਨਾਲੋਂ,
ਲੱਖਾਂ ਲੋਕਾਂ ਨੂੰ ਕਪਾਹ ਕਾਰੋਬਾਰ ਦਿੰਦੀ।
ਕਿੱਧਰੇ ਚੁਗਦੀਆਂ ਝੰਬਦੀਆਂ ਵਿਰਨ ਕੁੜੀਆਂ,
ਕਪਾਹ ਤ੍ਰਿਵਣਾਂ ਦਾ ਰੂਪ ਸ਼ਿੰਗਾਰ ਦਿੰਦੀ।
ਚਰਖੇ ਡਾਹੁੰਦੀਆਂ ਗੌਂਦੀਆਂ ਗੀਤ ਲੰਮੇ,
ਕਪਾਹ ਕੌਮ ਦਾ ਸੱਭਿਆਚਾਰ ਦਿੰਦੀ।
ਕੱਤਣ, ਵੱਟਣ ਅਟੇਰਨ ਤੇ ਸੂਤ ਬਣ ਕੇ,
ਕਪਾਹ ਲਲਾਰੀਆਂ ਨੂੰ ਕੰਮਕਾਰ ਦਿੰਦੀ।
ਤਾਣੇ ਤਣਦੀਆਂ ਬੁਣਦੀਆਂ ਖੇਸ ਦਰੀਆਂ,
ਕਪਾਹ ਜੁਲਾਹਿਆਂ ਦੇ ਕੋੜਮੇ ਤਾਰ ਦਿੰਦੀ।
ਫੁਲਕਾਰੀ ਬਣ ਕੇ ਸਜਦੀ ਦੁਲਹਨਾਂ ਤੇ,
ਸਿਰ ਤੇ ਬੱਝ ਕੇ ਬਣਾ ਸਰਦਾਰ ਦਿੰਦੀ।
ਲੰਡਨ ਤਖ਼ਤ ਨੂੰ ਕਪਾਹ ਸੀ ਵਖਤ ਪਾਇਆ,
ਕਪਾਹ ਗੋਰਿਆਂ ਤੋਂ ਲੈ ਕੇ ਸਰਕਾਰ ਦਿੰਦੀ।
ਸਾਡੀ ਅਣਖ ਤੇ ਗ਼ੈਰਤ ਕਪਾਹ ਲੋਕੋ,
ਦੇਸ਼ ਭਗਤੀ ਲਈ ਕਪਾਹ ਵੰਗਾਰ ਦਿੰਦੀ।

## .ਗ਼ਜ਼ਲ / *—ਮਾ ਅਮਰੀਕ ਸਿੰਘ*

ਇਕ ਅਦਾ ਦੇ ਨਾਲ ਕੋਲੋਂ ਲੰਘ ਗਏ,
ਦੂਰ ਜਾ ਕੇ ਨਿੱਕਾ ਨਿੱਕਾ ਖੰਘ ਗਏ।
ਇਹ ਵੀ ਇਕ ਵੱਖਰਾ ਜਿਹਾ ਅੰਦਾਜ਼ ਹੈ,
ਕੁਝ ਸੀ ਕਹਿਣਾ ਚਾਹ ਰਹੇ ਪਰ ਸੰਗ ਗਏ।
ਮੁਸਕਰਾ ਕੇ ਬੁਲ੍ਹੀਆਂ ਨੂੰ ਘੁੱਟ ਲਿਆ,
ਇਹ ਹੀ ਨਖ਼ਰੇ ਤਾਂ ਅਸਾਨੂੰ ਡੰਗ ਗਏ।
ਰਾਜ਼ ਕਿਸ ਨੂੰ ਦੱਸੀਏ ਬਿਨ ਆਪ ਦੇ,
ਪਰ ਤੁਸਾਂ ਦੇ ਬਦਲ ਸਾਰੇ ਢੰਗ ਗਏ॥
ਚੁੱਪ ਤੁਸਾਂ ਦੀ ਵੇਖ ਧੋਖਾ ਖਾ ਲਿਆ,
ਅਲ ਖ਼ਾਮੋਸ਼ੀ ਤੋਂ ਅਸੀਂ ਹੋ ਦੰਗ ਗਏ।
ਅਜ ਅਸਾਨੂੰ ਨਾਂਹ ਦਾ ਸੁਨਿਹਾ ਘੱਲ ਕੇ,
"ਅਮਰੀਕ" ਦਾ ਦਿਲ ਤੋੜ ਵਾਂਗੂ ਵੰਗ ਗਏ॥



Namdhari Elibrary NamdhariElibrary@gmail.com

ਗੀਤ

# ਪ੍ਰੇਮ ਦਾ ਸੰਦੇਸ਼ਾ

*—ਕਰਤਾਰ ਸਿੰਘ ਕਾਲੜਾ*

ਜੋਗੀ ਪ੍ਰੇਮ ਦਾ ਸੰਦੇਸ਼ਾ ਲੈ ਕੇ ਆਇਆ,
ਜੋਗੀੜੇ ਨੂੰ ਖ਼ੈਰ ਪਾ ਦਿਉ!
ਪ੍ਰੇਮ ਜ਼ਿੰਦਗੀ ਦਾ ਸੁੱਚਾ ਸਰਮਾਇਆ,
ਜੋਗੀੜੇ ਨੂੰ ਖ਼ੈਰ ਪਾ ਦਿਉ!

ਰੰਗ ਸੁੱਚਾ ਮਿਹਨਤਾਂ ਦਾ ਚੜ੍ਹ ਆਇਆ ਜੋਗੀ ਨੂੰ।
ਜ਼ਿੰਦਗੀ ਪਿਆਰੀ ਲੱਗੀ ਜ਼ਿੰਦਗੀ ਦੇ ਭੋਗੀ ਨੂੰ।
ਤਾਂ ਹੀ ਜ਼ਿੰਦਗੀ ਦਾ ਗੀਤ ਉਹਨੇ ਗਾਇਆ
ਜੋਗੀੜੇ ਨੂੰ ਖ਼ੈਰ ਪਾ ਦਿਉ।

ਮੂਕ ਪ੍ਰੀਤ ਜੋਗੀ ਮੂਕ ਰਹਿ ਕੇ ਹੀ ਪੁਗਾਈ ਹੈ।
ਰੂਹ ਦੀ ਪ੍ਰੀਤ ਉਹਨੇ ਰੂਹਾਂ ਨਾਲ ਪਾਈ ਹੈ।
ਉਹ ਵੀ ਰੂਹਾਂ ਦੀ ਪ੍ਰੀਤ ਦਾ ਹੈ ਜਾਇਆ
ਜੋਗੀੜੇ ਨੂੰ ਖ਼ੈਰ ਪਾ ਦਿਉ।

ਭੁੱਲ ਕੇ ਵੀ ਮੰਨੋ ਨਾ ਪਰਾਇਆ ਕਦੇ ਜੋਗੀ ਨੂੰ।
ਆਪਣਾ ਹੀ ਜਾਣੋ ਸਦਾ ਪ੍ਰੀਤ ਦੇ ਵਿਯੋਗੀ ਨੂੰ।
ਉਹ ਤਾਂ ਭੁੱਲ ਬੈਠੇ ਆਪਣਾ ਪਰਾਇਆ
ਜੋਗੀੜੇ ਨੂੰ ਖ਼ੈਰ ਪਾ ਦਿਉ।

ਪ੍ਰੀਤ ਬਿਨਾਂ ਸੁੱਕ ਜਾਣ ਜੋਬਨ ਜਵਾਨੀਆਂ।
ਸਦਾ ਨੇ ਬਹਾਰੀ ਸਦਾ ਪ੍ਰੀਤਾਂ ਜਿਨ੍ਹਾਂ ਮਾਣੀਆਂ।
ਪ੍ਰੀਤ ਹੀਣਿਆਂ ਨੇ ਜੋਬਨਾ ਗਵਾਇਆ
ਜੋਗੀੜੇ ਨੂੰ ਖ਼ੈਰ ਪਾ ਦਿਉ।

ਜੋਗੀ ਤੇਰੀ ਪ੍ਰੀਤ ਵਾਲੀ ਰੀਤ ਹੀ ਨਿਆਰੀ ਹੈ।
ਪ੍ਰੀਤਾਂ ਵਾਲੀ ਜਿੰਦੜੀ ਨੂੰ ਲਗਦੀ ਪਿਆਰੀ ਹੈ।
ਇਹੋ 'ਸਤਿ ਕਰਤਾਰ' ਦੀ ਹੈ ਮਾਇਆ
ਜੋਗੀੜੇ ਨੂੰ ਖ਼ੈਰ ਪਾ ਦਿਉ।
ਜੋਗੀ ਪ੍ਰੇਮ ਦਾ ਸੰਦੇਸ਼ਾ ਲੈ ਕੇ ਆਇਆ
ਜੋਗੀੜੇ ਨੂੰ ਖ਼ੈਰ ਪਾ ਦਿਉ।
ਪ੍ਰੇਮ ਜ਼ਿੰਦਗੀ ਦਾ ਸੁੱਚਾ ਸਰਮਾਇਆ,
ਜੋਗੀੜੇ ਨੂੰ ਖੈਰ ਪਾ ਦਿਉ।

*੨੯ ਵਾਟਰਵੇਲ ਬੌਲਿਵਰਡ, ਟੈਲਰਜ਼ ਹਿੱਲ,*
*ਵਿਕਟੋਰੀਆ-੩੦੩੭, ਅਸਟ੍ਰੇਲੀਆ*

# ਗ਼ਜ਼ਲ / *—ਡਾ. ਨਰੇਸ਼*

ਮੈਂ ਹੀ ਹੈਦਰ ਮੈਂ ਹੀ ਬਾਹੂ ਮੈਂ ਹੀ ਬੁੱਲ੍ਹੇ ਸ਼ਾਹ ਨਰੇਸ਼।
ਉਸਦੇ ਹਿਜਰ-ਫ਼ਿਰਾਕ ਵਿਗੁੱਤਾ ਮੇਰਾ ਇਕ-ਇਕ ਸਾਹ ਨਰੇਸ਼।

ਵਕਤ ਜਿਹਾ ਬਲਵਾਨ ਨਾ ਕੋਈ ਡਰੀਏ ਵਕਤ ਦੀ ਗਰਦਿਸ਼ ਤੋਂ,
ਵਕਤ ਪਏ 'ਤੇ ਭੁੱਖੇ ਮਰਦੇ ਵੇਖੇ ਆਲੀਜਾਹ ਨਰੇਸ਼।

ਜਿਸ ਦਿਨ ਤੋਂ ਕੰਧਾਂ ਦੇ ਉੱਪਰ ਆ ਬੈਠੇ ਹਨ ਹਾਫ਼ਿਜ਼ ਰੂਮ,
ਉਸ ਦਿਨ ਤੋਂ ਇਹ ਘਰ ਬਣਿਆ ਹੈ ਪੀਰਾਂ ਦੀ ਦਰਗਾਹ ਨਰੇਸ਼।

ਜੋ ਇਲਮਾਂ ਪਾਰੋਂ ਬੈਠਾ ਹੈ ਉਸ ਦੀਆਂ ਰਮਜ਼ਾਂ ਸਮਝੇ ਕੌਣ,
ਮੈਂ ਫ਼ਕੀਰ ਦਰਵੇਸ਼ ਨਿਮਾਣਾ ਉਹ ਸ਼ਾਹਾਂ ਦਾ ਸ਼ਾਹ ਨਰੇਸ਼।

ਭੱਠ ਪਵੇ ਇਹ ਸ਼ਿਅਰੋ-ਸ਼ਾਇਰੀ ਭੱਠ ਪਵੇ ਸ਼ਬਦਾਂ ਦੀ ਖੇਡ,
ਮੈਂ ਕੁਰਲਾਵਾਂ ਮੌਲ-ਮੌਲਾ ਲੋਕੀ ਆਖਣਾ ਵਾਹ ਨਰੇਸ਼।

*—੧੯੯, ਸੈਕਟਰ-੧੧,*
*ਪੰਚਕੂਲਾ-੧੩੪੧੦੯*

# ਗ਼ਜ਼ਲ / *—ਬਾਬਾ ਨਜਮੀ*

ਅੱਖਰਾਂ ਵਿੱਚ ਸਮੁੰਦਰ ਰੱਖਾਂ, ਸੋਚਾਂ ਵਿੱਚ ਜਹਾਨ।
ਸਜਦੇ ਕਰਨ ਫ਼ਰਿਸ਼ਤੇ ਮੈਨੂੰ, ਮੇਰਾ ਨਾਂ ਇਨਸਾਨ।

ਮੈਨੂੰ ਕਿੰਝ ਹਿਲਾ ਸਕਦੇ ਨੇ, ਝੱਖੜ ਤੇ ਤੂਫ਼ਾਨ।
ਖੜਾ ਵਾਂ ਸੱਤ ਜ਼ਮੀਨਾਂ ਢਾਹ ਕੇ, ਚੁੱਕ ਕੇ ਸੱਤ ਅਸਮਾਨ।

ਝੂਠਾ ਕਿਹੜਾ, ਸੱਚਾ ਕਿਹੜਾ, ਕਿਸਰਾਂ ਕਰਾਂ ਪਛਾਣ।
ਖਾਂਦੇ ਪਏ ਨੇ ਕਸਮਾਂ ਸਾਰੇ, ਸਿਰ 'ਤੇ ਰੱਖ ਕੁਰਾਨ।

ਗੱਡ ਜਿਹਾ ਇਹ ਜੁੱਸਾ ਮੇਰਾ, ਬਣ ਜਾਂਦਾ ਏ ਫੁੱਲ,
ਕੱਚੇ ਪਿੱਲੇ ਜਦੋਂ ਖਡੌਣੇ ਸ਼ਾਮੀਂ ਜੱਫੀਆਂ ਪਾਣ।

ਮੇਰੇ ਆਲ ਦਵਾਲ ਨਾ ਵੱਸੇ ਇਕ ਵੀ ਮਜ਼ਹਬ ਗ਼ੈਰ
ਦੱਸੇ ਸ਼ਹਿਰ ਦਾ ਕਾਜ਼ੀ ਮੇਰਾ ਸੜਿਆ ਕਿੰਝ ਮਕਾਨ।

ਜੰਮਦੀ ਧੀ ਨੂੰ ਦੱਬਣ ਵਾਲਾ ਫੇਰ ਕਾਨੂੰਨ ਬਣੇ,
ਡੋਲੇ ਦੇ ਨਾਲ ਪੁੱਤਰ ਵਾਲਾ ਮੰਗੇ ਪਿਆ ਮਕਾਨ।

ਇਸ ਧਰਤੀ 'ਤੇ ਜਿੱਥੇ ਜਿੱਥੇ ਲੜਦੇ ਪਏ ਨੇ ਲੋਕ,
ਆਪਣਾ ਜੁੱਸਾ ਵੇਖਾਂ 'ਬਾਬਾ' ਹਰ ਥਾਂ ਲਹੂ-ਲੁਹਾਨ



Namdhari Elibrary NamdhariElibrary@gmail.com

# “ਮੇਰਾ ਸੰਗੀਤ ਦਾ ਸਫਰ”

*—ਗੁਰਬਖਸ਼ ਸਿੰਘ ਮਠਾੜੂ*



ਮੇਰੀ ਸੰਗੀਤ ਨਾਲ ਜਾਣ-ਪਹਿਚਾਨ ੭-੮ ਸਾਲ ਦੀ ਉਮਰ ਵਿਚ ਮੇਰੇ ਦਾਦਾ ਜੀ ਨੇ ਹਾਰਮੋਨੀਅਮ ਉਪਰ “ਆ ਗਿਆ ਬਾਬਾ ਵੈਦ ਰੋਗੀਆਂ ਦਾ” ਸ਼ਬਦ ਦੀ ਸੁਰ ਕਢਨੀ ਸਿਖਾ ਕੇ ਕਰਾਈ ਸੀ। ਪਿੰਡ ਸੰਤ ਹੀਰਾ ਦਾਸ ਹੁਰਾਂ ਦਾ ਡੇਰਾ ਹੈ ਜਿਥੇ ਕਥਾਕਾਰ ਆਂਦੇ ਰਹਿੰਦੇ ਸੀ ਜਿਨ੍ਹਾਂ ਨੇ ਬਾਜੇ ਨਾਲ ਸ਼ਬਦ ਵੀ ਪੜ੍ਹਨੇ। ਗੁਰਬਾਣੀ ਦੀ ਸਮਝ ਤਾਂ ਨਹੀਂ ਸੀ ਪਰ ਕੀਰਤਨ ਚੰਗਾ ਲਗਦਾ ਸੀ। ਕੁਛ ਮੁਸਲਮਾਨਾਂ ਦੇ ਘਰ ਵੀ ਸਨ ਇਸ ਲਈ ਕਦੀ ਕਵਾਲੀ ਦਾ ਅਖਾੜਾ ਵੀ ਲਗਦਾ। ਸਮਝ ਤਾਂ ਇਨ੍ਹਾਂ ਦੀ ਵੀ ਨਹੀਂ ਸੀ ਆਉਂਦੀ ਪਰ ਸੁਣਨਾ ਚੰਗਾ ਲਗਦਾ ਸੀ। ਪਿਤਾ ਜੀ ਲਖਨਊ ਰੇਲਵੇ ਵਿਚ ਸਰਵਿਸ ਕਰਦੇ ਸੀ। ਉਥੇ ਬਿਮਾਰ ਹੋ ਗਏ ਤਾਂ ਇਲਾਜ ਲਈ ਜਲੰਧਰ ਲੈ ਆਏ। ਅਸੀਂ ਵੀ ਪਿੰਡ ਛੱਡ ਕੇ ਇਥੇ ਕੋਟ ਕਿਸ਼ਨ ਚੰਦ ਵਿਚ ਰਹਿਣ ਲਗ ਪਏ ਅਤੇ ਦੋਆਬਾ ਸਕੂਲ ਵਿਚ ਦਾਖਿਲ ਹੋ ਗਏ। ਸਕੂਲ ਦੇ ਨਾਲ ਹੀ ਦੇਵੀ ਤਲਾਬ ਹੈ ਜਿਥੇ ਸੰਗੀਤ ਦਾ ਬਾਬਾ ਹਰਵਲਭ ਮੇਲਾ ਲਗਦਾ ਹੈ। ਦੋਸਤਾਂ ਨਾਲ ਦੇਖਣ ਤਾਂ ਜਾਣਾ ਪਰ ਕੁਝ ਸਮਝ ਨਹੀਂ ਸੀ ਆਉਂਦੀ। ਨੌਵੀਂ ਕਲਾਸ ਵਿਚ ਸਾਨੂੰ ਮਾਸਟਰ ਜਗਨ ਨਾਥ ਪਰਤੀ ਹੁਰੀਂ ਪੜ੍ਹਾਣ ਲਗੇ। ਇਹ ਹਰਵਲਭ ਦੇ ਸਟੇਜ ਸੈਕਟਰੀ ਵੀ ਹੁੰਦੇ ਸੀ। ਇਨਾਂ ਦੀ ਪ੍ਰੇਰਨਾ ਨਾਲ ੩-੪ ਦੋਸਤਾਂ ਨੇ ਸੰਗੀਤ ਸੁਣਨਾ ਸ਼ੁਰੂ ਕੀਤਾ। ਸਮਝ ਤਾਂ ਨਹੀਂ ਆਉਂਦੀ ਸੀ ਪਰ ਗਵਈਏ ਤੇ ਤਬਲਚੀ ਦੀ ਨੋਕ ਝੋਕ ਦੇਖ ਸੁਣ ਕੇ ਅਨੰਦ ਆਂਦਾ ਸੀ। ਪਿਤਾ ਜੀ ਦੀ ਬਿਮਾਰੀ ਠੀਕ ਨ ਹੋਈ ਅਤੇ ਉਹ ਚੜ੍ਹਾਈ ਕਰ ਗਏ। ਮੈਟ੍ਰਿਕ ਕਰਨ ਤੋਂ ਬਾਅਦ ਪੜ੍ਹਾਈ ਛੱਡਣੀ ਪਈ ਤੇ ਭਾਈ ਸਾਹਿਬ ਨੇ ਕਾਲਜ ਛੱਡ ਦਿੱਤਾ।

ਚਾਚਾ ਜੀ ਸ. ਅਛਰ ਸਿੰਘ ਹੁਰਾਂ ਦਾ ਮਿਊਜ਼ਿਕ ਦਾ ਬੜਾ ਤਕੜਾ ਕਾਰੋਬਾਰ ਸੀ। ਰੇਲਵੇ ਰੋਡ ਤੇ ਦੁਕਾਨ ਸੀ ਜਿਸ ਵਿਚ ਗਰਾਮੋਫੂਨ, ਰਿਕਾਰਡ ਅਤੇ ਸੰਗੀਤ ਦੇ ਸਾਜ਼ਾਂ ਦਾ ਕਾਰੋਬਾਰ ਹੁੰਦਾ ਸੀ ਅਤੇ ਵਰਕਸ਼ਾਪ ਵਿਚ ਬੈਂਜੋ ਤੇ ਹਾਰਮੋਨੀਅਮ ਬਣਦੇ ਸੀ। ਚਾਚਾ ਜੀ ਨੇ ਸਾਨੂੰ ਦੁਕਾਨ ਸੰਭਾਲ ਦਿੱਤੀ ਇਹ ੧੯੪੪ ਦੀ ਗੱਲ ਹੈ। ਇਹਨਾਂ ਦਿਨਾਂ ਵਿਚ ਰਾਗੀ ਤਾਂ ਵਿਰਲਾ ਹੀ ਹੁੰਦਾ ਸੀ ਜ਼ਿਆਦਾ ਗਾਹਕ ਪੇਸ਼ੇਵਰ ਗਾਣ-ਵਜਾਣ ਵਾਲੇ ਲੋਕ ਹੀ ਹੁੰਦੇ ਸੀ ਜਿਨ੍ਹਾਂ ਨੂੰ ਆਮ ਬੋਲੀ ਵਿਚ ਮਿਰਾਸੀ ਕਿਹਾ ਜਾਂਦਾ ਸੀ। ਇਨ੍ਹਾਂ ਦੇ ਬੀ ਕਈ ਫਿਰਕੇ ਸਨ। ਕੋਈ ਤਾਂ ਕਲਾਸੀਕਲ ਹੀ ਗਾਉਂਦਾ ਸੀ ਜਿਵੇਂ ਸ਼ਾਮ ਚੁਰਾਸੀ ਵਾਲੇ ਨਜ਼ਾਕਤ ਅਲੀ ਸਲਾਮਤ ਅਲੀ ਜੋ ਬੜੇ ਮਸ਼ਹੂਰ ਹੋਏ। ਕੋਈ ਤਬਲਾ ਹੀ ਵਜਾਂਦਾ ਸੀ ਜਿਵੇਂ ਹੁਸ਼ਿਆਰਪੁਰੀ ਬਾਬਾ ਮਲੰਗ ਜਿਸ ਨੇ ੧੯੪੬ ਤਕ ਹਰਵਲਭ ਵਿਚ ਬੜੇ-ਬੜੇ ਸੰਗੀਤਕਾਰਾਂ ਨਾਲ ਸੰਗਤ ਕੀਤੀ ਸੀ। ਕੋਈ ਡਰਾਮੇ ਕਰਦੇ ਸੀ ਇਨ੍ਹਾਂ ਨੂੰ ਰਾਸ ਧਾਰੀਏ ਕਹਿੰਦੇ ਸੀ। ਇਨ੍ਹਾਂ ਵਿਚੋਂ ਮੁਹੰਮਦ ਤੁਫੈਲ ਜੋ ਕਲਾਸੀਕਲ ਤੇ ਲੋਕ ਸੰਗੀਤ ਵੀ ਗਾਉਂਦਾ ਸੀ ਨੇ ਪਾਕਿਸਤਾਨ ਰੇਡਿਓ, ਟੀ.ਵੀ. ਤੇ ਤੁਫੈਲ ਨਿਆਜ਼ੀ ਦੇ ਨਾਮ ਨਾਲ ਬਹੁਤ ਕੰਮ ਕੀਤਾ। ਭਾਈ ਮਰਦਾਨੇ ਵਾਂਗ ਕਈ ਕੀਰਤਨ ਵੀ ਕਰਦੇ ਸੀ ਇਨ੍ਹਾਂ ਨੂੰ ਰਬਾਬੀ ਕਹਿੰਦੇ ਸੀ। ਇਹ ੧੯੪੬ ਤਕ ਸ੍ਰੀ ਦਰਬਾਰ ਸਾਹਿਬ ਵਿਚ ਕੀਰਤਨ ਕਰਦੇ ਰਹੇ ਸੀ। ਕੁਝ ਭੰਡਾਂ ਦਾ ਕੰਮ ਵੀ ਕਰਦੇ ਸੀ ਇਨ੍ਹਾਂ ਨੂੰ ਨਕਲੀਏ ਵੀ ਕਹਿੰਦੇ ਸੀ। ਜਾਂ ਕਵਾਲ ਬਰਾਦਰੀ ਹੁੰਦੀ ਸੀ ਜਿਨ੍ਹਾਂ ਵਿਚੋਂ ਫਤਿਹ ਅਲੀ ਮੁਬਾਰਕ ਅਲੀ ਬਹੁਤ ਮਸ਼ਹੂਰ ਸਨ। ਇਹ ਕਲਾਸੀਕਲ ਦੇ ਵੀ ਮਾਹਰ ਸਨ ਅਤੇ ਇਨ੍ਹਾਂ ਦੇ ਫ਼ਨ ਦੀ ਝਲਕ ਇਨਾਂ ਦੇ ਲੜਕੇ ਨੁਸਰਤ ਵਿਚ ਮਿਲਦੀ ਸੀ ਜਿਸ ਨੇ ਦੁਨੀਆ ਵਿਚ ਬੜਾ ਨਾਮ ਪੈਦਾ ਕੀਤਾ। ਜਲੰਧਰ ਵਿਚ ਹਾਰਮੋਨੀਅਮ ਦਾ ਕੰਮ ਸ਼ੁਰੂ ਕਰਨ ਵਾਲੇ ਚਾਚਾ ਜੀ ਪਹਿਲੇ ਸਨ ਇਸ ਲਈ ਇਲਾਕੇ ਵਿਚ ਬੜਾ ਨਾਮ ਸੀ। ਸੰਗੀਤ ਦੇ ਰਸੀਏ ਕੰਮ ਕਰਾਣ ਇਥੇ ਆਉਂਦੇ ਸੀ ਸੋ ਰੋਜ਼ ਹੀ ਮਹਿਫਲ ਲਗੀ ਰਹਿੰਦੀ। ਦੁਕਾਨ ਦੇ ਪਿਛੇ ਕਮਰਾ ਸੀ ਜਿਥੇ ਮੁਰੰਮਤ ਦਾ ਕੰਮ ਹੁੰਦਾ ਸੀ। ਇਨ੍ਹਾਂ ਨੇ ਵਾਜਾ ਟੈਸਟ ਕਰਦੇ ਕਿਨਾ ਚਿਰ ਗਾਉਂਦੇ ਰਹਿਣਾ ਜਿਸ ਨਾਲ ਕੰਨਾਂ ਵਿਚ ਸੁਰ ਪੈਂਦਾ ਰਹਿੰਦਾ। ਉਨ੍ਹਾਂ ਦਿਨਾਂ ਵਿਚ ਅੱਜ-ਕਲ ਵਾਂਗ ਕੈਸਟਾਂ ਜਾਂ ਸੀ.ਡੀ. ਨਹੀਂ ਸੀ ਹੁੰਦੀਆਂ। ਗਰਾਮੋਫੂਨ ਤੇ ਰਿਕਾਰਡ ਦੀਆਂ ੨-੩ ਲਾਈਨਾਂ ਸੁਨਾਣੀਆਂ ਪੈਂਦੀਆਂ ਸਨ ਫਿਰ ਗਾਹਕ ਖਰੀਦਦਾ ਸੀ। ਇਸ ਤਰ੍ਹਾਂ ਸਾਰਾ ਦਿਨ ਸੰਗੀਤ ਸੁਣਦੇ ਨਿਕਲ ਜਾਂਦਾ ਸੀ। ਸਾਲ ਕੁ ਇਸ ਕੰਮ ਵਿਚ ਹੋ ਗਿਆ ਤਾਂ ਮਨ ਵਿਚ ਆਇਆ ਕਿ ਜਦ ਇਸ ਲਾਈਨ ਵਿਚ ਪੈ ਹੀ ਗਏ ਹਾਂ ਤਾਂ ਇਸ ਦਾ ਗਿਆਨ ਵੀ ਹੋਣਾ ਚਾਹੀਦਾ। ਗ੍ਰਾਹਕ ਨੇ ਵੀ ਕੋਈ ਸਾਜ਼ ਖਰੀਦਨ ਆਉਣਾ ਤਾਂ ਦੇਖ ਕੇ ਕਹਿਣਾ ਕਿ ਮਾਸਟਰ ਨੂੰ ਲੈ ਕੇ ਆਵਾਂਗੇ ਉਹ



Namdhari Elibrary NamdhariElibrary@gmail.com

ਹੀ ਪਾਸ ਕਰਣਗੇ। ਸੋ ਮਨ ਬਣਾ ਲਿਆ ਕੋਈ ਸਾਜ਼ ਸਿੱਖਿਆ ਜਾਵੇ। ਖਿੰਗਰਾਂ ਗੇਟ ਮਾਸਟਰ ਬੈਜ ਨਾਥ ਪੁਰੀ ਹੁਰੀਂ ਹੁੰਦੇ ਸੀ। ਉਹਨਾਂ ਪਾਸੋਂ ਵਾਇਲਨ ਸਿੱਖਣਾ ਸ਼ੁਰੂ ਕਰ ਦਿੱਤਾ ਜਿਸ ਨਾਲ ਮੇਰਾ ਸੰਗੀਤ ਦਾ ਸਫਰ ਸ਼ੁਰੂ ਹੋ ਗਿਆ। ਪਤਾ ਲੱਗਾ ਕਿ ਇਹ ਸਿਖਣਾ ਤਾਂ ਬੜਾ ਮੁਸ਼ਕਲ ਹੈ ਕਿਉਂਕਿ ਹਾਰਮੋਨੀਅਮ ਸਿਤਾਰ ਵਗੈਰਾ ਦੇ ਸੁਰ ਫਿਕਸ ਹੁੰਦੇ ਹਨ ਜਿਸ ਤੋਂ ਜਲਦੀ ਸੁਰਾਂ ਦੀ ਸਮਝ ਪੈ ਜਾਂਦੀ ਹੈ ਪਰ ਵਾਇਲਨ ਤੇ ਕੋਈ ਸੁਰ ਫਿਕਸ ਨਹੀਂ ਹੁੰਦਾ ਇਸ ਲਈ ਜਦ ਤਕ ਸੁਰ ਦੀ ਸਮਝ ਨਹੀਂ ਆਂਦੀ ਤੁਸੀਂ ਵਜਾ ਨਹੀਂ ਸਕਦੇ। ਫੈਸਲਾ ਕਰ ਲਿਆ ਸੀ ਕਿ ਸਿਖਨਾ ਜ਼ਰੂਰ ਹੈ। ਕੁਛ ਦੇਰ ਸਿਖਣ ਤੋਂ ਬਾਅਦ ਮਾਸਟਰ ਕੇਸ਼ਵ ਚੰਦਰ ਹੁਰਾਂ ਨਾਲ ਮੇਲ ਹੋ ਗਿਆ ਜੋ ਗਾਉਂਦੇ ਵੀ ਸੀ ਅਤੇ ਵਾਇਲਨ ਵੀ ਵਜਾਂਦੇ ਸੀ। ਸੰਗੀਤ ਸਿਖਨ ਲਈ ਰਿਆਜ਼ ਬੜਾ ਜ਼ਰੂਰੀ ਹੈ ਪਰ ਮੈਨੂੰ ਵਕਤ ਘਟ ਮਿਲਦਾ ਸੀ। ਸ਼ਾਮ ਨੂੰ ਦੁਕਾਨ ਬੰਦ ਕਰ ਕੇ ਕੋਟ ਕਿਸ਼ਨਚੰਦ ਘਰੋਂ ਖਾਣਾ ਖਾ ਕੇ ਕੇਸ਼ਵ ਚੰਦਰ ਹੁਰਾਂ ਦੇ ਡੇਰੇ ਜੋ ਜੇਲ੍ਹ ਪਾਸ ਸੀ ਜਾਣਾ ਤੇ ੧੧ ਵਜੇ ਦੇ ਕਰੀਬ ਵਾਪਸ ਆਣਾ। ਇਸ ਤਰ੍ਹਾਂ ਹਫਤੇ ਵਿਚ ੨ ਦਿਨ ਹੀ ਬੈਠਕ ਹੁੰਦੀ ਸੀ। ਖੈਰ ਹੌਲੀ ਹੌਲੀ ਹੱਥ ਠੀਕ ਹੁੰਦਾ ਗਿਆ ਅਤੇ ਸੁਰ ਦੀ ਸਮਝ ਦੇ ਨਾਲ ਰਾਗਾਂ ਦੀ ਜਾਣਕਾਰੀ ਵੀ ਹੁੰਦੀ ਗਈ। ਵਾਇਲਨ ਤੋਂ ਇਲਾਵਾ ਹਾਰਮੋਨੀਅਮ, ਸਿਤਾਰ, ਦਿਲਰੁਬਾ ਅਤੇ ਤਬਲਾ ਵੀ ਥੋੜ੍ਹਾ ਥੋੜ੍ਹਾ ਸਿੱਖ ਲਿਆ। ਜਿਸ ਮਕਸਦ ਲਈ ਸਿਖਨਾ ਸ਼ੁਰੂ ਕੀਤਾ ਸੀ ਓਹ ਪੂਰਾ ਹੋ ਗਿਆ। ਗਾਹਕ ਨੇ ਆਣਾ ਉਸਨੂੰ ਸਾਜ਼ ਵਜਾ ਕੇ ਦਿਖਾ ਦੇਣਾ ਅਤੇ ਉਸਨੇ ਖਰੀਦ ਲੈਣਾ।

ਸੰਗੀਤ ਦੀ ਸਮਝ ਆਣ ਕਰਕੇ ਹਰਵਲਭ ਸੁਨਣ ਦਾ ਵੀ ਅਨੰਦ ਆਣ ਲੱਗਾ। ੧੯੪੬ ਤੋਂ ੫੦ ਤਕ ਜੋ ਹਰਵਲਭ ਸੁਣਿਆ ਉਹ ਮੌਕਾ ਮੁੜ ਕਦੀ ਨਹੀਂ ਮਿਲਿਆ ਕਿਉਂਕਿ ਦਸੰਬਰ ੫੧ ਵਿਚ ਮੈਂ ਯੁਗੰਡਾ ਚਲੇ ਗਿਆ। ਉਨ੍ਹਾਂ ਦਿਨਾਂ ਦੇ ਮੇਲੇ ਤੇ ਅੱਜ ਦੇ ਮੇਲੇ ਵਿਚ ਬਹੁਤ ਫਰਕ ਹੈ। ਉਦੋਂ ਸੰਗੀਤਕਾਰ ਬੜੀ ਸ਼ਰਧਾ ਨਾਲ ਆਂਦੇ, ਬਾਬਾ ਜੀ ਦੇ ਸਥਾਨ ਤੇ ਹੀ ਜ਼ਿਆਦਾ ਕਰਕੇ ਰੈਂਹਦੇ ਉਥੇ ਹੀ ਲੰਗਰ ਖਾਂਦੇ ਸੀ। ਅੱਜ ਵਾਂਗ ਪੈਸਾ ਪ੍ਰਧਾਨ ਨਹੀਂ ਸੀ। ਮੇਲੇ ਦੇ ਆਖਰੀ ਦਿਨ ਇਕ ਕਲਾਕਾਰ ਨੂੰ ਸਿਰੋਪਾ ਦੇ ਦਿੱਤਾ ਜਾਂਦਾ ਸੀ। ਹੁਣ ਤਾਂ ਸੰਗੀਤਕਾਰਾਂ ਦੀਆਂ ਫੀਸਾਂ ਲੱਖਾਂ ਤਕ ਪਹੁੰਚ ਗਈਆਂ ਹਨ। ਬੜੇ ਹੋਟਲਾਂ ਵਿਚ ਠਹਿਰਦੇ ਹਨ ਅਤੇ ਏ.ਸੀ. ਤੋਂ ਬਗੈਰ ਸਫਰ ਨਹੀਂ ਕਰਦੇ। ਮੇਲਾ ਬਾਬਾ ਜੀ ਦੇ ਸਥਾਨ ਤੇ ਹੀ ਹੁੰਦਾ ਸੀ, ਕੋਈ ਸਟੇਜ ਨਹੀਂ ਸੀ ਹੁੰਦੀ, ਗਵੱਈਏ ਤੇ ਸਰੋਤੇ ਵਿਚ ੫-੬ ਫੁੱਟ ਦਾ ਫਰਕ ਹੁੰਦਾ ਸੀ, ਪਹਿਲੀਆਂ ਵਿਚ ਤਾਂ ਮਾਈਕ ਵੀ ਨਹੀਂ ਸੀ ਹੁੰਦਾ। ਮਾਸਟਰ ਪਰਤੀ ਹੁਰਾਂ ਕਰਕੇ ਸਾਨੂੰ ਵੀ ਸਾਹਮਣੇ ਬੈਠਣ ਦਾ ਮੌਕਾ ਮਿਲ ਜਾਂਦਾ ਸੀ। ਬੜੇ ਬੜੇ ਸੰਗੀਤਕਾਰਾਂ ਜਿਵੇਂ ਪੰਡਿਤ ਓਂਕਾਰ ਨਾਥ ਠਾਕੁਰ, ਪੰਡਿਤ ਕ੍ਰਿਸ਼ਨਾ ਰਾਓ ਸ਼ੰਕਰ, ਪੰਡਿਤ ਨਾਰਾਇਣ ਰਾਓ ਵਿਆਸ, ਵਿਨਾਇਕ ਰਾਓ ਪਟਵਰਧਨ, ਦਲੀਪ ਚੰਦਰ ਬੇਦੀ ਵਰਗੇ ਹੋਰ ਕਈ ਮਹਾਨ ਗੁਣੀਆਂ ਨੂੰ ਸੁਨਣ ਦਾ ਮੌਕਾ ਮਿਲਿਆ। ਉਹ ਦਿਨ ਵੀ ਯਾਦ ਹੈ ਜਦ ੪੫ ਜਾਂ ੪੬ ਵਿਚ ੧੦-੧੨ ਸਾਲ ਦੀ ਉਮਰ ਵਿਚ ਸ਼ਾਮ ਚੁਰਾਸੀ ਵਾਲੇ ਨਜ਼ਾਕਤ ਅਲੀ ਸਲਾਮਤ ਅਲੀ ਪਹਿਲੀ ਵਾਰੀ ਗਾਏ ਸੀ। ਛੋਟੀ ਉਮਰ ਵਿਚ ਹੀ ਐਨਾ ਅੱਛਾ ਗਾਏ ਕਿ ਸਾਰਿਆਂ ਪਾਸੋਂ ਵਾਹ ਵਾਹ ਖੱਟੀ। ਪੰਡਿਤ ਕ੍ਰਿਸ਼ਨਾ ਰਾਓ ਸ਼ੰਕਰ ਹੁਰਾਂ ਨੇ ਤਾਂ ਕਿਹਾ ਸੀ ਕੇ ਤੁਸੀਂ ਹੁਣੇ ਹੀ ਉਸਤਾਦ ਹੋ। ਹਾਰਮੋਨੀਅਮ ਦੀ ਸੰਗਤ ਦਸੂਹੇ ਵਾਲੇ ਬਾਬੂ ਰਾਮ ਅਤੇ ਤਬਲੇ ਦੀ ਹੁਸ਼ਿਆਰਪੁਰ ਵਾਲੇ ਬਾਬਾ ਮਲੰਗ ਕਰਦੇ ਸੀ। ੪੬ ਤੋਂ ਬਾਅਦ ਦਿੱਲੀ ਤੋਂ ਤਬਲੇ ਲਈ ਪਰੇਮ ਵਲਭ ਅਤੇ ਸਾਰੰਗੀ ਲਈ ਉਸਤਾਦ ਸਾਬਰੀ ਖਾਂ ਆਣ ਲੱਗੇ। ਅੱਜਕਲ ਤਾਂ ਅਗੇ ਬਹੁਤ ਵਿਸ਼ੇਸ਼ ਬੰਦੇ ਅਤੇ ਅਫਸਰਸ਼ਾਹੀ ਬੈਠਦੀ ਹੈ ਪਰ ਸੰਗੀਤ ਦੇ ਰਸੀਆ ਦੂਰ ਹੁੰਦੇ ਹਨ। ਉਨ੍ਹਾਂ ਦਿਨਾਂ ਵਿਚ ਸਰੋਤੇ ਵੀ ਬੜੇ ਸੁਲਝੇ ਹੋਏ ਹੁੰਦੇ ਸਨ ਅਤੇ ਅੱਗੇ ਬੈਠਦੇ ਸੀ ਜੋ ਸਹੀ ਜਗਹ ਤੇ ਦਾਦ ਦਿੰਦੇ ਸੀ ਜਿਸ ਨਾਲ ਗੱਵੀਏ ਦਾ ਵੀ ਮੂਡ ਬਣਦਾ ਸੀ। ਸੰਗੀਤ ਨੂੰ ਐਨਾ ਸਮਝਦੇ ਸੀ ਕਿ ਇਕ ਸੰਗੀਤਕਾਰ ਪਾਸੋਂ ਗੁਜਰੀ ਟੋਡੀ ਗਾਉਂਦੇ ਵਰਜਤ ਸਵਰ ਪੰਚਮ ਲੱਗ ਗਿਆ, ਸਾਡੇ ਪਿਛੇ ਬੈਠਾ ਇਕ ਸਧਾਰਨ ਜਿਹਾ ਬੰਦਾ ਕਹਿਣ ਲੱਗਾ ਕੇ ਹੁਣ ਤਾਂ ਮਾਲਣ ਵੀ ਨਹੀਂ ਰਹੀ। ਵੈਸੇ ਅੱਜਕਲ ਵੀ ਸੰਗੀਤ ਨੂੰ ਸਮਝਣ ਵਾਲੇ ਸਰੋਤੇ ਹਨ। ਇਕ ਸੇਠ ਨੂੰ ਘਰ ਵਿਚ ਸੰਗੀਤਕਾਰਾਂ ਦੀਆਂ ਮਹਿਫਲਾਂ ਕਰਾਉਣ ਦਾ ਬੜਾ ਸ਼ੌਕ ਸੀ। ਇਕ ਵਾਰੀ ਮਹਿਫਲ ਪਿਛੋਂ ਸ਼ਹਿਨਾਈ ਵਾਲੇ ਨੂੰ ਪੈਸੇ ਘੱਟ ਦਿੱਤੇ ਪਰ ਜੇਹੜਾ ਉਸਨੂੰ ਸਾ ਦਿਖਾ ਰਿਹਾ ਸੀ ਉਸਨੂੰ ਜ਼ਿਆਦਾ ਦਿੱਤੇ। ਸ਼ਹਿਨਾਈ ਵਾਲਾ ਕਹਿਣ ਲੱਗਾ ਸੇਠ ਜੀ ਇਨਸਾਫ ਨਹੀਂ ਕੀਤਾ ਅੱਗੋਂ ਕਹਿਣ ਲਗਾ ਤੂੰ ਕੀ ਸਮਝਦਾਂ ਮੈਨੂੰ ਸੰਗੀਤ ਦੀ ਸਮਝ ਨਹੀਂ। ਤੂੰ ਤਾਂ ਵਿਚ ਵਿਚ ਸਾਹ ਲੈ ਲੈਂਦਾ ਸੀ ਪਰ ਉਹ ਤਾਂ ਪੀਪਨੀ ਵਜਾਉਂਦਾ ਹੀ ਰਿਹਾ।

ਪਾਕਿਸਤਾਨ ਬਨਣ ਤੇ ਪੇਸ਼ੇਵਰ ਬਰਾਦਰੀ ਦੇ ਸਭ ਲੋਕ ਓਥੇ ਚਲੇ ਗਏ। ਇਨ੍ਹਾਂ ਦੇ ਜਾਨਣ ਨਾਲ ਕਾਰੋਬਾਰ ਤੇ ਵੀ ਬਹੁਤ ਫਰਕ ਪਿਆ। (ਇਹ ਲੋਕ ਪਾਕਿਸਤਾਨ ਤਾਂ ਚਲੇ ਗਏ ਪਰ ਓਥੇ ਮਾਹੌਲ ਹੀ ਹੋਰ ਸੀ, ਮੁਲਾਂ ਲੋਕ ਤਾਂ ਵੈਸੇ ਹੀ ਗਾਣੇ ਨੂੰ ਹਰਾਮ ਕੈਂਹਦੇ ਹਨ ਇਨ੍ਹਾਂ ਦੇ ਫ਼ਨ ਦੀ ਕਿਸੇ ਨੇ ਕੀ ਕਦਰ ਕਰਨੀ ਸੀ। ਕੁਛ ਸਾਲ ਪਹਿਲੇ ਲਾਹੌਰ ਗਿਆ ਸੀ ਤਾਂ ਰੇਡੀਓ ਸਟੇਸ਼ਨ ਤੇ ਇਕ ਆਰਟਿਸਟ ਮਿਲਿਆ ਜਿਸ ਦੇ ਬਜ਼ੁਰਗ ਜਲੰਧਰ ਤੋਂ ਗਏ ਸੀ। ਦਸ ਰਿਹਾ ਸੀ ਕੇ ਬਹੁਤ ਥੋੜੇ ਹੀ ਰੇਡਿਓ ਜਾਂ ਟੀ. ਵੀ. ਤੇ ਮਿਊਜ਼ਿਕ ਦਾ ਕੰਮ ਕਰ ਰਹੇ


Namdhari Elibrary NamdhariElibrary@gmail.com

ਹਨ। ਜ਼ਿਆਦਾ ਤਾਂ ਹੋਰ ਹੀ ਕੰਮ ਕਰਨ ਲੱਗ ਪਏ ਹਨ। ਕੁਛ ਪੜ੍ਹ ਕੇ ਨੌਕਰੀਆਂ ਕਰਨ ਲੱਗ ਪਏ ਹਨ ਇਨ੍ਹਾਂ ਦਾ ਇਕ ਭਰਾ ਪੜ੍ਹ ਕੇ ਠਾਣੇਦਾਰ ਲੱਗਾ ਹੋਇਆ ਹੈ। ਜਿਸਨੂੰ ਸਾਰੇ ਮੀਰ ਸਾਹਿਬ ਕਰਕੇ ਬੁਲਾਂਦੇ ਹਨ ਪਰ ਸਾਡੀ ਕੋਈ ਇਜ਼ਤ ਨਹੀਂ)। ਉਨ੍ਹਾਂ ਦਿਨਾਂ ਵਿਚ ਅਪਨੇ ਜੇ ਕਿਸੇ ਨੇ ਗਾਣਾ ਸਿਖਣ ਲੱਗਣਾ ਤਾਂ ਬਹੁਤ ਬੁਰਾ ਮਣਾਇਆ ਜਾਂਦਾ ਸੀ। ਕਹਿਣਾ ਕੀ ਮਿਰਾਸੀਆਂ ਦਾ ਕੰਮ ਸ਼ੁਰੂ ਕਰ ਲਿਆ, ਪਰ ਹੁਣ ਦੇਖੋ ਵਕਤ ਕਿਨਾ ਬਦਲ ਗਿਆ ਹੈ। ਚੰਗੇ ਘਰਾਂ ਦੇ ਕਾਕੇ ਭੰਡ ਬਣੇ ਗਏ ਹਨ ਅਤੇ ਰੋਜ਼ ਟੀ. ਵੀ. ਉਪਰ ਕਾਮੇਡੀ ਸ਼ੋ ਜਾਂ ਲਾਫਟਰ ਸ਼ੋ ਵਿਚ ਹਿੱਸਾ ਲੈਂਦੇ ਹਨ ਸਰਦਾਰਾਂ ਦੇ ਪੁੱਤ ਗਾਉਣ ਲੱਗ ਪਏ ਹਨ ਹਾਲਤ ਇਹ ਹੋ ਗਈ ਹੈ ਕਿ

"ਸਰਦਾਰਾਂ ਦੇ ਪੁੱਤ ਬਣ ਗਏ ਮਿਰਾਸੀ,
ਮਿਰਾਸੀ ਬਣ ਗਏ ਠਾਣੇਦਾਰ
ਉਨ੍ਹਾਂ ਨੂੰ ਸੁਰ ਸੀ ਗੁੜਤੀ 'ਚ ਮਿਲਦੀ,
ਇਨ੍ਹਾਂ ਨੂੰ ਹੈ ਨਹੀਂ ਸੁਰ ਦੀ ਸਾਰ
ਟਾਵਾਂ ਟਾਵਾਂ ਚੰਗਾ ਵੀ ਗਾਉਂਦਾ,
ਬਹੁਤੇ ਹੈਗੇ ਹਨ ਬੇਕਾਰ
ਅਧ ਨੰਗੀਆਂ ਕੁੜੀਆਂ ਨਾਲ ਨੱਚਦੇ,
ਕਹਾਉਂਦੇ ਨੇ ਵਡੇ ਕਲਾਕਾਰ"

ਰੇਡੀਓ ਦਾ ਦੌਰ ਆ ਰਿਹਾ ਸੋਚ ਕੇ ਭਾਈ ਸਾਹਿਬ ਇਸ ਦੀ ਟਰੇਨਿੰਗ ਲੈਣ ਬੰਬਈ ਚਲੇ ਗਏ। ਵਾਪਸ ਆ ਕੇ ਰੇਡੀਓ ਦਾ ਕੰਮ ਵੀ ਸ਼ੁਰੂ ਕਰ ਦਿੱਤਾ। ਭਰਜਾਈ ਹੁਰਾਂ ਦੇ ਚਾਚੇ ਯੁਗੰਡਾ ਰੈਂਹਦੇ ਸੀ ਉਨ੍ਹਾਂ ਭਾਈ ਸਾਹਿਬ ਦੀ ਪਰਮਿਟ ਭੇਜ ਦਿੱਤੀ ਅਤੇ ੧੯੫੦ ਵਿਚ ਉਨ੍ਹਾਂ ਉਥੇ ਜਾ ਕੇ ਰੇਡੀਓ ਅਤੇ ਮਿਊਜ਼ਕ ਦਾ ਕਾਰੋਬਾਰ ਸ਼ੁਰੂ ਕਰ ਦਿੱਤਾ। ਸਾਲ ਬਾਅਦ ਮੇਰੀ ਪਰਮਿਟ ਭੇਜ ਦਿੱਤੀ ਅਤੇ ਦਸੰਬਰ ੧੯੫੧ ਮੈਂ ਵੀ ਯੁਗੰਡਾ ਪਹੁੰਚ ਗਿਆ। ਸੰਗੀਤ ਦਾ ਅਸਰ ਹੋਣ ਕਰਕੇ ਹਰ ਵੇਲੇ ਗੁਣਗੁਣਾਂਦਾ ਰਹਿੰਦਾ ਸੀ। ਇਕ ਦਿਨ ਗੁਣ ਗੁਣਾ ਰਿਹਾ ਸੀ, ਸੁਣ ਕੇ ਦੁਕਾਨ ਵਿਚ ਆਇਆ ਇਕ ਗੁਜਰਾਤੀ ਸਜਨ ਪੁੱਛਣ ਲੱਗਾ ਕਿ ਸੰਗੀਤ ਦਾ ਸ਼ੌਕ ਲੱਗਦਾ। ਮੈਂ ਕਿਹਾ ਕਿ ਵਾਇਲਨ ਵਜਾਂਦਾ ਹਾਂ, ਇਨ੍ਹਾਂ ਦਾ ਨਾਮ ਪ੍ਰੋਹਤ ਕਰਕੇ ਸੀ ਜੋ ਸਕੂਲ ਵਿਚ ਟੀਚਰ ਸਨ ਅਤੇ ਕਲਾਸੀਕਲ ਸੰਗੀਤ ਬਹੁਤ ਚੰਗਾ ਗਾਉਂਦੇ ਸੀ। ਇਨ੍ਹਾਂ ਦਾ ਗਰੁੱਪ ਸੀ ਜੋ ਹਰ ਹਫਤੇ ਬੈਠਕ ਕਰਦਾ ਸੀ। ਹੁਣ ਮੈਨੂੰ ਵੀ ਨਾਲ ਲਿਜਾਣ ਲੱਗੇ। ਮੈਨੂੰ ਖੁਸ਼ੀ ਇਸ ਗੱਲ ਦੀ ਸੀ ਕਿ ਮੇਰਾ ਰਿਆਜ਼ ਬੰਦ ਨਹੀਂ ਹੋਵੇਗਾ। ੧੯੫੩ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਜਦ ਯੁਗੰਡਾ ਦੇ ਪਹਿਲੇ ਦੌਰੇ ਤੇ ਆਏ ਤਾਂ ਪ੍ਰੋਹਤ ਹੁਰਾਂ ਦਾ ਵੀ ਗਾਣਾ ਹੋਇਆ ਅਤੇ ਮੈਂ ਵਾਇਲਨ ਤੇ ਸੰਗਤ ਕੀਤੀ। ਸਤਿਗੁਰਾਂ ਨੇ ਉਨ੍ਹਾਂ ਦਾ ਤਾਂ ਸਿਰੋਪਾ ਦੇ ਕੇ ਸਨਮਾਨ ਕੀਤਾ ਮੈਨੂੰ ਅਤੇ ਤਬਲੇ ਵਾਲੇ ਨੂੰ ਅਪਨੇ ਕਰ ਕਮਲਾਂ ਨਾਲ ਸੇਬ ਦਾ ਪ੍ਰਸ਼ਾਦ ਦੇ ਕੇ ਅਸ਼ੀਰਵਾਦ ਦਿੱਤਾ। ੨ ਕੁ ਸਾਲ ਇਹ ਸਿਲਸਿਲਾ ਚਲਦਾ ਰਿਹਾ ਫਿਰ ਪ੍ਰੋਹਤ ਹੁਰਾਂ ਦੀ ਬਦਲੀ ਹੋ ਗਈ। ਜਲਦੀ ਹੀ ਨੈਰੋਬੀ ਤੋਂ ਸ. ਗੁਰਬਖਸ਼ ਸਿੰਘ ਸ਼ੌਕ ਹੁਰੀਂ ਆ ਗਏ। ਇਹ ਮਾਸਟਰ ਰਤਨ ਹੁਰਾਂ ਦੇ ਸ਼ਾਗਿਰਦ ਸਨ ਅਤੇ ਬੜਾ ਅੱਛਾ ਗਾਉਂਦੇ ਸਨ। ਜੋ ਕਮੀ ਪ੍ਰੋਹਤ ਹੁਰਾਂ ਦੇ ਜਾਣ ਨਾਲ ਹੋਈ ਸੀ ਇਨ੍ਹਾਂ ਦੇ ਆਣ ਨਾਲ ਪੂਰੀ ਹੋ ਗਈ। ਹੁਣ ਇਨ੍ਹਾਂ ਨਾਲ ਬੈਠਕਾਂ ਹੋਣ ਲੱਗੀਆਂ। ਸਾਲ ਕੁ ਬਾਅਦ ਇਹ ਵੀ ਵਾਪਿਸ ਨੈਰੋਬੀ ਚਲੇ ਗਏ ਤਾਂ ਮੇਰੇ ਰਿਆਜ਼ ਵਿਚ ਵੀ ਘੜੋਤ ਆ ਗਈ।

ਭਾਈ ਸਾਹਿਬ ਦੀ ਪਰਮਿਟ ਤਾਂ ਕਾਰਪੈਂਟਰ ਦੀ ਸੀ ਪਰ ਉਹ ਕੰਮ ਰੇਡਿਓ ਦਾ ਕਰਦੇ ਸੀ। ਗੌਰਮਿੰਟ ਨੇ ਕਾਨੂੰਨ ਬਣਾ ਦਿੱਤਾ ਕੇ ੪ ਸਾਲ ਬਾਅਦ ਜੇ ਅਪਨੇ ਕੰਮ ਦੇ ਟੈਸਟ ਵਿਚ ਪਾਸ ਹੋ ਜਾਂਦੇ ਹੋ ਤਾਂ ਪਕੇ ਕਰ ਦਿੰਦੇ ਸੀ। ਭਾਈ ਸਾਹਿਬ ਇਹ ਟੈਸਟ ਦੇ ਨ ਸਕੇ ਇਸ ਲਈ ਵਾਪਿਸ ਪੰਜਾਬ ਜਾਣਾ ਪਿਆ। ਦੁਕਾਨ ਵਿਚ ਸੰਗੀਤ ਦੇ ਸਾਜ਼ ਵੀ ਰੱਖੀਦੇ ਸੀ ਅਤੇ ਕੁਛ ਹਾਈ ਸਕੂਲਾਂ ਵਿਚ ਹਿੰਦੁਸਤਾਨੀ ਸੰਗੀਤ ਸ਼ੁਰੂ ਹੋ ਗਿਆ ਸੀ, ਇਸ ਲਈ ਭਾਈ ਸਾਹਿਬ ਨੇ ਮੇਰੀ ਪਰਮਿਟ Musical Instruments Repairer ਦੀ ਲਈ ਸੀ। ੧੯੫੬ ਵਿਚ ਜਦ ਮੇਰੇ ੪ ਸਾਲ ਪੂਰੇ ਹੋਏ ਤਾਂ ਫਿਕਰ ਹੋਣ ਲੱਗਾ ਕਿ ਦੁਕਾਨ ਵਿਚ ਐਨਾ ਪੈਸਾ ਲਗਾਇਆ ਹੋਇਆ ਜੇ ਮੈਨੂੰ ਵੀ ਨਾਂਹ ਹੋ ਗਈ ਤਾਂ ਸਾਰਾ ਹੀ ਖਤਮ ਹੋ ਜਾਵੇਗਾ। ਇਹ ਐਸਾ ਵਕਤ ਸੀ ਜਿਸ ਉਪਰ ਅਗਲੀ ਜ਼ਿੰਦਗੀ ਦਾ ਸਾਰਾ ਦਾਰੋਮਦਾਰ ਸੀ। ਉਸ ਵਕਤ ਸੰਗੀਤ ਨੇ ਹੀ ਬੇੜਾ ਪਾਰ ਲਗਾਇਆ। ਮੈਂ ਜਦ ਟੈਸਟ ਲਈ ਐਪਲਾਈ ਕੀਤਾ ਤਾਂ ਗੋਰਾ ਆਫੀਸਰ ਕਹਿਣ ਲੱਗਾ ਕਿ ਉਨ੍ਹਾਂ ਪਾਸ ਇਦਾਂ ਦਾ ਟੈਸਟ ਲੈਣ ਵਾਲਾ ਕੋਈ ਨਹੀਂ ਹੈ। ਉਸਦਾ ਹੈਡ ਕਲਰਕ ਗੁਜਰਾਤੀ ਸੀ। ਉਹ ਕਹਿਣ ਲੱਗਾ ਕਿ ਯੁਗੰਡਾ ਦੇ ਬੈਂਡ ਮਾਸਟਰ ਨੂੰ ਪੁੱਛ ਕੇ ਦੇਖੋ ਸ਼ਾਇਦ ਉਹ ਟੈਸਟ ਲੈ ਲਵੇ। ਉਸਨੂੰ ਫੋਨ ਕੀਤਾ ਤਾਂ ਕਹਿਣ ਲੱਗਾ ਕਿ ਟੈਸਟ ਲੈ ਲਵੇਗਾ। ਜਿਸ ਦਿਨ ਟੈਸਟ ਹੋਣਾ ਸੀ ਮੈਂ ਸਾਰੇ ਸਾਜ਼ ਲਿਜਾ ਕੇ ਉਸਦੇ ਦਫਤਰ ਵਿਚ ਰੱਖ ਦਿੱਤੇ। ਉਸ ਵੇਲੇ ਉਹ ਬੈਂਡ ਦੀ ਰੀਹਰਸਲ ਕਰਵਾ ਰਿਹਾ ਸੀ। ਕਹਿਣ ਲੱਗਾ ਕੇ ੨ ਘੰਟੇ ਬਾਅਦ ਆ ਜਾਓ। ਜਦੋਂ ਵਾਪਿਸ ਆਇਆ ਤਾਂ ਦੇਖਿਆ ਇਕ ਮਿਊਜ਼ਿਕ ਦੀ ਬੁੱਕ ਵਿਚੋਂ ਵਾਇਲਨ ਵਾਲਾ ਸਫਾ ਖੋਲਿਆ ਹੋਇਆ ਹੈ। ਪਹਿਲੇ ਸਾਰੇ ਸਾਜ਼ਾਂ ਬਾਰੇ ਪੁੱਛਿਆ ਕਿ ਮੁਰੰਮਤ ਹੁੰਦੀ ਹੈ ਸੋ ਸਾਰਾ ਦੱਸ ਦਿੱਤਾ। ਸਾਰੇ ਸਾਜ਼ ਸੁਰ ਕਰਕੇ ਥੋੜਾ ਥੋੜਾ ਵਜਾ ਕੇ ਵੀ ਦਿੱਖਾ ਦਿੱਤੇ। ਫਿਰ ਵਾਇਲਨ ਬਾਰੇ ਪੁੱਛਿਆ ਇਹ ਵੀ ਸੁਰ ਕਰਕੇ ਵਜਾ ਕੇ ਦਿਖਾ ਦਿੱਤਾ। ਵਾਇਲਨ ਦੀ ਤਾਰਾਂ


Namdhari Elibrary NamdhariElibrary@gmail.com

ਵਾਲੀ ਘੋੜੀ ਦੇ ਨੀਚੇ ਇਕ ਪੈਂਸਿਲ ਵਰਗੀ ਲਕੜੀ ਦਾ ਟੁਕੜਾ ਹੁੰਦਾ। ਇਸਦੇ ਦੋ ਫਾਇਦੇ ਹੁੰਦੇ ਹਨ। ਇਕ ਤਾਂ ਵਾਇਲਨ ਦੀ ਬਾਡੀ ਉਪਰ ਜ਼ੋਰ ਨਹੀਂ ਪੈਂਦਾ ਦੂਸਰੇ ਇਸ ਨਾਲ ਆਵਾਜ਼ ਤੇ ਵੀ ਫਰਕ ਪੈਂਦਾ ਹੈ, ਇਸ ਬਾਰੇ ਪੁੱਛਣ ਲੱਗਾ ਮੈਂ ਦੱਸ ਦਿੱਤਾ ਕਿ ਇਸ ਕਰਕੇ ਹੀ ਇਸਨੂੰ ਸਾਊਂਡ ਪੋਸਟ ਕਹਿੰਦੇ ਹਨ। ਇਹ ਸੁਣ ਕੇ ਕਹਿਣ ਲੱਗਾ ਕਿ ਤੁਸੀਂ ਪਾਸ ਹੋ। ਥੋੜ੍ਹੇ ਦਿਨਾਂ ਬਾਦ ਹੀ ਪੱਕੀ ਪਰਮਿਟ ਆ ਗਈ। ਭਾਈ ਸਾਹਿਬ ਹੁਰਾਂ ਦੀ ਵੀ ਫਿਰ ਪਰਮਿਟ ਲੈ ਲਈ ਤੇ ਉਹ ਵੀ ਵਾਪਿਸ ਆ ਗਏ। ਦੁਕਾਨ ਬੰਦ ਕਰ ਦਿੱਤੀ ਅਤੇ ਬਿਲਡਿੰਗ ਕਨਟਰੈਕਟਰ ਦਾ ਕੰਮ ਸ਼ੁਰੂ ਕਰ ਦਿੱਤਾ। ਇਸ ਨਾਲ ਰਿਆਜ਼ ਬੰਦ ਹੋ ਗਿਆ ਕਿਉਂਕਿ ਕੰਮ ਸਾਰੇ ਬਾਹਰ ਦੂਰ ਦੂਰ ਚਲਦੇ ਸੀ। ਹਾਂ ਪੰਜਾਬ ਦਾ ਜ਼ਰੂਰ ਚੱਕਰ ਲੱਗਦਾ ਰਿਹਾ। ੧੯੫੮-੬੨-੬੬ ਅਤੇ ੭੦ ਦੇ ਹਰਵਲਭ ਮੇਲੇ ਵੀ ਦੇਖੇ। ਚਾਚਾ ਅੱਛਰ ਸਿੰਘ ਜੀ ਹਰਵਲਭ ਕਮੇਟੀ ਦੇ ਵਾਈਸ ਪ੍ਰੈਜ਼ੀਡੈਂਟ ਹੁੰਦੇ ਸੀ ਅਤੇ ਆਰਟਿਸਟ ਉਹੋ ਹੀ ਬੁੱਕ ਕਰਦੇ ਸੀ। ਚਾਚਾ ਜੀ ਹੁਰਾਂ ਨੇ ਆਪ ਕਈ ਸਾਲ ਬਸੀ ਹੁਸ਼ਿਆਰਪੁਰ ਵਾਲੇ ਉਸਤਾਦ ਮੁਹੰਮਦ ਬਖਸ਼ ਹੁਰਾਂ ਪਾਸੋਂ ਕਲਾਸੀਕਲ ਸੰਗੀਤ ਸਿਖਿਆ ਸੀ ਇਸ ਲਈ ਬਹੁਤ ਜਾਣਕਾਰੀ ਸੀ। ਮੈਨੂੰ ਯਾਦ ਹੈ ਉਨ੍ਹਾਂ ਨੇ ਦੇਰ ਰਾਤ ਰੇਡਿਓ ਤੇ ਕਲਾਸੀਕਲ ਸੰਗੀਤ ਸੁਨਣਾ ਅਤੇ ਇਸ ਤਰ੍ਹਾਂ ਨਵੇਂ ਨਵੇਂ ਆਰਟਿਸਟ ਮੇਲੇ ਲਈ ਬੁੱਕ ਕਰਨੇ। ਤਕਰੀਬਨ ਸਾਰੇ ਹੀ ਮੇਲੇ ਤੋਂ ਬਾਅਦ ਘਰ ਮਿਲ ਕੇ ਜਾਂਦੇ ਸੀ ਅਤੇ ਕੋਈ ਕੋਈ ਤਾਂ ਪ੍ਰੋਗਰਾਮ ਵੀ ਕਰਦੇ ਸੀ। ਇਸ ਤਰ੍ਹਾਂ ਸੰਗੀਤਕਾਰਾਂ ਨੂੰ ਮਿਲਣ ਦਾ ਵੀ ਮੌਕਾ ਮਿਲ ਜਾਂਦਾ ਸੀ ਅਤੇ ਸੁਨਣਾ ਵੀ ਹੋ ਜਾਂਦਾ ਸੀ। ੧੯੭੦ ਦੇ ਮੇਲੇ ਤੇ ਜਦ ਆਇਆ ਤਾਂ ਉਸ ਸਾਲ ਪੰਡਿਤ ਰਵੀ ਸ਼ੰਕਰ ਹੁਰੀਂ ਵੀ ਆਏ ਸੀ। ਚਾਚਾ ਜੀ ਦੀ ਸਪੁਤਰੀ ਭੈਣ ਸਰਵਜੀਤ ਉਨ੍ਹਾਂ ਦੀ ਸ਼ਾਗਿਰਦ ਸੀ ਇਸ ਲਈ ਉਹ ਇਥੇ ਘਰ ਹੀ ਠਹਿਰਦੇ ਸੀ। ਇਸ ਤਰ੍ਹਾਂ ੪ ਦਿਨ ਪੰਡਿਤ ਜੀ ਦੀ ਸੰਗਤ ਕਰਨ ਦਾ ਮੌਕਾ ਮਿਲਿਆ। ਉਨ੍ਹਾਂ ਦਾ ਰਿਆਜ਼ ਵੀ ਸੁਨਣ ਨੂੰ ਮਿਲਦਾ ਸੀ ਅਤੇ ਗੱਲਾਂ ਬਾਤਾਂ ਕਰਨ ਨੂੰ ਵੀ ਖੁੱਲਾ ਵਕਤ ਹੁੰਦਾ ਸੀ। ਕਦੀ ਕਹਿਣ ਕਿ ਚਲੋ ਬਾਜ਼ਾਰ ਦਾ ਚੱਕਰ ਲੱਗਾ ਆਈਏ। ਮੈਨੂੰ ਇਹ ਦੇਖ ਕੇ ਬੜੀ ਹੈਰਾਨੀ ਹੁੰਦੀ ਸੀ ਕਿ ਐਡਾ ਮਹਾਨ ਕਲਾਕਾਰ ਜਿਸ ਦਾ ਸਾਰੀ ਦੁਨੀਆ ਵਿਚ ਨਾਮ ਹੈ ਔਰ ਐਨੀ ਨਿਮਰਤਾ। ਇਕ ਗੱਲ ਦਾ ਸ਼ਿਕਵਾ ਕਰਦੇ ਸੀ ਕਿ ਗੌਰਮਿੰਟ ਵਾਅਦਾ ਕਰਦੀ ਹੈ ਪਰ ਦਿੱਲੀ ਵਿਚ ਕੋਈ ਪਲਾਟ ਨਹੀਂ ਦਿੰਦੀ ਤਾਂ ਜੋ ਕੋਈ ਸਕੂਲ ਖੋਲ ਸਕਾਂ। ਕਹਿਣਾ ਕਿ ਬਾਹਰਲੇ ਸਫਰ ਕਰਕੇ ਤੰਗ ਆ ਚੁੱਕਾ ਹਾਂ। ਵੈਸੇ ਉਨ੍ਹਾਂ ਦਿਨਾਂ ਵਿਚ "ਬਨਾਰਸ" ਸ਼ੁਰੂ ਕੀਤਾ ਹੋਇਆ ਸੀ ਜਿਥੇ ਬਾਹਰਲੇ ਮੁਲਕਾਂ ਦੇ ਬਹੁਤ ਸਟੂਡੈਂਟ ਆਂਦੇ ਸੀ। ੧੯੭੨ ਯੁਗੰਡਾ ਵਿਚ ਰਾਜ ਪਲਟਾ ਹੋ ਗਿਆ। ਸਾਨੂੰ ਵੀ ਕੰਮਕਾਰ ਤੇ ਘਰਬਾਰ ਛੱਡ ਕੇ ਆਣਾ ਪਿਆ। ਹਰ ਟੱਬਰ ਨੂੰ ਇਕ ਹਜ਼ਾਰ ਰੁਪਏ ਤੇ ਔਰਤ ਦੇ ੨ ਵੰਗਾਂ ਸੋਨੇ ਦੀਆਂ ਬਸ ਇਹ ਲਿਆਉਣ ਦੀ ਇਜਾਜ਼ਤ ਸੀ। ਸਾਡਾ ਮਾਲੀ ਨੁਕਸਾਨ ਤਾਂ ਬਹੁਤ ਹੋਇਆ ਪਰ ਜਾਨੀ ਬਚਾਅ ਰਿਹਾ। ਓਥੇ ਦੀ ਜਨਤਾ ਬਹੁਤ ਚੰਗੀ ਸੀ, ਹਾਲਾਂਕਿ ਆਮ ਤੌਰ ਤੇ ਅਫਰੀਕਨਾਂ ਨੂੰ ਜੰਗਲੀ ਕਿਹਾ ਜਾਂਦਾ ਸੀ। ਜੋ ਅਪਨੇ ਮੁਲਕ ਵਿਚ ੧੯੪੭ ਵੇਲੇ ਜੰਗਲੀਪੁਨਾ ਹੋਇਆ, ਉਸਦੀ ਕਿਤੇ ਮਿਸਾਲ ਨਹੀਂ ਮਿਲਦੀ। ਇਹ ਸਤਿਗੁਰਾਂ ਦੀ ਮੇਹਰ ਹੀ ਸਮਝੋ ਕੇ ੧੯੭੧ ਵਿਚ ਯੂ. ਪੀ. ਵਿਚ ਫਾਰਮ ਲੈ ਲਿਆ ਸੀ। ਇਹ ਦੇਖ ਕੇ ਕਿ ਸਿਆਸੀ ਹਾਲਤ ਠੀਕ ਨਹੀਂ ਪਰ ਇਹ ਉਮੀਦ ਨਹੀਂ ਸੀ ਕਿ ਮੁਲਕ ਹੀ ਛੱਡਨਾ ਪਵੇਗਾ। ਸਾਰੀ ਉਮਰ ਦੀ ਕਮਾਈ ਉਥੇ ਰਹਿ ਗਈ। ਫਾਰਮ ਤਾਂ ਉਥੋਂ ਪੈਸਾ ਕੱਢਣ ਕਰਕੇ ਲਿਆ ਸੀ ਪਰ ਹੁਣ ਸੰਭਾਲਣਾ ਪਿਆ। ਕਾਰਾਂ ਤੋਂ ਉਤਰ ਕੇ ਟਰੈਕਟਰ ਤੇ ਆ ਗਏ। ਖੈਰ ਤਕਲੀਫਾਂ ਤਾਂ ਬਹੁਤ ਆਈਆਂ ਪਰ ਇਹ ਵਕਤ ਵੀ ਨਿਕਲ ਗਿਆ। ਮਾਤਾ ਜੀ ਕਰਕੇ ਪੰਜਾਬ ਆਏ ਸੀ ਉਹ ਚੜ੍ਹਾਈ ਕਰ ਗਏ। ਬੇਟੀਆਂ ਦੀਆਂ ਵੀ ਸ਼ਾਦੀਆਂ ਕਰ ਦਿੱਤੀਆਂ, ਇਕ ਕੈਨੇਡਾ ਅਤੇ ੨ ਲੰਡਨ ਆ ਗਈਆਂ।

੧੯੯੫ ਵਿਚ ਅਸੀਂ ਵੀ ਇੰਗਲੈਂਡ ਪੱਕੇ ਤੌਰ ਤੇ ਆ ਗਏ ਇਹ ਸੋਚ ਕੇ ਵਕਤ ਵੀ ਕਟ ਜਾਏਗਾ ਅਤੇ ਮੁੜ ਤੋਂ ਰਿਆਜ਼ ਸ਼ੁਰੂ ਕਰ ਸਕਾਂਗਾ। ਵਾਇਲਨ ਨਾਲ ਲੈ ਆਂਦੀ। ਖੁਸ਼ ਕਿਸਮਤ ਸੀ ਕਿ ਮੇਰੇ ਫਲੈਟ ਦੇ ਪਾਸ ਹੀ ਉਸਤਾਦ ਰਿਪੁਦਮਨ ਸਿੰਘ (ਦਮੀ) ਹੁਰਾਂ ਦਾ ਘਰ ਹੈ ਜਿਥੇ ਇਨ੍ਹਾਂ ਨੇ ਬੜਾ ਅੱਛਾ ਮਿਊਜ਼ਕ ਰੂਮ ਬਣਾਇਆ ਹੋਇਆ ਹੈ। ਸੋ ਇਨ੍ਹਾਂ ਨਾਲ ਬੈਠਕ ਹੋਣ ਲੱਗੀ। ਇਹ ਸਿਲਸਿਲਾ ਚਲ ਹੀ ਰਿਹਾ ਸੀ ਕੇ ਸੁਪਤਨੀ ਬੀਮਾਰ ਰਹਿਣ ਲੱਗੀ ਅਤੇ ਮੇਰੇ ਵੀ ਕਮਰ ਵਿਚ ਦਰਦ ਹੋਣਾ ਸ਼ੁਰੂ ਹੋ ਗਿਆ। ਜਿਸ ਕਰਕੇ ਰਿਆਜ਼ ਘੱਟ ਗਿਆ। ੪ ਸਾਲ ਪਹਿਲੇ ਸੁਪਤਨੀ ਚੜ੍ਹਾਈ ਕਰ ਗਏ ਅਤੇ ਮੇਰੀ ਕਮਰ ਦਾ ਦਰਦ ਵੀ ਵੱਧ ਗਿਆ ਤਾਂ ਰਿਆਜ਼ ਬਿਲਕੁਲ ਬੰਦ ਹੋ ਗਿਆ।

ਸਤਿਗੁਰੂ ਜੀ ਦੀ ਸੰਗੀਤ ਫੁਲਵਾੜੀ ਦਾ ਇਕ ਮਹਿਕਦਾ ਫੁਲ ਗੁਰਦੇਵ ਸਿੰਘ ਸਰੋਦ ਵਾਦਕ ਮੇਰੇ ਪਾਸ ਹੀ ਰਹਿੰਦਾ ਹੈ। ਇਕ ਦਿਨ ਮਿਲਣ ਆਇਆ ਤਾਂ ਵਾਇਲਨ ਦੇਖ ਕੇ ਕਹਿੰਦਾ ਕੇ ਵਜਾਓ। ਸੁਣ ਕੇ ਕਹਿਣ ਲੱਗਾ ਕਿ ਐਨਾ ਸੁਰ ਵਿਚ ਹੱਥ ਹੈ ਰਿਆਜ਼ ਕਿਉਂ ਨਹੀਂ ਕਰਦੇ। ਦੱਸਿਆ ਕਮਰ ਦਰਦ ਕਰਕੇ। ਕਹਿਣ ਲੱਗਾ ਚਾਹੇ ਕੁਰਸੀ ਉਪਰ ਬੈਠ ਕੇ ਵਜਾਓ ਪਰ ਰਿਆਜ਼ ਚਾਲੂ ਰਖੋ। ਹੁਣ ਇਸ ਤਰ੍ਹਾਂ ਹੀ ਥੋੜਾ ਥੋੜਾ ਸ਼ੁਰੂ ਕੀਤਾ ਹੈ। ਇਹ ਹੈ ਮੇਰਾ ਸੰਗੀਤ ਦਾ ਸਫਰ ਜੋ ਖੜੋਤ ਆਣ ਦੇ ਬਾਵਜੂਦ ਜਾਰੀ ਹੈ।



Namdhari Elibrary NamdhariElibrary@gmail.com




**PARTAP ENGINEERS**
AN ISO 9001 COMPANY
BHAGWAN CHOWK, LUDHIANA - 141 003 (INDIA)
Tel : 91-161-2533276, 2540209 FAX : 91-161-2533273
E-MAIL : gspartap@glide.net.in
Website : www.partapexports.com


Namdhari Elibrary NamdhariElibrary@gmail.com

# ਭਰੂਣ ਹੱਤਿਆ

—ਡਾ. ਰਜਵੰਤ ਕੌਰ

ਭਰੂਣ ਹੱਤਿਆ ਸਾਡੇ ਰਸਮਾਜ ਦਾ ਇੱਕ ਬਹੁਤ ਵੱਡਾ ਕਲੰਕ ਹੈ। ਭਰੂਣ ਹੱਤਿਆ ਤੋਂ ਭਾਵ ਹੈ ਕਿ ਜਨਮ ਲੈਣ ਤੋਂ ਪਹਿਲਾਂ ਮਾਂ ਦੀ ਕੁੱਖ ਵਿਚ ਹੀ ਬੱਚੀ ਦੀ ਹੱਤਿਆ ਕਰਵਾ ਦੇਣੀ। ਇਹ ਭਰੂਣ ਹੱਤਿਆ ਮਾਦਾ ਭਰੂਣ (ਲੜਕੀਆਂ) ਦੀ ਹੀ ਹੁੰਦੀ ਹੈ।

ਇਸਦਾ ਮੁੱਖ ਕਾਰਣ ਸਾਡੇ ਸਮਾਜ ਵਿਚ ਮੁੰਡੇ ਅਤੇ ਕੁੜੀ ਵਿਚ ਅੰਤਰ ਸਮਝਿਆ ਜਾਂਦਾ ਹੈ। ਕੁੜੀ ਨੂੰ ਜਨਮ ਲੈਣ ਤੋਂ ਹੀ ਮਾਤਾ ਪਿਤਾ ਉਸਨੂੰ ਬੋਝ ਸਮਝਣ ਲੱਗ ਪੈਂਦੇ ਹਨ। ਕੁੜੀ ਦੇ ਪੈਂਦਾ ਹੁੰਦੇ ਹੀ ਉਸਦੇ ਵਿਆਹ ਦਾ ਖਰਚ ਅਤੇ ਦਹੇਜ ਦੀ ਫਿਕਰ ਪੈਣ ਲਗ ਪੈਂਦੀ ਹੈ। ਜਿਸ ਕਾਰਨ ਉਹ ਆਪਣੇ ਮੁੰਡੇ ਮੁਕਾਬਲੇ ਲੜਕੀ ਦੀ ਪਰਵਰਿਸ਼ ਵਿਚ ਵੀ ਕਮੀ ਰਖਦੇ ਹਨ। ਲੜਕਿਆਂ ਨਾਲ ਵੰਸ਼ ਚਲਦਾ ਹੈ। ਇਸੇ ਧਾਰਨਾ ਨੂੰ ਲੈ ਕੇ ਪੁੱਤਰ ਜਨਮ ਦੀ ਲਾਲਸਾ ਬਣੀ ਰਹਿੰਦੀ ਹੈ। ਹਿੰਦੂ ਰੀਤੀ ਅਨੁਸਾਰ ਪੁੱਤਰ ਹੀ ਆਪਣੇ ਮਾਂ ਬਾਪ ਦੀ ਮਿਰਤਕ ਦੇਹ ਨੂੰ ਅੱਗ ਦਿਖਾਏਗਾ ਤਾਂ ਪਰਲੋਕ ਵਿਚ ਉਹਨਾਂ ਦੀ ਆਤਮਾ ਦੀ ਗਤੀ ਹੋਵੇਗੀ। ਇਹ ਸਭ ਧਾਰਨਾਵਾਂ ਧੀ ਨੂੰ ਜਨਮ ਦੇਣ ਦੇ ਖਿਲਾਫ਼ ਜਾਂਦੀਆਂ ਹਨ। ਪਹਿਲਾਂ ਲੋਕ ਧੀਆਂ ਪੁੱਤਰਾਂ ਨੂੰ ਪਰਮਾਤਮਾ ਦੀ ਦਾਤ ਸਮਝਦੇ ਸਨ। ਇਸ ਲਈ ਮੰਨੇ-ਅਣਮੰਨੇ ਉਹ ਧੀ ਨੂੰ ਸਵੀਕਾਰ ਕਰ ਲੈਂਦੇ ਸਨ। ਪਰ ਅੱਜਕਲ ਮਹਿੰਗਾਈ ਦੇ ਜ਼ਮਾਨੇ ਵਿਚ ਇੱਕ ਜਾਂ ਦੋ ਬੱਚਿਆਂ ਦਾ ਪਾਲਣ-ਪੋਸ਼ਣ ਕਰਕੇ ਉਹਨਾਂ ਨੂੰ ਪੜ੍ਹਾਉਣਾ ਅਤੇ ਆਪਣੇ ਪੈਰਾਂ ਤੇ ਖੜਾ ਕਰਨਾ ਹੀ ਮੁਸ਼ਕਿਲ ਹੋ ਗਿਆ ਹੈ। ਸਾਇੰਸ ਅਤੇ ਤਕਨਾਲੋਜੀ ਦੀ ਜਾਣਕਾਰੀ ਨਾਲ ਮਨੁੱਖ ਪਰਮਾਤਮਾ ਦੇ ਸ੍ਰਿਸ਼ਟੀ ਨਿਰਮਾਣ ਦੇ ਕੰਮ ਵਿਚ ਦਖਲ ਅੰਦਾਜ਼ੀ ਕਰਨ ਲਗ ਪਿਆ ਹੈ। ਅੱਜਕਲ ਅਲਟਰਾਸਾਉਂਡ ਦੀ ਮਸ਼ੀਨ ਨਾਲ ਮਾਂ ਦੀ ਕੁੱਖ ਵਿਚ ਹੀ ਬੱਚੇ ਦਾ ਲਿੰਗ ਪਤਾ ਕਰ ਲਿਆ ਜਾਂਦਾ ਹੈ। ਜੇਕਰ ਕੁੜੀ ਹੋਵੇ ਤਾਂ ਮਾਂ ਬਾਪ ਉਸਨੂੰ ਕਤਲ ਕਰਨ ਤੇ ਤੁਲ ਜਾਂਦੇ ਹਨ।

ਉਹ ਇਹ ਕੰਮ ਡਾਕਟਰ ਦੀ ਮਦਦ ਨਾਲ ਕਰਦੇ ਹਨ ਅਤੇ ਡਾਕਟਰੀ ਪੜ੍ਹਾਈ ਦੀ ਮਦਦ ਨਾਲ ਆਪਣੀ ਅਣਜੰਮੀ ਬੱਚੀ ਨੂੰ ਆਪਣੀ ਕੁੱਖ ਵਿੱਚ ਮਾਰਨ ਲਈ ਮਾਂ ਤਿਆਰ ਹੋ ਜਾਂਦੀ ਹੈ। ਇਹ ਕੰਮ ਉਹ ਆਪਣੀ ਮਰਜ਼ੀ ਨਾਲ ਜਾਂ ਆਪਣੇ ਪਰਿਵਾਰ ਤੇ ਸਮਾਜ ਦੇ ਦਬਾਅ ਵਿੱਚ ਆ ਕੇ ਕਰਨ ਲਈ ਰਾਜ਼ੀ ਹੁੰਦੀ ਹੈ। ਮਾਂ ਬਾਪ ਹੀ ਆਪਣੀ ਬੱਚੀ ਦੇ ਕਾਤਲ ਬਣ ਜਾਂਦੇ ਹਨ। ਇਸੇ ਕਾਰਣ ਸਾਡੇ ਸਮਾਜ ਵਿਚ ਖਾਸਕਰ ਪੰਜਾਬ ਸੂਬੇ ਵਿਚ ਮੁੰਡਿਆਂ ਦੇ ਮੁਕਾਬਲੇ ਕੁੜੀਆਂ ਦੀ ਗਿਣਤੀ ਬਹੁਤ ਘੱਟ ਹੈ।

ਇਸ ਕੁਰੀਤੀ ਨੂੰ ਰੋਕਣ ਲਈ ਸਰਕਾਰ ਨੇ ਪੀ.ਐਨ.ਡੀ.ਟੀ. ਐਕਟ ਅਰਥਾਤ ਪਰੀ ਨੇਟਲ ਡਾਇਗਨੋਸਟਿਕ ਤਕਨੀਕ ਐਕਟ ਬਣਾਇਆ ਹੈ। ਜਿਸਦੇ ਅਨੁਸਾਰ ਗਰਭ ਵਿਚ ਬੱਚੇ ਦਾ ਲਿੰਗ ਪਤਾ ਕਰਾਉਣ ਵਾਲੇ ਮਾਂ ਬਾਪ ਅਤੇ ਡਾਕਟਰ ਨੂੰ ਕੈਦ ਅਤੇ ਜੁਰਮਾਨੇ ਦੀ ਸਜ਼ਾ ਰੱਖੀ ਗਈ ਹੈ।

ਇਸ ਦੇ ਬਾਵਜੂਦ ਵੀ ਜੇਕਰ ਕੋਈ ਇਹ ਘਿਣੌਨਾ ਕੰਮ ਕਰੇ ਤਾਂ ਸਰਕਾਰ ਛਾਪਾ ਮਾਰ ਕੇ ਮਾਪਿਆਂ ਅਤੇ ਡਾਕਟਰ ਨੂੰ ਸਜ਼ਾ ਅਤੇ ਡਾਕਟਰ ਦੀ ਰਜਿਸਟਰੇਸ਼ਨ ਕੈਂਸਲ ਕਰ ਸਕਦੀ ਹੈ। ਇਤਨੀ ਸਖਤੀ ਹੋਣ ਦੇ ਬਾਵਜੂਦ ਵੀ ਲੋਕ ਗੈਰ ਕਨੂੰਨੀ ਤਰੀਕੇ ਨਾਲ ਇਹ ਕੰਮ ਕਰਨ ਵਿਚ ਸਫ਼ਲ ਹੋ ਜਾਂਦੇ ਹਨ। ਇਹ ਸਾਡੇ ਸਮਾਜ ਲਈ ਇੱਕ ਵੱਡੀ ਲਾਹਨਤ ਹੈ।

ਮਾਂ ਬਾਪ ਨੂੰ ਚਾਹੀਦਾ ਹੈ ਕਿ ਉਹ ਆਪਣੀ ਸੌੜੀ ਸੋਚ ਤੋਂ ਉਪਰ ਉਠਣ ਅਤੇ ਧੀਆਂ ਦੀ ਵੀ ਪੁਤਰਾਂ ਦੇ ਬਰਾਬਰ ਪਰਵਰਿਸ਼ ਕਰਣ, ਪੜ੍ਹਾਉਣ ਅਤੇ ਆਪਣੇ ਪੈਰਾਂ ਤੇ ਖੜਾ ਹੋਣ ਵਿਚ ਮਦਦ ਕਰਣ। ਤਾਂ ਹੀ ਇੱਕ ਮਜ਼ਬੂਤ ਅਤੇ ਖੁਸ਼ਹਾਲ ਸਮਾਜ ਦੀ ਕਲਪਨਾ ਕੀਤੀ ਜਾ ਸਕਦੀ ਹੈ। ਇਸ ਨਾਲ ਕਈ ਸਾਮਾਜਿਕ ਕੁਰੀਤੀਆਂ ਵੀ ਖਤਮ ਹੋ ਜਾਣਗੀਆਂ।

ਗੁਰੂ ਨਾਨਕ ਦੇਵ ਜੀ ਦੇ ਸ਼ੁਭ ਵਾਕ "ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ" ਅਨੁਸਾਰ ਧੀਆਂ ਦਾ ਮਾਣ ਕਰੋ ਅਤੇ ਭਰੂਣ ਹੱਤਿਆ ਜਿਹੀ ਲਾਹਨਤ ਤੋਂ ਛੁਟਕਾਰਾ ਪਾਓ।

*੭੨੦ ਅਰਬਨ ਅਸਟੇਟ-੨*
*ਡੁਗਰੀ ਲੁਧਿਆਣਾ*

## ਧੀਆਂ ਦਾ ਦੁੱਖ

ਧੀਆਂ ਦੇ ਦੁਖ,
ਡਾਢੇ ਵੇ ਲੋਕਾ
ਵਿਰਲਾ ਤਾਂ ਜਾਣੇ ਕੋਈ
ਧੀ ਤੇ ਤਿਤਲੀ ਲੋਕੀ ਆਖਣ
ਵੇਖੀ ਨਾ ਜਾਂਦੀ ਮੋਈ
ਧੀਆਂ ਧਰੇਕਾਂ ਸਾਵੀਆਂ ਸੁੰਹਦੀਆਂ
ਮਿਰਗਾਂ ਸੰਗ ਖੁਸ਼ਬੋਈ
ਧੀਆਂ ਦੀ ਧੁੱਪ
ਚਾਰ ਦਿਹਾੜੇ
ਫਿਰ ਹੋਈ ਨਾ ਹੋਈ
ਦੁਖੀਆ ਧੀ ਦਾ
ਦੁਖੀਆ ਬਾਬਲ
ਅਜ ਕਰੇ ਅਰਜੋਈ
ਸੁਣੀ ਵੇ ਲੋਕਾਂ
ਦੇਵਾਂ ਮੈ ਹੋਕਾ
ਧੀਆਂ ਨਾ ਜੰਮੇ ਕੋਈ।

—ਸ਼ਿਵ ਕੁਮਾਰ ਬਟਾਲਵੀ



Namdhari Elibrary NamdhariElibrary@gmail.com

# ਇਹ ਵੀ ਆਪਣੇ ਵਰਗਾ

—ਭੁਪਿੰਦਰ ਉਸਤਾਦ



ਮੈਨੂੰ ਯਕੀਨ ਹੀ ਨਹੀਂ ਸੀ ਹੋ ਰਿਹਾ ਕਿ ਮੈਂ ਦੁਨੀਆ ਦੇ ਸਭ ਤੋਂ ਵੱਡੇ ਹਵਾਈ ਅੱਡੇ, ਹੀਥਰੋ ਤੇ ਪਹੁੰਚ ਗਿਆ ਹਾਂ। ਹਾਲਾਂਕਿ ਮੈਂ ਇਥੇ ਤੱਕ ਪਹੁੰਚਣ ਲਈ ਸਾਰਾ ਕੰਮ ਖੁਦ ਹੀ ਕੀਤਾ ਸੀ। ਫਿਰ ਵੀ ਮੈਨੂੰ ਇਥੇ ਆ ਕੇ ਅਚੰਭਾ ਜਿਹਾ ਹੋ ਰਿਹਾ ਸੀ। ਲੋਕਾਂ ਦੇ ਰੇਲੇ 'ਚ ਤੁਰਿਆਂ ਮੈਨੂੰ ਪਤਾ ਹੀ ਨਾ ਲੱਗਾ ਕਿ ਕਦੋਂ ਮੈਂ ਬਾਹਰ ਨਿਕਲ ਆਇਆ। ਕਿਸੇ ਨੇ ਵੀ ਕੁਝ ਨਹੀਂ ਪੁੱਛਿਆ, ਸਿਵਾਏ ਸਕਿਉਰਿਟੀ 'ਚ ਪਾਸਪੋਰਟ ਚੈੱਕ ਕਰਵਾਉਣ ਦੇ। ਉਨ੍ਹਾਂ ਵੀ ਪਾਸਪੋਰਟ ਫੜਿਆ, ਖੋਲਿਆ ਤੇ ਇਕ ਵਾਰ ਮੇਰੇ ਵਲ ਦੇਖ ਕੇ ਪਾਸਪੋਰਟ ਉਤੇ ਮੋਹਰ ਲਾਈ ਤੇ ਪਾਸਪੋਰਟ ਮੇਰੇ ਹਵਾਲੇ ਕਰ ਦਿੱਤਾ। ਦਿੱਲੀ ਵਾਲਿਆਂ ਨੇ ਤਾਂ ਪਤਾ ਨਹੀਂ ਕਿੰਨੇ ਸਵਾਲ ਪੁੱਛੇ ਤੇ ਕਿੰਨੀ ਵਾਰ ਮੇਰੇ ਵਲ ਤੇ ਪਾਸਪੋਰਟ ਵਲ ਦੇਖਿਆ, ਫਿਰ ਜਾ ਕੇ ਮੋਹਰ ਲਾਈ, ਜਿਵੇਂ ਉਸਦਾ ਪਾਸਪੋਰਟ ਦੇਣ ਨੂੰ ਦਿਲ ਨਾ ਕਰਦਾ ਹੋਵੇ।

ਲੋਕਾਂ ਦੇ ਹਜੂਮ ਵਿਚੋਂ ਮੈਂ ਬਾਊ ਧਨੀ ਰਾਮ ਹੁਰਾਂ ਨੂੰ ਲੱਭਣ ਲੱਗਾ। ਪਰ ਉਹ ਮੈਨੂੰ ਕਿਤੇ ਨਜ਼ਰ ਨਹੀਂ ਆਏ ਤਾਂ ਮੈਨੂੰ ਫਿਕਰ ਹੋਣ ਲੱਗਾ ਕਿ ਮੈਂ ਹੁਣ ਕੀ ਕਰਾਂਗਾ। ਉਨ੍ਹਾਂ ਤੋਂ ਬਗੈਰ ਮੈਂ ਘਰ ਕਿਵੇਂ ਪਹੁੰਚਾਂਗਾ। ਇਹ ਸਭ ਕੁਝ ਮੇਰੇ ਦਿਮਾਗ ਵਿਚ ਘੁੰਮ ਰਿਹਾ ਸੀ, ਕਿ ਇਕ ਗੋਰੀ ਮੇਰੇ ਕੋਲ ਆਈ ਤੇ ਬਾਊ ਧਨੀਂ ਰਾਮ ਹੁਰਾਂ ਦੀ ਫੋਟੋ ਮੇਰੇ ਅੱਗੇ ਕਰਦਿਆਂ ਪੁੱਛਿਆ, ਤੁਸੀਂ ਇਨ੍ਹਾਂ ਨੂੰ ਲੱਭ ਰਹੇ ਹੋ ਬਰਨ?"

ਮੈਂ ਹੈਰਾਨੀ ਨਾਲ ਉਸ ਵਲ ਦੇਖਿਆ ਤੇ ਦੇਖਦਾ ਹੀ ਰਹਿ ਗਿਆ। ਮੈਂ ਉਸਦੇ ਪੰਜਾਬੀ ਬੋਲਣ ਤੇ ਇਨ੍ਹਾਂ ਹੈਰਾਨ ਸਾਂ ਕਿ ਮੈਂ ਕੁਝ ਬੋਲ ਹੀ ਨਾ ਸਕਿਆ। ਸਿਰ ਹਿਲਾ ਕੇ ਹੀ ਹਾਂ ਕੀਤੀ।

ਆਉ ਫਿਰ ਚੱਲੀਏ, ਕਹਿੰਦੀ ਹੋਈ ਉਹ ਮੇਰੇ ਅੱਗੇ ਤੁਰ ਪਈ। ਮੈਂ ਹੈਰਾਨ ਹੋਇਆ ਉਸਦੀ ਗੋਰੀ ਚਮੜੀ ਵਲ ਦੇਖ ਰਿਹਾ ਸੀ ਤੇ ਉਸਦੇ ਪੰਜਾਬੀ ਲਹਿਜੇ ਵਾਰੇ ਸੋਚ ਰਿਹਾ ਸਾਂ। ਵਲੈਤ ਆ ਕੇ ਤਾਂ ਪੰਜਾਬੀ ਬੰਦੇ, ਪੰਜਾਬੀ ਬੋਲਣੋ ਹਟ ਜਾਂਦੇ ਹਨ, ਪਰ ਇਹ ਵਲੈਤਣ ਪੰਜਾਬੀ ਇਸ ਤਰ੍ਹਾਂ ਬੋਲ ਰਹੀ ਹੈ, ਜਿਵੇਂ ਸ਼ੁਧ ਪੰਜਾਬਣ ਹੋਵੇ।

ਉਸਨੇ ਦੂਰੋਂ ਹੀ ਗੱਡੀ ਦੇ ਤਾਲੇ ਰਿਮੋਟ ਨਾਲ ਖੋਲ੍ਹੇ ਤੇ ਫਿਰ ਨੇੜੇ ਜਾ ਕੇ ਗੱਡੀ ਦਾ ਅਗਲਾ ਦਰਵਾਜ਼ਾ ਖੋਲ੍ਹ ਕੇ ਮੈਨੂੰ ਬੈਠਣ ਲਈ ਕਿਹਾ ਤੇ ਆਪ ਦੂਜੇ ਪਾਸੇ ਦੀ ਘੁੰਮ ਕੇ ਡਰਾਇਵਰ ਸੀਟ ਵਾਲਾ ਦਰਵਾਜ਼ਾ ਖੋਲ੍ਹ ਕੇ ਸੀਟ ਉਤੇ ਬੈਠ ਗਈ। ਗੱਡੀ ਤੱਕ ਆਉਂਦਿਆਂ ਵਲੈਤ ਦੀ ਠੰਡੀ ਹਵਾ ਨੇ ਮੇਰਾ ਨੱਕ ਚੋਣ ਲਾ ਦਿੱਤਾ ਸੀ। ਮੈਂ ਨੱਕ ਸਾਫ ਕਰਦਿਆਂ ਅਗਲੀ ਸੀਟ ਉਪਰ ਬੈਠ ਗਿਆ। ਗੋਰੀ ਨੇ ਚਾਬੀ ਲਾਈ ਤੇ ਗੱਡੀ ਗੇਅਰ 'ਚ ਪਾਉਂਦਿਆਂ ਉਸ ਦਾ ਹੱਥ ਮੇਰੇ ਗੋਡੇ ਨਾਲ ਖਹਿ ਗਿਆ, ਉਸਨੇ ਹੱਸਦਿਆਂ ਸੌਰੀ ਕਿਹਾ ਤੇ ਗੱਡੀ ਅੱਗੇ ਤੋਰ ਲਈ।

"ਰਸਤੇ 'ਚ ਕੋਈ ਤਕਲੀਫ ਤਾਂ ਨਹੀਂ ਹੋਈ," ਉਸਨੇ ਗੱਡੀ ਮੇਨ ਰੋਡ ਉਪਰ ਸਿਧੀ ਕਰਦਿਆਂ ਸੁਆਲ ਕੀਤਾ।

"ਨਹੀਂ" ਮੈਂ ਇਨ੍ਹਾਂ ਹੀ ਕਹਿ ਸਕਿਆ।

"ਵੀਜ਼ਾ ਸੌਖਾ ਹੀ ਮਿਲ ਗਿਆ ਜਾਂ ਜ਼ਿਆਦਾ ਦੌੜ ਭੱਜ ਕਰਨੀ ਪਈ।" ਗੋਰੀ ਨੇ ਫਿਰ ਸੁਆਲ ਛੱਡਿਆ।

"ਵੀਜ਼ਾ ਤਾਂ ਸੌਖਾ ਹੀ ਮਿਲ ਗਿਆ ਸੀ, ਕੋਈ ਜ਼ਿਆਦਾ ਦੌੜ ਭਜ ਨਹੀਂ ਕਰਨੀ ਪਈ।" ਫਿਰ ਹੋਰ ਕਈ ਗੱਲਾਂ ਹੁੰਦੀਆਂ ਰਹੀਆਂ।

"ਤੁਸੀਂ ਦੇਖਣ ਨੂੰ ਤਾਂ ਅੰਗਰੇਜ਼ ਲੱਗਦੇ ਹੋ, ਪਰ ਪੰਜਾਬੀ ਬਹੁਤ ਵਧੀਆ ਬੋਲ ਰਹੇ ਹੋ, ਕਿਥੋਂ ਸਿਖੀ?" ਮੈਂ ਉਸਨੂੰ ਸੁਆਲ ਕੀਤਾ।

"ਤੁਹਾਨੂੰ ਭੁਲੇਖਾ ਲੱਗਾ, ਮੈਂ ਅੰਗਰੇਜ਼ ਨਹੀਂ ਹਾਂ। ਪੰਜਾਬੀ ਪਲੱਸ ਅੰਗਰੇਜ਼ ਹਾਂ।" ਉਸਨੇ ਮੁਸਕਰਾਂਦਿਆਂ ਮੇਰੀ ਵਲ ਦੇਖਿਆ।

"ਕੀ ਮਤਲਬ?"

"ਮੇਰੇ ਪਿਤਾ ਪੰਜਾਬੀ ਹਨ ਤੇ ਮਾਤਾ ਅੰਗਰੇਜ਼। ਮੇਰੇ ਪਿਤਾ ਪੰਜਾਬੀ ਬੋਲੀ ਨੂੰ ਬਹੁਤ ਪਿਆਰ ਕਰਦੇ ਹਨ। ਉਨ੍ਹਾਂ ਤਾਂ ਮੇਰੀ ਮਾਤਾ ਨੂੰ ਵੀ ਪੰਜਾਬੀ ਸਿਖਾ ਦਿੱਤੀ ਸੀ ਤੇ ਫਿਰ ਮੈਨੂੰ ਬਚਪਨ ਤੋਂ ਹੀ ਪੰਜਾਬੀ ਬੋਲਣੀ, ਪੜ੍ਹਨੀ ਤੇ ਲਿਖਣੀ ਸਿਖਾ ਦਿੱਤੀ। ਸਾਡੇ ਘਰ ਵਿਚ ਸਿਰਫ ਪੰਜਾਬੀ ਹੀ ਬੋਲੀ ਜਾਂਦੀ ਹੈ। ਅਸੀਂ ਹਰ ਦੂਸਰੇ ਸਾਲ ਇੰਡੀਆ ਜਾਂਦੇ ਹਾਂ, ਮੈਂ ਤਾਂ ਵੈਸੇ ਵੀ ਪੰਜ ਸਾਲ ਚੰਡੀਗੜ੍ਹ 'ਚ ਰਹੀ ਹਾਂ।" "ਅੱਛਾ!" ਮੈਂ ਹੈਰਾਨ ਸੀ।

'ਬਾਊ ਧਨੀ ਰਾਮ ਹੁਰੀਂ ਮੇਰੇ ਪਿਤਾ ਜੀ ਦੇ ਕਲੋਜ਼ ਫਰੈਂਡ ਹਨ। ਉਨ੍ਹਾਂ ਦੇ ਦੋਹਾਂ ਬੱਚਿਆਂ ਨੂੰ ਮੈਂ ਪੰਜਾਬੀ ਪੜ੍ਹਾਉਂਦੀ ਰਹੀ ਹਾਂ। ਉਹ ਦੋਵੇਂ ਹੁਣ ਯੂਨੀਵਰਸਿਟੀ ਚਲੇ ਗਏ ਹਨ। ਅੰਕਲ ਅੱਜ ਬਹੁਤ ਬਿਜ਼ੀ ਸਨ ਇਸ ਕਰਕੇ ਉਨ੍ਹਾਂ ਮੇਰੀ ਡਿਊਟੀ ਲਾ ਦਿੱਤੀ ਕਿ ਮੈਂ ਤੁਹਾਨੂੰ ਏਅਰ ਪੋਰਟ ਤੋਂ ਘਰ ਛੱਡ



Namdhari Elibrary NamdhariElibrary@gmail.com

ਦਿਆਂ। ਇਸ ਕਰਕੇ ਮੈਂ ਤੁਹਾਨੂੰ ਲੈਣ ਆ ਗਈ। ਪਹਿਚਾਣ ਵਾਸਤੇ ਉਨ੍ਹਾਂ ਨੇ ਤੁਹਾਡੀ ਤੇ ਆਪਣੀ ਫੋਟੋਜ਼ ਮੈਨੂੰ ਦੇ ਦਿੱਤੀਆਂ ਸਨ, ਜਿਸ ਨਾਲ ਆਪਣਾ ਕੰਮ ਸੌਖਾ ਹੋ ਗਿਆ। ਮੇਰਾ ਨਾਂ ਜਸਪ੍ਰੀਤ ਹੈ।"

ਗੱਲਾਂ ਵਿਚ ਪਤਾ ਹੀ ਨਾ ਲਗਾ ਕਿ ਅਸੀਂ ਇਕ ਉਜਾੜ ਜਿਹੇ ਇਲਾਕੇ 'ਚ ਪਹੁੰਚ ਚੁੱਕੇ ਸਾਂ। ਜਸਪ੍ਰੀਤ ਨੇ ਇਕ ਵੱਡੇ ਸਾਰੇ ਗੇਟ ਅੱਗੇ ਜਾ ਕੇ ਗੱਡੀ ਖੜੀ ਕਰ ਦਿੱਤੀ। "ਲਉ ਜੀ ਅਸੀਂ ਆ ਗਏ।" ਮੈਂ ਆਲੇ ਦੁਆਲੇ ਨਜ਼ਰ ਘੁਮਾ ਕੇ ਦੇਖਿਆ ਤਾਂ ਸਾਰੇ ਘਰਾਂ ਦੇ ਅੱਗੇ ਉੱਚੀਆਂ ਉੱਚੀਆਂ ਵਾੜਾਂ ਕੀਤੀਆਂ ਹੋਈਆਂ ਸਨ। ਵਾੜਾਂ ਵਿਚ ਲੱਗੇ ਵੱਡੇ ਵੱਡੇ ਗੇਟ ਦਿਸ ਰਹੇ ਸਨ। ਕਿਤੇ ਕਿਤੇ ਉੱਚੀਆਂ ਵਾੜਾਂ ਦੇ ਪਿੱਛੇ ਘਰਾਂ ਦੀ ਉਪਰਲੀ ਮੰਜ਼ਲ ਤਾਂ ਦਿਸਦੀ ਸੀ ਪਰ ਹੇਠਲੀ ਮੰਜ਼ਲ ਨਹੀਂ ਸੀ ਦਿਸਦੀ।

ਜਸਪ੍ਰੀਤ ਨੇ ਗੇਟ ਖੋਲਿਆ ਤੇ ਆ ਕੇ ਗੱਡੀ ਵਿਚ ਬੈਠ ਗਈ। ਗੱਡੀ ਅੰਦਰ ਕਰਕੇ ਗੈਰਜ ਵਿਚ ਖੜੀ ਕੀਤੀ ਤੇ ਮੁੜ ਕੇ ਆ ਕੇ ਗੇਟ ਬੰਦ ਕੀਤਾ। "ਲਉ ਜੀ ਆ ਗਈ ਆਪਣੀ ਮੰਜ਼ਲ," ਉਸ ਨੇ ਗੱਡੀ ਕੋਲ ਆਉਂਦਿਆਂ ਕਿਹਾ। ਮੈਂ ਵੀ ਬਾਹਰ ਨਿਕਲ ਆਇਆ। ਆਲੇ ਦੁਆਲੇ ਦੇਖਿਆ ਤਾਂ ਕੋਈ ਵੀ ਨਹੀਂ ਸੀ ਦਿਸ ਰਿਹਾ। ਦੋ ਖੂੰਜਿਆਂ ਵਿਚ ਦੋ ਕੁੱਤੇ ਬੰਨੇ ਹੋਏ ਸਨ, ਜੋ ਗੌਰ ਨਾਲ ਮੇਰੇ ਵਲ ਦੇਖ ਕੇ ਘੂੰਹ ਘੂੰਹ ਕਰਨ ਲੱਗੇ ਸਨ। ਜਸਪ੍ਰੀਤ ਨੇ ਉਨ੍ਹਾਂ ਨੂੰ ਅੰਗਰੇਜ਼ੀ ਵਿਚ ਦੱਸਿਆ "ਇਹ ਵੀ ਹੁਣ ਤੁਹਾਡੇ ਨਾਲ ਹੀ ਰਹਿਣਗੇ।" ਜਸਪ੍ਰੀਤ ਦੀ ਗੱਲ ਸੁਣ ਕੇ ਉਹ ਚੁੱਪ ਕਰ ਗਏ ਤੇ ਇਕ ਦੂਜੇ ਵਲ ਦੇਖਣ ਲੱਗੇ, ਜਿਵੇਂ ਇਕ ਦੂਜੇ ਨੂੰ ਕੁਝ ਸਮਝਾ ਰਹੇ ਹੋਣ। "ਦੇਖ ਲੈ ਬਈ, ਇਹ ਵੀ ਆਪਣੇ ਵਰਗਾ ਆ ਗਿਆ।'

ਜਸਪ੍ਰੀਤ ਨੇ ਇਕ ਕਮਰੇ ਦਾ ਜੋ ਕਿ ਪਲਾਈਆਂ ਦਾ ਬਣਿਆ ਹੋਇਆ ਸੀ, ਦਰਵਾਜ਼ਾ ਖੋਲ੍ਹਿਆ। "ਤੁਸੀਂ ਆਪਣਾ ਸਮਾਨ ਅੰਦਰ ਰੱਖ ਲਵੋ," ਜਸਪ੍ਰੀਤ ਨੇ ਮੇਰੇ ਵਲ ਦੇਖਦਿਆਂ ਕਿਹਾ। ਮੈਂ ਆਪਣਾ ਬੈਗ ਚੁੱਕ ਕੇ ਅੰਦਰ ਪਈ ਕੁਰਸੀ ਉਤੇ ਰੱਖ ਦਿੱਤਾ। ਇਕ ਮੰਜੇ ਉਤੇ ਗੱਦਾ ਪਿਆ ਸੀ ਤੇ ਉਪਰ ਇਕ ਫੋਮ ਦੀ ਰਜਾਈ ਤੇ ਸਰ੍ਹਾਣਾ ਵੀ ਪਿਆ ਸੀ। ਕਮਰਾ ਸਾਫ ਦਿਸਦਾ ਸੀ। ਇਕ ਖੂੰਜੇ ਫ੍ਰਿਜ ਵੀ ਪਈ ਸੀ।

"ਰੋਟੀ ਪਕਾ ਲੈਂਦੇ ਹੋ?" ਉਸਨੇ ਹੱਸਦਿਆਂ ਪੁੱਛਿਆ।

"ਹਾਂ, ਆਪਣੇ ਜੋਗੀ ਤਾਂ ਪਕਾ ਹੀ ਲੈਂਦਾ ਹਾਂ।" ਮੈਂ ਵੀ ਹੱਸਦਿਆਂ ਜੁਆਬ ਦਿੱਤਾ।

"ਫਿਰ ਤਾਂ ਬਹੁਤ ਵਧੀਆ। ਰੋਟੀ ਪਕਾਉਣੀ ਹੀ ਇਥੇ ਸਭ ਤੋਂ ਵੱਡਾ ਕੰਮ ਹੈ। ਬਹੁਤ ਜੋੜਿਆਂ ਦਾ ਏਸੇ ਗੱਲ ਤੇ ਹੀ ਤਲਾਕ ਹੋ ਜਾਂਦਾ।" ਜਸਪ੍ਰੀਤ ਨੇ ਹੱਸਦਿਆਂ ਕਿਹਾ। "ਅੱਛਾ?" ਮੈਂ ਹੈਰਾਨੀ ਨਾਲ ਜਸਪ੍ਰੀਤ ਵਲ ਦੇਖਿਆ।

"ਅੱਛਾ, ਮੈਂ ਹੁਣ ਚਲਦੀ ਹਾਂ, ਚਾਚਾ ਚਾਚੀ ਜੀ, ਤਾਂ ਸ਼ਾਮੀ ਹੀ ਮਿਲਣਗੇ, ਜਦ ਤੱਕ ਤੁਸੀਂ ਅਰਾਮ ਕਰੋ।"

ਜਸਪ੍ਰੀਤ ਚਲੇ ਗਈ, ਮੈਂ ਅੰਦਰ ਮੰਜੇ ਤੇ ਡਿੱਗ ਪਿਆ।

ਕਿਸੇ ਦੀ ਆਵਾਜ਼ ਆਈ ਤਾਂ ਮੈਂ ਅਭੜਵਾਹੇ ਉਠਿਆ। ਸਾਹਮਣੇ ਧਨੀ ਰਾਮ ਹੁਰੀ ਖੜੇ ਸਨ। ਮੇਰੀ ਨਜ਼ਰ ਬਾਹਰ ਗਈ ਤਾਂ ਹਨ੍ਹੇਰਾ ਪਿਆ ਹੋਇਆ ਸੀ ਤੇ ਬੱਤੀਆਂ ਜਗ ਰਹੀਆਂ ਸਨ।

"ਨਮਸਤੇ ਬਾਊ ਜੀ।" ਮੈਂ ਹੱਥ ਜੋੜਦਿਆਂ ਖੜਾ ਹੋ ਗਿਆ।

"ਪਤਾ ਈ ਨਈ ਲੱਗਾ ਕਦੋਂ ਨੀਂਦ ਆ ਗਈ। ਮੈਂ ਡਰ ਜਿਹੇ ਨਾਲ ਕਿਹਾ।" ਸੋਚ ਰਿਹਾ ਸਾਂ ਕਿ ਜੇ ਕੋਈ ਹੋਰ ਬੰਦਾ ਇਸ ਤਰ੍ਹਾਂ ਅੰਦਰ ਆ ਵੜੇ ਤਾਂ ਕੀ ਹੋਵੇ।

"ਕੋਈ ਗੱਲ ਨਹੀਂ, ਐਡੇ ਲੰਬੇ ਸਫਰ 'ਚ ਥਕਾਵਟ ਹੋ ਜਾਂਦੀ ਹੈ। ਤੇਰੀ ਆਂਟੀ ਅਜੇ ਆਈ ਨਹੀਂ, ਜਦ ਤੱਕ ਤੂੰ ਉਧਰ ਆ ਜਾ ਆਪਾਂ ਕੰਮ ਵਾਰੇ ਕੁਝ ਸੋਚੀਏ। ਤੇਰੀ ਆਂਟੀ ਰਾਸ਼ਣ ਦਾ ਸਮਾਨ ਲੈ ਕੇ ਆਏਗੀ ਤਾਂ ਤੈਨੂੰ ਸਭ ਕੁਝ ਸਮਝਾ ਦੇਵੇਗੀ।" ਗੱਲ ਕਰਦਾ ਕਰਦਾ ਧਨੀ ਰਾਮ ਵਰਕਸ਼ਾਪ ਵਲ ਨੂੰ ਹੋ ਗਿਆ। ਮੈਂ ਵੀ ਉਸਦੇ ਮਗਰ ਹੋ ਤੁਰਿਆ। ਉਸਨੇ ਇਕ ਚਾਰ ਦਿਵਾਰੀ ਦਾ ਦਰਵਾਜ਼ਾ ਖੋਲਿਆ ਤੇ ਅੰਦਰ ਵੜ ਗਿਆ। ਉਸਦੇ ਮਗਰ ਹੀ ਮੈਂ ਵੀ ਵੜ ਗਿਆ। ਉਸਨੇ ਅੰਦਰ ਜਾ ਕੇ ਲਾਇਟ ਜਗਾਈ ਤਾਂ ਅੰਦਰ ਪਿਆ ਕਬਾੜਖਾਨਾ ਦੇਖ ਕੇ ਮੈਂ ਹੈਰਾਨ ਰਹਿ ਗਿਆ। ਉਹ ਅੰਦਰੋਂ ਕਾਫੀ ਲੰਬੀ ਚੌੜੀ ਸ਼ੈਡ ਸੀ। ਇਕ ਪਾਸੇ ਚਾਰ ਪੰਜ ਮਸ਼ੀਨਾਂ ਪਈਆਂ ਹੋਈਆਂ ਸਨ, ਤੇ ਇਕ ਪਾਸੇ ਲੱਕੜ ਦਾ ਢੇਰ ਲੱਗਾ ਪਿਆ ਸੀ। ਜੂਨ ਦਾ ਮਹੀਨਾ ਹੋਣ ਕਰਕੇ ਤੇ ਉਸ ਦਿਨ ਧੁੱਪ ਲੱਗਣ ਕਰਕੇ, ਕਬਾੜਖਾਨਾ ਸਾਂਭਦਿਆਂ ਸਾਨੂੰ ਗਰਮੀ ਆ ਗਈ। ਜਦੋਂ ਮੈਂ ਘੜੀ ਦੇਖੀ ਤਾਂ ਰਾਤ ਦੇ ਦਸ ਵਜ ਹਟੇ ਸਨ।

ਐਨੇ ਨੂੰ ਆਂਟੀ ਨੇ ਆ ਬਾਊ ਜੀ ਨੂੰ ਆਵਾਜ਼ ਦਿੱਤੀ। ਬਾਊ ਹੁਰੀਂ ਹੱਥ ਝਾੜਦੇ ਝਾੜਦੇ ਬਾਹਰ ਨੂੰ ਹੋ ਤੁਰੇ। ਮੈਂ ਵੀ ਅੰਦਰ ਖੜੇ ਰਹਿਣਾ ਠੀਕ ਨਾ ਸਮਝਿਆ ਤੇ ਬਾਊ ਜੀ ਦੇ ਪਿੱਛੇ ਪਿਛੇ ਹੀ ਵਰਕਸ਼ਾਪ 'ਚੋਂ ਬਾਹਰ ਨਿਕਲ ਆਇਆ।

"ਤੂੰ ਨਹਾ ਕੇ ਫ੍ਰੈਸ਼ ਹੋ ਕੇ ਉਧਰ ਉਸ ਕਮਰੇ 'ਚ ਆ ਜਾਵੀਂ।" ਬਾਊ ਹੁਰਾਂ ਹੱਥ ਦੇ ਇਸ਼ਾਰੇ ਨਾਲ ਦੱਸਿਆ। ਜਦ ਤੱਕ ਤੇਰੀ ਆਂਟੀ ਵੀ ਰਸੋਈ ਦਾ ਕੰਮ ਮੁਕਾ ਲਵੇਗੀ।

"ਅੱਛਾ ਜੀ" ਕਹਿ ਕੇ ਮੈਂ ਆਪਣੇ ਕਮਰੇ ਵਲ ਨੂੰ ਚਲੇ ਗਿਆ। ਬਾਊ ਹੁਰੀਂ ਆਪਣੇ ਕਮਰੇ ਵਲ ਨੂੰ ਹੋ ਤੁਰੇ। ਭੁੱਖ ਨਾਲ ਮੇਰੇ ਖੋਹ ਪੈ ਰਹੀ ਸੀ।

ਮੈਂ ਨਹਾ ਧੋ ਕੇ ਬਾਊ ਹੁਰਾਂ ਦੇ ਕਮਰੇ ਵਲ ਨੂੰ ਹੋ ਗਿਆ। ਜਦ ਮੈਂ ਦਰਵਾਜ਼ੇ 'ਚ ਪਹੁੰਚਾ ਤਾਂ ਦੇਖਿਆ ਸਾਹਮਣੇ ਇਕ ਟੇਬਲ ਦੁਆਲੇ ਪੰਜ ਛੇ ਕੁਰਸੀਆਂ ਪਈਆਂ ਸਨ। ਇਕ ਕੁਰਸੀ ਉਤੇ ਬਾਊ ਹੁਰੀਂ ਬੈਠੇ ਸ਼ਰਾਬ ਦੀ ਬੋਤਲ ਨਾਲ ਰੱਖੇ ਗਲਾਸਾਂ ਨਾਲ ਖੇਡ ਰਹੇ ਸਨ। ਮੇਰੇ ਵਲ ਦੇਖਦਿਆਂ ਉਹ ਬੋਲੇ, "ਆ ਜਾ ਆ ਜਾ ਸ਼ਰਨ ਬੇਟਾ, ਬੈਠ, ਆ ਲੈ ਕੁਰਸੀ।" ਉਨ੍ਹਾਂ



Namdhari Elibrary NamdhariElibrary@gmail.com

ਆਪਣੇ ਨਾਲ ਪਈ ਕੁਰਸੀ ਖਿੱਚ ਕੇ ਮੇਰੇ ਵਲ ਕੀਤੀ।

ਮੈਂ ਕੁਰਸੀ ਉਤੇ ਬੈਠ ਗਿਆ ਤਾਂ ਬਾਊ ਹੁਰਾਂ ਨੇ ਬੋਤਲ ਚੁੱਕੀ ਤੇ ਦੋਹਾਂ ਗਲਾਸਾਂ ਵਿਚ ਇੰਚੀ ਇੰਚੀ ਸ਼ਰਾਬ ਪਾ ਕੇ, ਇਕ ਗਲਾਸ ਮੇਰੇ ਵਲ ਖਿਸਕਾ ਦਿੱਤਾ।

"ਬਾਊ ਜੀ ਮੈਂ ਤਾਂ ਸ਼ਰਾਬ ਪੀਂਦਾ ਨਹੀਂ।" ਮੈਂ ਬਾਊ ਹੁਰਾਂ ਨੂੰ ਕਿਹਾ।

"ਸ਼ਰਨ ਪੁੱਤਰ ਪੀ ਲੈ, ਇਥੇ ਤਾਂ ਸਾਰੇ ਹੀ ਪੀਂਦੇ ਨੇ। ਤੇਰੀ ਆਂਟੀ ਵੀ ਦੋ ਪੈਗ ਮਾਰ ਲੈਂਦੀ ਹੈ। ਇਹ ਸ਼ਰਾਬ ਬਹੁਤ ਵਧੀਆ ਹੈ। ਠੰਡ ਦਾ ਕਰਕੇ ਇਥੇ ਪੀਣੀ ਹੀ ਪੈਂਦੀ ਹੈ।" ਬਾਊ ਹੁਰੀਂ ਆਪਣੇ ਵਲੋਂ ਮੈਨੂੰ ਸਮਝਾ ਰਹੇ ਸਨ। ਮੈਂ ਸੋਚਣ ਲੱਗ ਪਿਆ ਕਿ ਇੰਡੀਆ ਵਿਚ ਤਾਂ ਮਾਂ-ਬਾਪ ਬੱਚੇ ਨੂੰ ਸ਼ਰਾਬ ਪੀਣ ਤੋਂ ਮਨ੍ਹਾ ਕਰਦੇ ਹਨ ਤੇ ਉਸਦੇ ਭੈੜ ਦੱਸਦੇ ਹਨ। ਪਰ ਬਾਊ ਹੁਰੀਂ ਪੀਣ ਨੂੰ ਕਹਿੰਦੇ ਹਨ ਤੇ ਉਸਦੀਆਂ ਖੂਬੀਆਂ ਦੱਸ ਰਹੇ ਹਨ। ਉਨ੍ਹਾਂ ਗਲਾਸ ਚੁੱਕ ਕੇ ਮੇਰੇ ਹੱਥ 'ਚ ਫੜਾ ਦਿੱਤਾ। ਐਨੇ ਨੂੰ ਆਂਟੀ ਵੀ ਆਪਣਾ ਗਲਾਸ ਲੈ ਆਈ ਤੇ ਬਾਊ ਹੁਰਾਂ ਦੀ ਨਾਲ ਦੀ ਕੁਰਸੀ ਉਤੇ ਬੈਠ ਗਈ। ਅਸੀਂ ਹੌਲੀ ਹੌਲੀ ਕਰਕੇ ਉਹ ਪੀ ਗਏ। ਬਾਊ ਹੁਰਾਂ ਇਕ ਪੈਗ ਹੋਰ ਪਾ ਦਿੱਤਾ। ਆਂਟੀ ਉਠ ਕੇ ਰੋਟੀ ਦਾ ਸਮਾਨ ਰੱਖਣ ਲੱਗ ਪਈ। ਜਦੋਂ ਤੱਕ ਰੋਟੀ ਸਾਹਮਣੇ ਆਈ ਅਸੀਂ ਦੂਸਰਾ ਪੈਗ ਵੀ ਪੀ ਕੇ ਗਲਾਸ ਖਾਲੀ ਕਰ ਦਿੱਤੇ।

ਮੈਂ ਤਾਂ ਸਾਲ ਛਮਾਹੀ 'ਚ ਦੋਸਤਾਂ ਨਾਲ ਇਕ ਅੱਧਾ ਪੈਗ ਹੀ ਪੀਂਦਾ ਸਾਂ। ਅੱਜ ਦੋ ਪੈਗ ਉਹ ਵੀ ਫਟਾਫਟ ਪੀਣ ਕਰਕੇ ਮੈਨੂੰ ਪਤਾ ਨਹੀਂ ਰਿਹਾ ਕਿ ਰੋਟੀ ਠੀਕ ਤਰ੍ਹਾਂ ਖਾਧੀ ਵੀ ਕਿ ਨਹੀਂ। ਤੇ ਫਿਰ ਆਪਣੇ ਬੈੱਡ ਤੱਕ ਕਦੋਂ ਤੇ ਕਿਵੇਂ ਗਿਆ।

ਸਵੇਰੇ ਜਦੋਂ ਮੈਂ ਉਠਿਆ ਤਾਂ ਮੈਨੂੰ ਚੱਕਰ ਆ ਰਹੇ ਸਨ। ਆਂਟੀ ਹੈ ਨਹੀਂ ਸੀ, ਮੈਂ ਬਾਊ ਹੁਰਾਂ ਨੂੰ ਦੱਸਿਆ ਤਾਂ ਉਨ੍ਹਾਂ ਪਹਿਲਾਂ ਇਕ ਗਲਾਸ ਨਿੰਬੂ ਪਾਣੀ ਪਿਲਾਇਆ ਤੇ ਫਿਰ ਨਾਸ਼ਤਾ ਮੇਰੇ ਅੱਗੇ ਰੱਖ ਦਿੱਤਾ। ਮੈਨੂੰ ਦਿਨੇ ਕਰਨ ਲਈ ਕੰਮ ਵੀ ਸਮਝਾ ਦਿੱਤਾ ਤੇ ਥੋਹੜੇ ਚਿਰ ਬਾਅਦ ਉਹ ਵੀ ਚਲੇ ਗਏ।

ਅੱਜ ਸੂਰਜ ਦੇਵਤਾ ਨੇ ਵੀ ਛੁੱਟੀ ਕੀਤੀ ਹੋਈ ਸੀ। ਜਿਸ ਨਾਲ ਮੌਸਮ ਠੰਡਾ ਠੰਡਾ ਲੱਗ ਰਿਹਾ ਸੀ। ਮੈਂ ਵਰਕਸ਼ਾਪ ਦੇ ਅੰਦਰ ਵੜ ਗਿਆ ਤੇ ਆਪਣਾ ਕੰਮ ਕਰਨ ਲੱਗ ਪਿਆ। ਵਰਕਸ਼ਾਪ ਦੇ ਅੰਦਰ ਨਿੱਘ ਸੀ।

ਸਿਰ ਤਾਂ ਮੇਰਾ ਹਟ ਗਿਆ ਸੀ, ਪਰ ਭੁੱਖ ਤੇਜ ਹੋ ਗਈ ਸੀ। ਮੈਂ ਉਨ੍ਹਾਂ ਦੀ ਰਸੋਈ ਵਲ ਨੂੰ ਹੋ ਗਿਆ ਰੋਟੀ ਖਾਣ ਵਾਸਤੇ। 'ਇਹ ਕੀ ? ਇਥੇ ਤਾਂ ਤਾਲਾ ਲੱਗਾ ਹੋਇਆ।' ਕੀ ਕੀਤਾ ਜਾਏ, ਇਹ ਸੋਚਦਿਆਂ ਮੈਂ ਬਾਹਰ ਜਾਣ ਦਾ ਸੋਚਿਆ ਤੇ ਵਡੇ ਗੇਟ ਵਲ ਨੂੰ ਹੋ ਗਿਆ। ਉਸਨੂੰ ਖੋਲ੍ਹਣਾ ਚਾਹਿਆ ਤਾਂ ਉਹ ਵੀ ਚੋਰ ਤਾਲਾ ਲਾ ਕੇ ਬੰਦ ਕੀਤਾ ਹੋਇਆ ਸੀ। ਮੈਨੂੰ ਸਮਝ ਨਾ ਲੱਗੇ ਕਿ ਮੈਂ ਕੀ ਕਰਾਂ। ਪਹਿਲਾਂ ਮੈਂ ਸੋਚਿਆ ਕਿ ਗੇਟ ਦੇ ਉੱਤੋਂ ਦੀ ਚੜ੍ਹ ਕੇ ਮੈਂ ਬਾਹਰ ਚਲੇ ਜਾਵਾਂ ਤੇ ਬਜ਼ਾਰੋਂ ਕੁਝ ਖਾ ਆਵਾਂ। ਫਿਰ ਮੇਰੇ ਦਿਮਾਗ 'ਚ ਆਈ ਕਿ ਇਸ ਤਰ੍ਹਾਂ ਕਰਦਿਆਂ ਜੇ ਮੈਨੂੰ ਕਿਸੇ ਨੇ ਚੋਰ ਸਮਝ ਲਿਆ ਤਾਂ ਪੰਗਾ ਪੈ ਜਾਣਾਂ। ਡਿੱਗ ਕੇ ਸੱਟ ਵੀ ਲੱਗ ਸਕਦੀ ਹੈ, ਇਥੇ ਫਿਰ ਮੈਨੂੰ ਕੌਣ ਸਾਂਭੇਗਾ। ਇਥੇ ਤਾਂ ਕਹਿੰਦੇ ਹਨ ਦਵਾਈ ਦੇ ਪੈਸੇ ਵੀ ਬਹੁਤ ਲੱਗਦੇ ਹਨ। ਇਹ ਸਭ ਕੁਝ ਸੋਚਦਿਆਂ ਮੈਂ ਆਪਣੇ ਕਮਰੇ ਵਲ ਨੂੰ ਹੋ ਗਿਆ। ਉਥੇ ਦੋ ਤਿੰਨ ਸੇਬ ਤੇ ਕੁਝ ਕੇਲੇ ਪਏ ਸਨ, ਉਹ ਖਾ ਕੇ ਮੈਂ ਢਿੱਡ ਭਰ ਲਿਆ ਤੇ ਕੰਮ ਤੇ ਜਾ ਲੱਗਾ। ਦੋਵੇਂ ਕੁੱਤੇ ਆਪਣੀ ਥਾਂ ਤੇ ਬੈਠੇ ਮੇਰੇ ਵਲ ਦੇਖੀ ਜਾ ਰਹੇ ਸਨ। ਸਾਰੀ ਦਿਹਾੜੀ ਚਾਹ ਵੀ ਪੀਣ ਨੂੰ ਨਹੀਂ ਮਿਲੀ।

ਸ਼ਾਮ ਦਾ ਹਨੇਰਾ ਹੋਣ ਲੱਗ ਪਿਆ ਸੀ। ਮੈਂ ਘੜੀ ਦੇਖੀ ਤਾਂ ਅੱਠ ਵੱਜ ਹਟੇ ਸਨ। ਅਚਾਨਕ ਦੋਵੇਂ ਕੁੱਤੇ ਭੌਂਕਣ ਲੱਗ ਪਏ। ਮੈਨੂੰ ਸਮਝ ਨਾ ਪਵੇ ਕਿ ਇਨ੍ਹਾਂ ਨੂੰ ਕੀ ਦਿਸਿਆ, ਇਹ ਕਿਉਂ ਭੌਂਕਣ ਲੱਗ ਪਏ ਹਨ। ਐਨੇ ਨੂੰ ਬਾਹਰਲਾ ਗੇਟ ਖੁੱਲਿਆ, ਬਾਊ ਹੁਰਾਂ ਦੀ ਗੱਡੀ ਅੰਦਰ ਲੰਘੀ। ਕੁੱਤੇ ਭੌਂਕਣੋ ਹੱਟ ਗਏ। ਬਾਊ ਹੁਰਾਂ ਗੱਡੀ ਅੰਦਰ ਕਰਕੇ ਗੇਟ ਲਾ ਦਿੱਤਾ। ਬਾਊ ਹੁਰੀਂ ਗਡੀ ਗੈਰਜ ਵਿਚ ਖੜੀ ਕਰਕੇ ਮੇਰੇ ਵਲ ਨੂੰ ਆ ਗਏ।

"ਹਾਂ ਸ਼ਰਣ ਬੇਟੇ ਕੀ ਹਾਲ ਹੈ?" ਉਨ੍ਹਾਂ ਦੂਰੋਂ ਹੀ ਮੇਰੇ ਵਲ ਦੇਖਦਿਆਂ ਪੁੱਛਿਆ।

"ਠੀਕ ਹੈ ਬਾਊ ਜੀ।" ਮੈਂ ਇੰਨਾ ਹੀ ਕਿਹਾ।

"ਕੀ ਕੀਤਾ ਫਿਰ ਅੱਜ ਸਾਰੀ ਦਿਹਾੜੀ?" ਉਨ੍ਹਾਂ ਕੰਮ ਵਾਰੇ ਪੁੱਛਿਆ, ਰੋਟੀ ਦੀ ਉਨ੍ਹਾਂ ਨੂੰ ਫਿਕਰ ਨਹੀਂ ਸੀ ਕਿ ਮੈਨੂੰ ਅੱਜ ਮਿਲੀ ਜਾਂ ਨਹੀਂ। ਉਹ ਵਰਕਸ਼ਾਪ ਅੰਦਰ ਦਾਖਲ ਹੋ ਗਏ। ਉਨ੍ਹਾਂ ਕੰਮ ਦੇਖਿਆ ਤੇ ਆਪਣੇ ਕਮਰੇ ਵਲ ਨੂੰ ਹੋ ਤੁਰੇ। ਮੈਂ ਵੀ ਮਗਰੇ ਹੋ ਤੁਰਿਆ। "ਅੱਜ ਤੁਸੀਂ ਰਸੋਈ ਨੂੰ ਤਾਲਾ ਲਾ ਗਏ। ਰੋਟੀ ਤੋਂ ਭੁੱਖਾ ਹੀ ਰਹਿ ਗਿਆ" ਉਹਨਾਂ ਹੈਰਾਨੀ ਨਾਲ ਮੇਰੇ ਵਲ ਦੇਖਿਆ।

"ਅੱਛਾ? ਅਸਲ ਵਿਚ ਰੋਜ਼ ਹੀ ਸਾਰੇ ਤਾਲੇ ਲਾ ਕੇ ਜਾਈਦਾ, ਪਹਿਲਾਂ ਚੌਕੀਦਾਰ ਹੁੰਦਾ ਸੀ ਉਹ ਆਪਣੀ ਰੋਟੀ ਆਪਣੀ ਮਰਜ਼ੀ ਨਾਲ ਬਣਾ ਲੈਂਦਾ ਸੀ ਤੇ ਜਦੋਂ ਦਿਲ ਕਰਦਾ ਸੀ ਖਾ ਲੈਂਦਾ ਸੀ। ਉਸਦੇ ਭੁਲੇਖੇ ਹੀ ਅਸੀਂ ਅੱਜ ਵੀ ਤਾਲਾ ਲਾ ਗਏ। ਤੇਰਾ ਯਾਦ ਹੀ ਨਹੀਂ ਰਿਹਾ। ਖੈਰ! ਤੂੰ ਵੀ ਇਸ ਤਰ੍ਹਾਂ ਕਰ, ਉਸੇ ਚੌਕੀਦਾਰ ਦੀ ਤਰ੍ਹਾਂ ਰੋਟੀ ਦਾ ਸਮਾਨ ਆਪਣੇ ਕਮਰੇ 'ਚ ਹੀ ਰੱਖ ਲੈ। ਜਦੋਂ ਦਿਲ ਕੀਤਾ ਬਣਾ ਲਈ ਤੇ ਖਾ ਲਈ ਕਿਸੇ ਵਲ ਦੇਖਣ ਦੀ ਲੋੜ ਹੀ ਨਹੀਂ।" ਕਹਿੰਦਿਆਂ ਕਹਿੰਦਿਆਂ ਬਾਊ ਹੁਰਾਂ ਨੇ ਰੋਟੀ ਦਾ ਸਾਰਾ ਸਮਾਨ ਜੋ ਲਿਆ ਕੇ ਰੱਖਿਆ ਹੋਇਆ ਸੀ, ਅਲਮਾਰੀ 'ਚੋਂ ਕੱਢ ਕੇ ਮੇਰੇ ਅੱਗੇ ਰੱਖ ਦਿੱਤਾ।

ਮੈਂ ਸਾਰਾ ਸਮਾਨ ਚੁੱਕਿਆ ਤੇ ਆਪਣੇ ਕਮਰੇ 'ਚ ਲੈ


Namdhari Elibrary NamdhariElibrary@gmail.com

ਗਿਆ। ਗੁਜ਼ਾਰੇ ਜੋਗੇ ਭਾਂਡੇ ਵੀ ਉਨ੍ਹਾਂ ਮੈਨੂੰ ਦੇ ਦਿੱਤੇ। ਗੈਸ ਵਗੈਰਾ ਤਾਂ ਪਹਿਲਾਂ ਹੀ ਕਮਰੇ 'ਚ ਪਿਆ ਸੀ। ਦੂਸਰੇ ਦਿਨ ਤੋਂ ਹੀ ਮੈਂ ਸਵੇਰੇ ਉਠ ਕੇ ਪਹਿਲਾਂ ਰੋਟੀ ਬਣਾਉਣੀ ਤੇ ਫਿਰ ਨਹਾ ਕੇ ਚਾਹ ਬਣਾ ਕੇ, ਰੋਟੀ ਖਾ ਕੇ ਕੰਮ ਉਤੇ ਲੱਗ ਜਾਣਾ। ਬਾਊ ਹੁਰੀਂ ਸ਼ਾਮ ਨੂੰ ਆ ਕੇ ਕੰਮ ਦੇਖਦੇ ਦੇਖਦੇ ੮-੯ ਬਜਾ ਦਿੰਦੇ। ਹੌਲੀ ਹੌਲੀ ਪੰਜ ਮਹੀਨੇ ਨਿਕਲ ਗਏ। ਇਕ ਦਿਨ ਬਾਊ ਹੁਰਾਂ ਨੇ ਮੈਨੂੰ ਦੁਬਾਰਾ ਅਪਲਾਈ ਕਰਨ ਲਈ ਪੇਪਰ ਵੀ ਲਿਆ ਦਿੱਤੇ। ਮੈਂ ਛੁੱਟੀ ਆ ਗਿਆ।

ਤਿੰਨ ਮਹੀਨੇ ਫਿਰ ਤੁਰ ਕੇ ਮੈਂ ਫਿਰ ਵੀਜ਼ੇ ਲਈ ਅਪਲਾਈ ਕਰ ਦਿੱਤਾ। ਮੈਨੂੰ ਦੋ ਸਾਲ ਦਾ ਹੀ ਵੀਜ਼ਾ ਮਿਲ ਗਿਆ। ਵੀਜ਼ਾ ਮਿਲਣ ਤੋਂ ਦਸ ਕੁ ਦਿਨ ਬਾਅਦ ਹੀ ਮੈਨੂੰ ਟਿਕਟ ਵੀ ਮਿਲ ਗਈ। ਇਹ ਗੱਲ ਸਾਡੇ 'ਚ ਪਹਿਲਾਂ ਹੀ ਪੱਕੀ ਹੋ ਗਈ ਸੀ ਕਿ ਤਨਖਾਹ ਦੇ ਨਾਲ ਵੀਜ਼ੇ ਅਤੇ ਟਿਕਟ ਦਾ ਖਰਚ ਵੀ ਬਾਊ ਹੁਰੀਂ ਹੀ ਦੇਣਗੇ ਤੇ ਰੋਟੀ ਦਾ ਖਰਚਾ ਵੀ।

ਹੁਣ ਜਦੋਂ ਮੈਂ ਵਾਪਸ ਪਹੁੰਚਾ ਤਾਂ ਘਰ ਦਾ ਰੰਗ ਢੰਗ ਕੁਝ ਬਦਲਿਆ ਬਦਲਿਆ ਲੱਗਾ। ਪਹਿਲਾਂ ਰਾਸ਼ਣ ਖੁੱਲਾ ਹੁੰਦਾ ਸੀ, ਹਫਤੇ ਦੇ ਰਾਸ਼ਣ ਨਾਲ ੧੦-੧੨ ਦਿਨ ਲੰਘ ਜਾਂਦੇ ਸਨ। ਪਰ ਐਤਕੀ ਤਾਂ ਪਹਿਲੇ ਹਫਤੇ, ਹਫਤਾ ਵੀ ਨਹੀਂ ਲੰਘਿਆ। ਅਗਲੇ ਦੋ ਹਫਤੇ ਵੀ ਖਿੱਚ ਧੂ ਕੇ ਹੀ ਨਿਕਲੇ। ਮੈਂ ਬਾਊ ਹੁਰਾਂ ਨੂੰ ਇਸ ਬਾਰੇ ਕਿਹਾ ਤਾਂ ਉਨ੍ਹਾਂ ਜੁਆਬ ਤਾਂ ਕੋਈ ਨਾ ਦਿੱਤਾ, ਪਰ ਅਗਲੇ ਹਫਤੇ ਤੋਂ ਰਾਸ਼ਣ ਪੂਰਾ ਹੋਣ ਲੱਗ ਪਿਆ। ਮੈਨੂੰ ਕੋਈ ਮਿਲਣ ਵਾਲਾ ਘੱਟ ਹੀ ਆਉਂਦਾ ਸੀ।

ਹੁਣ ਬਾਊ ਹੁਰੀ ਦੇਰ ਰਾਤ ਤੱਕ ਮੈਨੂੰ ਕੰਮ ਵਿਚ ਉਲਝਾਈ ਰੱਖਦੇ ਤੇ ਕਈ ਵਾਰ ਤੜਕੇ ਹੀ ਅਵਾਜ਼ਾਂ ਦੇਣ ਲੱਗ ਪੈਂਦੇ। ਭਾਵੇਂ ਕਿ ਦੂਸਰੇ ਕਾਮੇ ਆਪਣੇ ਟਾਈਮ ਨਾਲ ਦਿਨ ਚੜ੍ਹੇ ਆਉਂਦੇ ਤੇ ਸ਼ਾਮ ਨੂੰ ਵੀ ਆਪਣੇ ਸਮੇਂ ਅਨੁਸਾਰ ਚਲੇ ਜਾਂਦੇ। ਮੈਨੂੰ ਆਪਣੇ ਲਈ ਕਿਸੇ ਵੀ ਚੀਜ਼ ਦੀ ਜ਼ਰੂਰਤ ਪੈਂਦੀ ਤਾਂ ਬਾਊ ਹੁਰਾਂ ਨੂੰ ਹੀ ਦੱਸਣਾ ਪੈਂਦਾ। ਉਹ ਹੀ ਮੈਨੂੰ ਉਹ ਚੀਜ਼ ਲਿਆ ਦਿੰਦੇ ਤੇ ਪੈਸੇ ਮੇਰੀ ਤਨਖਾਹ ਵਿਚੋਂ ਕੱਟ ਲੈਂਦੇ, ਪਰ ਮੈਨੂੰ ਬਜ਼ਾਰ ਨਾ ਜਾਣ ਦਿੰਦੇ। ਕਿਉਂਕਿ ਬਜ਼ਾਰ ਜਾਣ ਦਾ ਮਤਲਬ ਸੀ ਦੋ ਤਿੰਨ ਘੰਟੇ ਖਰਾਬ ਹੋ ਜਾਣੇ। ਮੈਨੂੰ ਛੁੱਟੀ ਵੀ ਕੋਈ ਨਾ ਕਰਨ ਦਿੰਦੇ। ਕਹਿ ਦਿੰਦੇ "ਤੂੰ ਛੁੱਟੀ ਕਾਹਦੇ ਲਈ ਕਰਨੀ ਹੈ? ਬਜ਼ਾਰ ਜਾਏਂਗਾ, ਐਵੇਂ ਭਾੜੇ ਦੇ ਪੈਸੇ ਖਰਚੇਗਾ, ਪਹਿਲਾਂ ਦੋ ਮੀਲ ਤੁਰਕੇ ਜਾਣਾ ਪਏਗਾ, ਟਾਈਮ ਖਰਾਬ ਕਰੇਗਾ। ਉਹੀ ਤੂੰ ਅਰਾਮ ਨਾਲ ਕੰਮ ਕਰੀ ਜਾਹ, ਤੇਰੇ ਲੋੜ ਦਾ ਸਮਾਨ ਅਸੀਂ ਤੈਨੂੰ ਲਿਆ ਹੀ ਦਿੰਦੇ ਹਾਂ।"

ਇਸ ਤਰ੍ਹਾਂ ਦੀਆਂ ਗੱਲਾਂ ਕਰਕੇ ਉਹ ਮੈਨੂੰ ਰੋਕ ਲੈਂਦੇ। ਫਿਰ ਮੈਨੂੰ ਇਹ ਵੀ ਪਤਾ ਨਹੀਂ ਸੀ ਕਿ ਕਿਹੜਾ ਬਜ਼ਾਰ ਕਿਹੜੇ ਪਾਸੇ ਹੈ। ਜ਼ੋਰ ਪਾ ਕੇ ਤਾਂ ਮੈਂ ਕਹਿ ਨਹੀਂ ਸੀ ਸਕਦਾ। ਸੋ ਮੈਂ ਮਨ ਮਸੋਸ ਕੇ ਰਹਿ ਜਾਂਦਾ।

"ਹੌਲੀ ਹੌਲੀ ਉਨ੍ਹਾਂ ਨੇ ਮੈਨੂੰ ਸ਼ਰਾਬ ਪੀਣ ਦੀ ਆਦਤ ਵੀ ਪਾ ਦਿੱਤੀ। ਪਹਿਲਾਂ ਪਹਿਲਾਂ ਤਾਂ ਉਹ ਵਧੀਆ ਵਧੀਆ ਸ਼ਰਾਬ ਲੈ ਕੇ ਆਉਂਦੇ ਸਨ, ਜੋ ਉਹ ਆਪ ਪੀਂਦੇ ਸਨ। ਉਹ ਬੋਤਲ ੨੫-੩੦ ਪਾਊਂਡ ਦੀ ਆਉਂਦੀ ਸੀ। ਹੁਣ ਉਨ੍ਹਾਂ ਨੇ ਇਕ ਦਿਨ ਮੈਨੂੰ ਸ਼ਰਾਬ ਦੀ ਇਕ ਬੋਤਲ ਦਿੱਤੀ ਤੇ ਕਿਹਾ, 'ਜਾਹ ਹੁਣ ਤੂੰ ਆਪਣੇ ਕਮਰੇ 'ਚ ਹੀ ਬੈਠ ਕੇ ਪੀ ਲਿਆ ਕਰ, ਰੋਟੀ ਤਾਂ ਤੂੰ ਉਥੇ ਹੀ ਖਾਣੀ ਹੁੰਦੀ ਹੈ। ਇਥੇ ਕਈ ਵਾਰ ਕੋਈ ਹੋਰ ਬੰਦਾ ਆ ਜਾਂਦਾ ਹੈ, ਫਿਰ ਚੰਗਾ ਨਹੀਂ ਲੱਗਦਾ।" ਮੈਂ ਬੋਤਲ ਆਪਣੇ ਕਮਰੇ ਵਿਚ ਲੈ ਗਿਆ। ਉਹ ਸ਼ਰਾਬ ਪੀਤੀ ਤਾਂ ਹੋਰ ਤਰ੍ਹਾਂ ਦੀ ਲੱਗੀ। ਮੈਨੂੰ ਲੱਗਾ ਕਿ ਉਹ ਕੋਈ ਘਟੀਆ ਜਿਹੀ ਸ਼ਰਾਬ ਸੀ। ਮੈਂ ਬਾਊ ਹੁਰਾਂ ਨੂੰ ਕਿਹਾ ਤਾਂ ਕਹਿਣ ਲੱਗੇ ਕਿ ਮਹਿੰਗੀ ਸ਼ਰਾਬ ਪੀਣ ਦਾ ਕੀ ਫਾਇਦਾ। ਉਹ ਤਾਂ ਠੰਡ ਵੀ ਚੰਗੀ ਤਰ੍ਹਾਂ ਦੂਰ ਨਹੀਂ ਕਰਦੀ। ਨਾਲੇ ਖਰਚਾ ਉਨ੍ਹਾਂ ਹੀ ਕਰਨਾ ਚਾਹੀਦਾ ਜਿਨ੍ਹਾਂ ਜੇਬ ਸਹਿ ਲਵੇ। ਹੌਲੀ ਹੌਲੀ ਪੰਜ ਮਹੀਨੇ ਫਿਰ ਲੰਘ ਗਏ। ਇਕ ਦਿਨ ਬਾਊ ਹੁਰੀਂ ਹੈ ਨਹੀਂ ਸਨ, ਆਂਟੀ ਮੈਨੂੰ ਆਪਣੇ ਨਾਲ ਲੈ ਗਈ ਮਾਰਕਿਟ ਤੋਂ ਰਾਸ਼ਣ ਤੇ ਹੋਰ ਸਮਾਨ ਲਿਆਉਣ ਵਾਸਤੇ। ਉਥੋਂ ਮੈਂ ਵੀ ਕੁਝ ਸਮਾਨ ਆਪਣੇ ਲਈ ਲੈ ਲਿਆ ਘਰ ਲੈ ਜਾਣ ਵਾਸਤੇ। ਆਂਟੀ ਪੈਸੇ ਦੇਣ ਲੱਗੀ ਬਹੁਤ ਔਖੀ ਹੋ ਗਈ। ਬੇਸ਼ਕ ਉਨ੍ਹਾਂ ਉਹ ਪੈਸੇ ਮੇਰੀ ਤਨਖਾਹ ਵਿਚੋਂ ਕੱਟ ਲੈਣੇ ਸਨ।

ਮਹੀਨਾ ਘਰ ਰਹਿ ਕੇ ਜਦੋਂ ਮੈਂ ਤੀਜੀ ਵਾਰ ਵਾਪਸ ਪਹੁੰਚਾ ਤਾਂ ਐਤਕੀਂ ਭਾਰੇ ਕੰਮ ਵਾਸਤੇ ਕੋਈ ਹੈਲਪਰ ਵੀ ਨਾ ਮਿਲਿਆ। ਇਕ ਕਮਰਾ ਢਾਅ ਕੇ ਬਣਾਉਣਾ ਸੀ, ਉਹ ਮੈਨੂੰ 'ਕੱਲੇ ਨੂੰ ਹੀ ਢਾਉਣਾ ਪਿਆ। ਮੈਂ ਜਦੋਂ ਵੀ ਬਾਊ ਹੁਰਾਂ ਨਾਲ ਹੈਲਪਰ ਲਈ ਗੱਲ ਕਰਦਾ ਤਾਂ ਉਹ ਅਗੋਂ ਕੋਈ ਨਾ ਕੋਈ ਬਹਾਨਾ ਬਣਾ ਲੈਂਦੇ।

"ਤੇਰੇ ਵਰਗੇ ਜੁਆਨ ਮੁੰਡੇ ਨੂੰ ਇਹ ਕੋਈ ਕੰਮ ਐ, ਕੀ ਕਰਨਾ ਹੈਲਪਰ? ਤੂੰ ਹੌਲੀ ਹੌਲੀ ਕਰੀ ਜਾ, ਪਰ ਆਹ ਕੰਧ ਢਾ ਕੇ ਮਲਵਾ ਅੱਜ ਚੱਕ ਦੇਵੀਂ।" ਉਹ ਹੌਲੀ ਜਿਹੇ ਆਪਣਾ ਕੰਮ ਵੀ ਗਿਣਾ ਦਿੰਦੇ। ਮੈਨੂੰ ਪਤਾ ਲੱਗ ਗਿਆ ਕਿ ਉਨ੍ਹਾਂ ਕੋਈ ਹੈਲਪਰ ਨਹੀਂ ਲਿਆਉਣਾ, ਸਾਰਾ ਕੰਮ ਮੈਨੂੰ ਇਕੱਲੇ ਨੂੰ ਹੀ ਕਰਨਾ ਪੈਣਾ। ਮੈਂ ਜਿਹੜੀਆਂ ਚਾਰ ਇੱਟਾਂ ਉਦੇੜਦਾ, ਉਨ੍ਹਾਂ ਨੂੰ ਨਾਲ ਹੀ ਟਿਕਾਣੇ ਰੱਖ ਦਿੰਦਾ। ਸ਼ਾਮ ਨੂੰ ਬਾਊ ਹੁਰੀਂ ਕੰਮ ਮੁੱਕਾ ਨਾ ਦੇਖਦੇ ਤੇ ਕੁੜ੍ਹਦੇ। ਮੈਂ ਦੋਂਹ ਬੰਦਿਆਂ ਦਾ ਕੰਮ ਥੋੜੀ ਕਰ ਲੈਣਾ ਸੀ?

ਇਕ ਦਿਨ ਕੰਮ ਕਰਦਿਆਂ ਮੇਰੇ ਖੱਬੇ ਹੱਥ ਦੇ ਅੰਗੂਠੇ ਵਿਚ ਕਟਰ ਫਿਰ ਗਿਆ ਉਸਨੇ ਅੰਗੂਠੇ ਵਿਚ ਤਕਰੀਬਨ


Namdhari Elibrary NamdhariElibrary@gmail.com

ਅੱਧਾ ਇੰਚ" ਲੰਬਾ ਕੱਟ ਕਰ ਦਿੱਤਾ। ਉਸ ਵੇਲੇ ਉਥੇ ਮੈਂ ਇਕੱਲਾ ਹੀ ਸਾਂ। ਅੰਗੂਠੇ 'ਚੋਂ ਖੂਨ ਨਿਕਲਣਾ ਬੰਦ ਨਾ ਹੋਵੇ, ਮੈਂ ਘਬਰਾ ਗਿਆ। ਕਈ ਚਿਰ ਸੋਚਦਾ ਰਿਹਾ ਕਿ ਕਿਵੇਂ ਖੂਨ ਵਗਣੋਂ ਬੰਦ ਕਰਾਂ। ਕੁਦਰਤੀ ਬਾਹਰ ਦੇਖਿਆ ਤਾਂ ਹਲਕੀ ਹਲਕੀ ਬਰਫ ਪੈਣ ਲੱਗ ਪਈ ਸੀ। ਮੈਂ ਵਰਕਸ਼ਾਪ ਤੋਂ ਬਾਹਰ ਆ ਕੇ, ਪੱਧਰੇ ਥਾਂ ਤੋਂ ਥੋਹੜੀ ਬਰਫ ਇਕੱਠੀ ਕਰਕੇ ਅੰਗੂਠੇ ਉਤੇ ਰਖ ਦਿੱਤੀ। ਦਸਾਂ ਕੁ ਮਿੰਟਾਂ ਬਾਅਦ ਮੈਨੂੰ ਲੱਗਾ ਜਿਵੇਂ ਅੰਗੂਠਾ ਸੁੰਨ ਹੋ ਗਿਆ ਹੋਵੇ ਤੇ ਖੂਨ ਬੰਦ। ਫਿਰ ਮੈਂ ਬਾਊ ਜੀ ਨੂੰ ਫੋਨ ਕਰਕੇ ਦੱਸਿਆ ਕਿ ਮੇਰੇ ਇਸ ਤਰ੍ਹਾਂ ਸੱਟ ਲੱਗ ਗਈ ਹੈ, ਇਥੇ ਕਿਤੇ ਦੁਆਈ ਵੀ ਨਹੀਂ ਦਿਸ ਰਹੀ ਤੇ ਖੂਨ ਬੰਦ ਨਹੀਂ ਹੋ ਰਿਹਾ। ਤੁਸੀਂ ਮੈਨੂੰ ਦੁਆਈ ਲਿਆ ਦਿਉ।

"ਤੂੰ ਜੁਆਨ ਮੁੰਡਾ, ਏਦਾ ਦੀਆਂ ਥੋਹੜੀਆਂ ਬਹੁਤੀਆਂ ਤਾਂ ਲੱਗਦੀਆਂ ਰਹਿੰਦੀਆਂ ਨੇ ਤੂੰ ਕਪੜਾ ਬੰਨ ਬੁੰਨ ਕੇ ਸਾਰ ਲੈ ਮੈਂ ਦੁਆਈ ਲਿਆ ਦਿਆਂਗਾ" ਤੇ ਉਨ੍ਹਾਂ ਫੋਨ ਬੰਦ ਕਰ ਦਿੱਤਾ। ਮੈਂ ਹੋਰ ਬਰਫ ਇਕੱਠੀ ਕਰਕੇ ਅੰਗੂਠੇ ਉਤੇ ਬੰਨ ਲਈ ਤੇ ਵਰਕਸ਼ਾਪ ਅੰਦਰ ਜਾ ਕੇ ਬੈਠ ਗਿਆ। ਇਕ ਹੱਥ ਨਾਲ ਤਾਂ ਕੋਈ ਕੰਮ ਹੋਣਾ ਨਹੀਂ ਸੀ।

ਮੈਂ ਅਜੇ ਸੋਚ ਹੀ ਰਿਹਾ ਸੀ ਕਿ ਕੀ ਕਰਾਂ, ਜਦ ਨੂੰ ਬਾਊ ਹੁਰਾਂ ਦਾ ਫੋਨ ਆ ਗਿਆ। "ਸ਼ਰਨ ਪੁੱਤਰ ਕੀ ਕਰ ਰਿਹਾ, ਬੈਠ ਨਾ ਜਾਈ, ਸਵੇਰੇ ਜੋ ਕੰਮ ਤੈਨੂੰ ਦਿੱਤਾ ਸੀ ਉਹ ਬਹੁਤ ਜ਼ਰੂਰੀ ਹੈ, ਗਾਹਕ ਨੇ ਕਲ ਉਹ ਲੈ ਕੇ ਜਾਣਾ ਸਾਰਾ ਸਮਾਨ, ਉਹ ਤਿਆਰ ਕਰ ਛੱਡੀਂ।" ਮੇਰੇ ਜੁਆਬ ਦੇਣ ਤੋਂ ਪਹਿਲਾਂ ਹੀ ਬਾਊ ਨੇ ਫੋਨ ਬੰਦ ਕਰ ਦਿੱਤਾ। ਵਿਹਲਾ ਤਾਂ ਮੈਥੋਂ ਵੀ ਬੈਠ ਨਹੀਂ ਸੀ ਹੋਣਾ, ਕੁਝ ਨਾ ਕੁਝ ਕਰਦਾ ਹੀ। ਪਰ ਬਾਊ ਦੀ ਗੱਲ ਸੁਣ ਕੇ ਮੈਨੂੰ ਗੁੱਸਾ ਬਹੁਤ ਆਇਆ, ਪਈ ਉਸਨੂੰ ਮੇਰੇ ਅੰਗੂਠੇ ਵੱਢੇ ਦੀ ਜ਼ਰਾ ਵੀ ਚਿੰਤਾ ਨਹੀਂ ਹੋਈ, ਦੁਆਈ ਦੀ ਉਸ ਕੋਈ ਗੱਲ ਨਹੀਂ ਕੀਤੀ, ਆਪਣੇ ਕੰਮ ਦੀ ਯਾਦ ਕਰਾ ਦਿੱਤੀ। ਮੈਂ ਹੌਲੀ ਹੌਲੀ ਲੱਗਾ ਰਿਹਾ, ਖੂਨ ਨਾਲ ਉਹ ਸ਼ੋਅ ਪੀਸ ਵੀ ਲਿਬੜ ਗਿਆ।

ਸ਼ਾਮੀ ਅੱਠ ਵਜੇ ਨਾਲ ਬਾਊ ਹੁਰੀਂ ਆਏ ਤੇ ਸਿਧੀ ਗੱਡੀ ਵਰਕਸ਼ਾਪ ਅੱਗੇ ਲਿਆ ਖੜੀ ਕੀਤੀ। "ਹਾਂ ਸ਼ਰਨ, ਹੋ ਗਿਆ ਸਮਾਨ ਤਿਆਰ, ਰੱਖਦੇ ਗੱਡੀ ਵਿਚ, ਕਹਿੰਦਿਆਂ ਉਹ ਵਰਕਸ਼ਾਪ ਵਿਚ ਦਾਖਲ ਹੋਏ। ਮੇਰੇ ਹੱਥ ਦੀ ਪੱਟੀ ਖੂਨ ਨਾਲ ਭਰੀ ਪਈ ਸੀ ਤੇ ਉਸ ਨੇ ਮੇਰੇ ਹੱਥ ਵਿਚਲਾ ਪੀਸ ਵੀ ਕਿਤੋਂ ਕਿਤੋਂ ਲਬੇੜ ਦਿੱਤਾ ਸੀ।

"ਸ਼ਰਨ ਆ ਕੀ ਕੀਤਾ, ਸਾਰਾ ਪੀਸ ਈ ਰੱਦੀ ਕਰ ਦਿੱਤਾ।" ਬਾਊ ਹੁਰੀਂ ਬੜੇ ਔਖੇ ਹੋ ਕੇ ਮੇਰੇ ਵਲ ਦੇਖਦੇ ਹੋਏ ਬੋਲੇ।

"ਦਸੋ ਮੈਂ ਕੀ ਕਰਾਂ, ਖੂਨ ਬੰਦ ਹੀ ਨਹੀਂ ਹੋਣ ਡਿਹਾ, ਨਾ ਇਥੇ ਦਵਾਈ ਹੈ ਤੇ ਨਾ ਹੀ ਪੱਟੀ। ਤੁਸੀਂ ਦੁਆਈ ਲੈ ਕੇ ਆਏ ਹੋ?" ਮੈਂ ਵੀ ਉਸੇ ਰੋ 'ਚ ਬਾਊ ਨੂੰ ਪੁੱਛਿਆ।

'ਏਥੇ ਮਰਨ ਦਾ ਵਿਹਲ ਨਹੀਂ ਤੈਨੂੰ ਦੁਆਈ ਦੀ ਪਈ ਆ," ਬਾਊ ਪੈਰ ਪਟਕਦਾ ਵਰਕਸ਼ਾਪ 'ਚੋਂ ਬਾਹਰ ਹੋ ਗਿਆ। ਗੁੱਸੇ 'ਚ ਮੈਂ ਵੀ ਬੈਠ ਗਿਆ। ਕੋਈ ਅੱਧੇ ਘੰਟੇ ਬਾਅਦ ਬਾਊ ਇਕ ਹੱਥ ਵਿਚ ਪਲਾਸਟਿਕ ਦਾ ਡੱਬਾ ਫੜੀ ਤੇ ਦੂਜੇ ਹੱਥ ਵਿਚ ਚਾਹ ਦਾ ਕੱਪ ਫੜੀ, ਚਾਹ ਪੀਂਦਾ ਤੁਰਿਆ ਆਵੇ।

"ਕੀ ਗੱਲ ਬੈਠ ਗਿਆ?" ਉਸਨੇ ਬਾਹਰੋਂ ਹੀ ਆਵਾਜ਼ ਦਿੱਤੀ।

'ਹੁਣ ਪੱਟੀ ਬਦਲ ਹੋਊ ਤਦ ਹੀ ਹੈ। ਨਹੀਂ ਤਾਂ ਸਭ ਕੁਝ ਲਿਬੜ ਜਾਊ।" ਬਾਊ ਨੇ ਫਟਾਫਟ ਚਾਹ ਦੇ ਦੋ ਤਿੰਨ ਘੁਟ ਭਰੇ ਤੇ ਕੱਪ ਇਕ ਪਾਸੇ ਰੱਖ ਕੇ, ਮੇਰੇ ਕੋਲ ਬੈਠ ਗਿਆ। "ਲੈ ਫੜ ਪੱਟੀ ਬਦਲੀ ਕਰ ਲੈ।" ਉਸਨੇ ਪਲਾਸਟਿਕ ਦਾ ਡੱਬਾ ਮੇਰੇ ਅੱਗੇ ਰੱਖਦਿਆਂ ਕਿਹਾ। ਮੈਂ ਡੱਬਾ ਪੈਰਾਂ ਨਾਲ ਫੜ ਕੇ ਖੋਲਿਆ ਤਾਂ ਉਸ ਵਿਚ ਇਕ ਰੋਲ ਪੱਟੀ ਤੇ ਚਿਟਾ ਜਿਹਾ ਪਾਊਡਰ ਸੀ ਜਿਵੇਂ ਚਾਕ ਮਿਟੀ ਹੋਵੇ। "ਇਹ ਕੀ ਹੈ?" ਮੈਂ ਪੁੱਛਿਆ। "ਇਹ ਦੁਆਈ ਹੈ, ਚੁਟਕੀ ਭਰ ਕੇ ਅੰਗੂਠੇ ਉਤੇ ਰੱਖ ਕੇ ਬੰਨ ਲੈ ਠੀਕ ਹੋ ਜਾਊ, ਹਸਪਤਾਲ ਗਏ ਤਾਂ ਸੌ ਪੌਂਡ ਐਵੇਂ ਲੱਗ ਜਾਣਾ, ਮਾੜੀ ਜਿਹੀ ਗੱਲ ਤੋਂ। ਧਿਆਨ ਨਾਲ ਕੰਮ ਕਰਿਆ ਕਰ। ਕਿੰਨਾ ਟਾਇਮ ਵੇਸਟ ਹੋ ਗਿਆ। ਕੰਮ ਕੋਈ ਹੋਇਆ ਦੀਂਹਦਾ ਨਈਂ।"

ਉਸ ਦੀ ਗੱਲ ਸੁਣ ਕੇ ਮੈਨੂੰ ਬਹੁਤ ਗੁੱਸਾ ਆਇਆ ਕਿ ਇਸ ਨੇ ਇਕ ਵਾਰ ਵੀ ਮੇਰੀ ਸੱਟ ਦਾ ਫਿਕਰ ਨਹੀਂ ਕੀਤਾ, ਆਪਣੇ ਕੰਮ ਨੂੰ ਰੋਈ ਜਾ ਰਿਹਾ, ਦਿਲ ਕੀਤਾ ਕਿ ਕੁਝ ਚੁੱਕ ਕੇ ਉਸਦੇ ਸਿਰ ਵਿਚ ਦੇ ਮਾਰਾਂ। ਦਿਲ ਵਿਚ ਉਸ ਵੇਲੇ ਫੈਸਲਾ ਕਰ ਲਿਆ ਕਿ ਹੁਣ ਗਏ ਨੇ ਵਾਪਸ ਨਹੀਂ ਆਉਣਾ।

ਦੋ ਦਿਨ 'ਚ ਉਹ ਪਾਊਡਰ ਵੀ ਮੁੱਕ ਗਿਆ, ਮੁੜ ਕੇ ਨਾ ਪਾਊਡਰ ਮਿਲਿਆ ਨਾ ਪੱਟੀ, ਦੁਆਈ ਤਾਂ ਕੀ ਮਿਲਣੀ ਸੀ। ਕੰਮ ਉਸ ਨੇ ਢੇਰ ਲਾ ਦੇਣਾ ਮੇਰੇ ਅੱਗੇ।

ਛੋਟੇ ਹੁੰਦਿਆਂ ਕਦੇ ਸੱਟ ਸੁਟ ਲੱਗ ਜਾਣੀ ਤਾਂ ਉਸ ਉਤੇ ਪਿਸ਼ਾਬ ਕਰ ਲੈਣਾ, ਅਰਾਮ ਆ ਜਾਣਾ। ਇਥੇ ਵਲੈਤ ਵਿਚ ਆ ਕੇ ਵੀ ਉਹੋ ਫਾਰਮੂਲਾ ਵਰਤਣਾ ਪਿਆ। ਪੰਦਰਾਂ ਵੀਹ ਦਿਨ ਲੱਗ ਗਏ ਆਰਾਮ ਆਉਣ ਨੂੰ। ਪਰ ਉਸ ਪਿਉ ਦੇ ਪੁੱਤ ਨੇ ਦਵਾਈ ਨਹੀਂ ਲਿਆ ਕੇ ਦਿੱਤੀ।

ਇਕ ਸ਼ਾਮ ਮੈਂ ਬਾਊ ਹੁਰਾਂ ਨੂੰ ਕੰਮ ਲਈ ਕੁਝ ਸਮਾਨ ਕਹਿਣ ਲਈ ਉਨ੍ਹਾਂ ਦੇ ਕਮਰੇ ਵਲ ਗਿਆ। ਉਹ ਅੰਦਰ ਹਰੀ ਸਿੰਘ ਨਾਲ ਬੈਠੇ ਸਕੌਚ ਦਾ ਅਨੰਦ ਲੈ ਰਹੇ ਗੱਲਾਂ ਕਰ ਰਹੇ ਸਨ। "ਹਰੀ ਸਿੰਘ, ਇਹ ਮੁੰਡਾ ਇਥੇ ਦੋਹਰਾ ਕੰਮ ਕਰ ਰਿਹਾ ਹੈ। ਇਸਨੂੰ ਲਿਆਂਦਾ ਤਾਂ ਇਥੇ ਕੋਠੀ ਦੀ ਰਾਖੀ ਵਾਸਤੇ ਹੀ ਸੀ, ਪਰ ਇਹ ਕੰਮ ਦਾ ਕਾਰੀਗਰ ਵੀ ਹੈ। ਇਸ ਕਰਕੇ ਕੰਮ ਵੀ ਕਰੀ ਜਾਂਦਾ ਤੇ ਕੋਠੀ ਦੀ ਰਾਖੀ ਵੀ। ਉਹ ਵੀ ਖੁਸ਼ ਕਿ


Namdhari Elibrary NamdhariElibrary@gmail.com

ਉਹ ਵਲੈਤ 'ਚ ਆਇਆ ਹੈ ਅਸੀਂ ਵੀ ਖੁਸ਼ ਕਿ ਇਕੋ ਤਨਖਾਹ 'ਚ ਮੁੰਡਾ ਦੋ ਕੰਮ ਕਰੀ ਜਾਂਦਾ। ਤਨਖਾਹ ਵੀ ਫ੍ਰੀ ਵਰਗੀ ਹੈ। ਸਾਰੇ ਵੀਹ ਪੌਂਡ ਪੈਂਦੇ ਨੇ ਦਿਹਾੜੀ, ਸਾਰੇ ਖਰਚੇ ਪਾ ਕੇ। ਅਸੀਂ ਇਸਨੂੰ ਕਿਤੇ ਬਾਹਰ ਜਾਣ ਦਾ ਮੌਕਾ ਵੀ ਨਹੀਂ ਦਿੰਦੇ।"

"ਫਿਰ ਤਾਂ ਤੁਸੀਂ ਵਾਕਿਆ ਹੀ 'ਮਾਰ' ਮਾਰ ਲਈ ਹੈ। ਕੋਈ ਮੈਨੂੰ ਵੀ ਇਹੋ ਜਿਹਾ ਲਭ ਦਿਉ। ਇਥੇ ਕਿਸੇ ਨੂੰ ਰੱਖਣਾ ਹੋਵੇ ਤਾਂ ਬਹੁਤ ਹੀ ਮਹਿੰਗਾ ਪੈਂਦਾ ਹੈ। ਘਟੋਂ ਘਟੋਂ ਦੋ ਹਜ਼ਾਰ ਪੌਂਡ ਮਹੀਨੇ ਦਾ ਲੱਗ ਜਾਂਦਾ। ਉਹ ਵੀ ਅਗਲਾ ਸਵੇਰੇ ਆ ਕੇ ਸ਼ਾਮੀ ਚਲੇ ਜਾਂਦਾ। ਫਿਰ ਉਨ੍ਹਾਂ ਦਾ ਵੀ ਕੋਈ ਇਤਬਾਰ ਨਹੀਂ ਹੈ।"

ਮੈਂ ਉਨ੍ਹਾਂ ਦੀਆਂ ਗੱਲਾਂ ਸੁਣ ਕੇ ਬਾਹਰ ਹੀ ਖੜਾ ਸੁੰਨ ਹੋ ਗਿਆ। ਬਿਨਾਂ ਕੁਝ ਕਹੇ ਮੈਂ ਵਾਪਸ ਆਪਣੇ ਰੂਮ ਨੂੰ ਆ ਗਿਆ। ਮੇਰੇ ਦਿਮਾਗ ਵਿਚ ਸੋਚ ਦਾ ਕੀੜਾ ਕੁਲਬਲਾਉਣ ਲੱਗ ਪਿਆ ਕਿ ਬਾਊ ਨੇ ਮੈਨੂੰ ਇਕ ਚੰਗੇ ਕਾਰੀਗਰ ਤੋਂ ਚੌਕੀਦਾਰ ਬਣਾ ਦਿੱਤਾ ਹੈ।

ਇਕ ਦਿਨ ਬਾਊ ਹੁਰੀਂ ਮੇਰੇ ਕੋਲ ਆਏ ਤੇ ਕਹਿਣ ਲੱਗੇ, "ਸ਼ਰਨ ਪੁੱਤਰ ਮੈਨੂੰ ਇਹ ਦੱਸਣ ਦਾ ਚੇਤਾ ਹੀ ਭੁਲ ਗਿਆ ਕਿ ਕਲ ਰਾਤ ਗਿਆਰਾਂ ਵਜੇ ਦੀ ਤੇਰੀ ਫਲਾਈਟ ਹੈ।" ਬਾਊ ਹੁਰਾਂ ਦੀ ਗੱਲ ਸੁਣ ਕੇ ਮੈਂ ਉਨ੍ਹਾਂ ਦੇ ਮੂੰਹ ਵਲ ਦੇਖਦਾ ਹੀ ਰਹਿ ਗਿਆ।

"ਬਾਊ ਜੀ ਇਹ ਕੀ ਕਹਿ ਰਹੇ ਹੋ? ਮੈਂ ਤਾਂ ਲਿਆ ਵੀ ਕੁਝ ਨਹੀ, ਘਰ ਲੈ ਜਾਣ ਵਾਸਤੇ।"

"ਤੂੰ ਚਿੰਤਾ ਨਾ ਕਰ ਪੁੱਤਰ, ਜੋ ਲਿਆਉਣਾ ਮੈਨੂੰ ਦਸ ਦੇ ਮੈਂ ਸਵੇਰੇ ਲਿਆ ਦੇਵਾਂਗਾ। ਪਰ ਹਾਂ, ਇਹ ਹਥਲਾ ਕੰਮ ਬਹੁਤ ਜ਼ਰੂਰੀ ਹੈ, ਅੱਜ ਦੀ ਰਾਤ ਲਾ ਕੇ ਕਲ ਸ਼ਾਮ ਤੱਕ ਇਸਨੂੰ ਪੂਰਾ ਕਰ ਦੇਵੀਂ।"

"ਬਾਊ ਜੀ ਕੰਮ ਤਾਂ ਬਹੁਤ ਹੈ, ਕਿਥੋਂ ਪੂਰਾ ਹੋਏਗਾ।" ਮੈਂ ਦੱਸਿਆ।

"ਤੂੰ ਪਹਿਲਾਂ ਹੀ ਨੰਨਾ ਧਰੀ ਜਾਂਨਾ, ਮਨ ਲਾ ਕੇ ਕਰੇਂ ਤਾਂ ਪੂਰਾ ਹੋ ਹੀ ਜਾਊ। ਨਹੀਂ ਤਾਂ ਮੇਰਾ ਬਹੁਤ ਨੁਕਸਾਨ ਹੋ ਜਾਏਗਾ, ਜੇ ਇਹ ਕੰਮ ਪੂਰਾ ਨਾ ਹੋਇਆ ਕੱਲ।" ਧਨੀ ਰਾਮ ਮੇਰਾ ਜੁਆਬ ਉਡੀਕੇ ਤੋਂ ਬਿਨਾਂ ਹੀ ਚਲੇ ਗਿਆ।

ਮੈਨੂੰ ਕੰਮ ਕਰਦਿਆਂ ਸਵੇਰ ਦੇ ਚਾਰ ਵਜ ਗਏ। ਮੈਨੂੰ ਨੀਂਦ ਨੇ ਬੁਰੀ ਤਰ੍ਹਾਂ ਘੇਰ ਲਿਆ ਸੀ। ਬਾਊ ਆਪਣੇ ਕਮਰੇ 'ਚ ਸੁਤਾ ਪਿਆ ਸੀ। ਮੈਂ ਕੰਮ ਬੰਦ ਕਰਕੇ ਸੌਂ ਗਿਆ ਕਿ ਨੀਂਦ ਕਰਕੇ ਕਿਤੇ ਸੱਟ ਹੀ ਨਾ ਲੱਗ ਜਾਏ। ਪਰ ਸਵੇਰੇ ਛੇ ਵਜੇ ਬਾਊ ਹੁਰਾਂ ਆ ਜਗਾਇਆ।

"ਤੈਨੂੰ ਕਿਹਾ ਸੀ ਕੰਮ ਕਿਵੇਂ ਵੀ ਖਤਮ ਕਰਨਾ, ਤੂੰ ਸੌਂ ਗਿਆ।" "ਮੈਂ ਹੁਣੇ ਹੀ ਪਿਆ ਸੀ ਨੀਂਦ ਬਹੁਤ ਆ ਰਹੀ ਸੀ। ਮੈਂ ਸੋਚਿਆ ਕਿਤੇ ਸੱਟ ਹੀ ਨਾ ਲੱਗ ਜਾਏ।"

ਮੈਂ ਉਠ ਕੇ ਮੂੰਹ ਧੋਤਾ ਤੇ ਚਾਹ ਬਣਾਉਣ ਲੱਗਾ ਤਾਂ ਬਾਊ ਹੁਰਾਂ ਮਨ੍ਹਾਂ ਕਰ ਦਿੱਤਾ। ਐਵੇਂ ਟਾਈਮ ਨਾ ਖਰਾਬ ਕਰ, ਤੇਰੀ ਆਂਟੀ ਬਣੌਣ ਲੱਗੀ ਹੈ ਚਾਹ, ਮੈਂ ਲੈ ਕੇ ਔਂਦਾ, ਤੂੰ ਕੰਮ ਕਰ।

ਬਾਊ ਦੇ ਕਹਿਣ ਤੇ ਮੈਂ ਵਰਕਸ਼ਾਪ ਵਲ ਤੁਰ ਪਿਆ। ਦੋ ਘੰਟੇ ਬਾਦ ਬਾਊ ਹੁਰੀਂ ਚਾਹ ਦਾ ਕੱਪ ਤੇ ਦੋ ਟੋਸਟ ਲੈ ਕੇ ਆਏ। ਫਿਰ ਉਹ ਮੇਰੇ ਸਿਰ੍ਹਾਣੇ ਹੀ ਬਹਿ ਗਿਆ। ਘੰਟੇ ਕੁ ਬਾਅਦ ਕੋਠੀ ਵਲ ਚੱਕਰ ਮਾਰ ਆਵੇ ਤੇ ਮੂੰਹ ਮਾਰਦਾ ਆ ਕੇ ਮੇਰੇ ਮੁੱਢ ਬੈਠ ਜਾਵੇ। ਇਕ ਕੱਪ ਚਾਹ ਤੇ ਦੋ ਟੋਸਟਾਂ ਦੇ ਸਹਾਰੇ ਮੈਨੂੰ ਸ਼ਾਮ ਦੇ ਛੇ ਵਜ ਗਏ। ਕੰਮ ਪੂਰਾ ਨਹੀਂ ਹੋ ਸਕਿਆ। ਅਜੇ ਬਹੁਤ ਕੰਮ ਬਾਕੀ ਸੀ। ਬਾਊ ਬਹੁਤ ਔਖਾ ਹੋਇਆ। ਉਸਨੇ ਮੈਨੂੰ ਨਹਾਉਣ ਵੀ ਨਹੀਂ ਦਿੱਤਾ। ਫਟਾਫਟ ਕਪੜੇ ਪੁਆ ਕੇ ਉਸਨੇ ਮੈਨੂੰ ਏਅਰਪੋਰਟ ਉਤੇ ਛੱਡਣ ਦੀ ਕੀਤੀ।

"ਬਾਊ ਜੀ ਇਹ ਹਿਊਮਨ ਰਾਈਟਸ ਦਾ ਕੀ ਮਤਲਬ ਹੈ?" ਮੈਂ ਗੱਡੀ 'ਚ ਬਹਿੰਦਿਆਂ ਬਾਊ ਹੁਰਾਂ ਨੂੰ ਪੁੱਛਿਆ। ਮੇਰੇ ਸੁਆਲ ਤੇ ਬਾਊ ਹੁਰੀਂ ਭੁਚੱਕੇ ਜਿਹੇ ਮੇਰੇ ਵਲ ਦੇਖਣ ਲੱਗੇ।

"ਕੁਛ ਨਹੀਂ। ਬਸ ਇਹੋ ਕਿ ਜੋ ਲੋਕ ਇਥੇ ਕੰਮ ਕਰਨ ਔਂਦੇ ਹਨ, ਉਨ੍ਹਾਂ ਦਾ ਖਿਆਲ ਰੱਖਣਾ ਕਿ ਉਨ੍ਹਾਂ ਨੂੰ ਕੋਈ ਤੰਗੀ, ਤਕਲੀਫ ਨਾ ਹੋਵੇ।"

"ਤੁਸੀਂ ਇਸ ਸੰਸਥਾ ਦੇ ਮੈਂਬਰ ਹੋ ਨਾ।" ਮੇਰਾ ਅਗਲਾ ਸੁਆਲ ਸੀ।

"ਹਾਂ, ਹੈ ਤਾਂ, ਪਰ ਤੈਨੂੰ ਕਿਵੇਂ ਪਤਾ?"

"ਬਸ ਲੱਗ ਗਿਆ ਪਤਾ ਮੈਨੂੰ ਹਰੀ ਸਿੰਘ ਨੇ ਦਸਿਆ ਸੀ। ਤੁਸੀਂ ਮੈਂਬਰ ਹੋਣ ਕਰਕੇ ਹੀ ਸ਼ਾਇਦ ਮੇਰਾ ਜ਼ਿਆਦਾ ਖਿਆਲ ਰੱਖਿਆ। ਐਨਾ ਖਿਆਲ ਕਿ ਮੈਨੂੰ ਤੁਸੀਂ ਘਰੋਂ ਬਾਹਰਲੀ ਹਵਾ ਵੀ ਨਹੀਂ ਲੱਗਣ ਦਿੱਤੀ ਪਿਛਲੇ ਢਾਈਆਂ ਸਾਲਾਂ ਵਿਚ। ਮੈਂ ਤਾਂ ਕਈ ਸੁਪਨੇ ਦੇਖੇ ਸਨ, ਵਲੈਤ ਔਣ ਤੋਂ ਪਹਿਲਾਂ, ਕਿ ਇਥੇ ਆ ਕੇ ਮੈਂ ਟੈਮਜ਼ ਦਰਿਆ ਦੀ ਸੈਰ ਕਰਾਂਗਾ, ਕੋਹਿਨੂਰ ਹੀਰਾ ਦੇਖਾਂਗਾ, ਤੇ ਲੰਡਨ ਆਈਜ਼ ਵਿਚ ਝੂਟੇ ਲਵਾਂਗਾ। ਮੋਮ ਦੇ ਪੁਤਲੇ ਦੇਖਾਂਗਾ ਤੇ ਪਤਾ ਨਹੀਂ ਹੋਰ ਕੀ ਕੀ। ਪਰ ਤੁਸੀਂ ਤਾਂ ਮੈਨੂੰ ਇਥੇ ਲਿਆ ਕੇ ਕੈਦੀ ਹੀ ਬਣਾ ਦਿੱਤਾ। ਜਿਵੇਂ ਮੈਂ ਕੋਠੀ ਦੀ ਚੌਕੀਦਾਰੀ ਕਰਨ ਨੂੰ ਹੀ ਆਇਆ ਹੋਵਾਂ।"

ਗੱਡੀ ਏਅਰਪੋਰਟ ਪਹੁੰਚ ਗਈ ਸੀ। ਮੈਂ ਗੱਡੀ 'ਚੋਂ ਉਤਰ ਕੇ ਬੈਗ ਆਪਣੇ ਮੋਢੇ ਤੇ ਰਖਿਆ। "ਅੱਛਾ ਬਾਊ ਜੀ ਨਮਸਕਾਰ; ਤੁਹਾਡੀ ਬਹੁਤ ਬਹੁਤ ਮਿਹਰਬਾਨੀ ਜੋ ਤੁਸੀਂ ਮੈਨੂੰ ਹੀਥਰੋ ਹਵਾਈ ਅੱਡਾ ਦਿਖਾ ਦਿੱਤਾ। ਮੈਂ ਹੁਣ ਵਾਪਸ ਨਹੀਂ ਆਵਾਂਗਾ," ਕਹਿ ਕੇ ਮੈਂ ਗੇਟ ਲੰਘ ਕੇ ਚੈਕਿੰਗ ਲਾਈਨ 'ਚ ਜਾ ਖੜਾ ਹੋਇਆ। ਬਾਊ ਹੁਰੀਂ ਕਿਸੇ ਸੋਚ 'ਚ ਡੁੱਬੇ ਉਥੇ ਹੀ ਖੜੇ ਰਹਿ ਗਏ।



Namdhari Elibrary NamdhariElibrary@gmail.com

## ਪੰਜਾਬੀ ਭਾਸ਼ਾ ਨੂੰ ਮੁਕੰਮਲ ਤੌਰ 'ਤੇ ਲਾਗੂ ਕਰਵਾਉਣ ਲਈ ਕਮੇਟੀ ਬਣਾਈ

ਪੰਜਾਬੀ ਭਾਸ਼ਾ ਅਕਾਦਮੀ ਦੀ ਪਹਿਲ ਕਦਮੀ 'ਤੇ ਪ੍ਰੈੱਸ ਕਲੱਬ ਜਲੰਧਰ ਵਿਚ ਭਾਸ਼ਾਈ ਤੇ ਸਾਹਿਤਕ ਜਥੇਬੰਦੀਆਂ ਦੀ ਹੋਈ ਸਾਂਝੀ ਮੀਟਿੰਗ 'ਚ ਪੰਜਾਬੀ ਭਾਸ਼ਾ ਨੂੰ ਸਕੂਲ ਪੱਧਰ 'ਤੇ, ਪ੍ਰਸ਼ਾਸਨ ਪੱਧਰ 'ਤੇ ਅਤੇ ਅਦਾਲਤੀ ਪੱਧਰ 'ਤੇ ਲਾਗੂ ਕਰਨ ਲਈ ਇਕ ਸਰਬਸਾਂਝੀ ਕਮੇਟੀ ਗਠਨ ਕਰਨ ਦਾ ਫੈਸਲਾ ਕੀਤਾ ਗਿਆ।

ਮੀਟਿੰਗ 'ਚ ਇਹ ਮਤਾ ਵੀ ਇਕ ਰਾਏ ਨਾਲ ਪਾਸ ਕੀਤਾ ਗਿਆ ਕਿ ਰਾਜ ਭਾਸ਼ਾ ਕਮਿਸ਼ਨ ਦਾ ਪੁਨਰ ਗਠਨ ਕੀਤਾ ਜਾਵੇ। ਪੰਜਾਬੀ ਭਾਸ਼ਾ ਨੂੰ ਸਹੀ ਅਰਥਾਂ 'ਚ ਲਾਗੂ ਕਰਵਾਉਣ ਲਈ ਜਦੋਂ-ਜਹਿਦ ਕਰ ਰਹੀਆਂ ਪੰਜਾਬੀ ਦੀਆਂ ਸਮੂਹ ਜਥੇਬੰਦੀਆਂ ਦੀ ਇਕ ਸਾਂਝੀ ਕਮੇਟੀ ਬਣਾਈ ਗਈ। ਇਸ ਕਮੇਟੀ ਦੇ ਕਨਵੀਨਰ ਪੰਜਾਬੀ ਭਾਸ਼ਾ ਅਕਾਦਮੀ ਦੇ ਪ੍ਰਧਾਨ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਵਾਈਸ ਚਾਂਸਲਰ ਡਾ. ਜੋਗਿੰਦਰ ਸਿੰਘ ਪੁਆਰ ਨੂੰ ਬਣਾਇਆ ਗਿਆ।

ਪੰਜਾਬ ਰਾਜ ਭਾਸ਼ਾ ਸੋਧ ਬਿੱਲ ੨੦੦੮ ਦੀਆਂ ਸਮੁੱਚੀਆਂ ਧਾਰਾਵਾਂ ਨੂੰ ਲਾਗੂ ਕਰਵਾਉਣ ਲਈ ਮੀਟਿੰਗ 'ਚ ਪਾਸ ਕੀਤੇ ਮਤਿਆਂ 'ਚ ਕਿਹਾ ਗਿਆ ਕਿ ਰਾਜ ਭਾਸ਼ਾ ਕਮਿਸ਼ਨ ਦਾ ਪੁਨਰ ਗਠਨ ਕਰਨ ਤੇ ਇਸ ਨੂੰ ਜੁਡੀਸ਼ੀਅਲ ਅਧਿਕਾਰ ਦੇਣ ਬਾਰੇ ਪੰਜਾਬ ਵਿਧਾਨ ਸਭਾ 'ਚ ਮਤਾ ਪਾਸ ਕੀਤਾ ਜਾਵੇ। ਕਮਿਸ਼ਨ ਦੇ ਫੈਸਲਿਆਂ ਦੀ ਅਪੀਲ ਸਿਰਫ਼ ਹਾਈਕੋਰਟ ਤੇ ਸੁਪਰੀਮ ਕੋਰਟ 'ਚ ਕਰਨ ਦੀ ਵਿਵਸਥਾ ਕੀਤੀ ਜਾਵੇ।

ਮੀਟਿੰਗ ਦੌਰਾਨ ਇਹ ਚਰਚਾ ਵੀ ਕੀਤੀ ਗਈ ਕਿ ਪੰਜਾਬ ਸਰਕਾਰ ਸਿੱਧੇ ਤੌਰ 'ਤੇ ਪ੍ਰਸ਼ਾਸਨ 'ਚ ਪੰਜਾਬੀ ਨੂੰ ਲਾਗੂ ਕਰਨ ਦੀ ਜ਼ਿੰਮੇਵਾਰੀ ਪ੍ਰਸ਼ਾਸਨਕ ਅਧਿਕਾਰੀਆਂ ਨੂੰ ਦੇਵੇ। ਪੰਜਾਬੀ ਤੇ ਪੰਜਾਬੀਅਤ ਨਾਲ ਵਿਤਕਰੇ ਕਰਨ ਵਾਲੇ ਅਫ਼ਸਰਾਂ ਦੀ ਨਿਸ਼ਾਨਦੇਹੀ ਕਰਕੇ ਉਨ੍ਹਾਂ ਨੂੰ ਪੰਜਾਬ ਤੋਂ ਬਾਹਰ ਭੇਜਿਆ ਜਾਵੇ।

ਮੀਟਿੰਗ 'ਚ ਪੰਜਾਬ ਤਕਨੀਕੀ ਯੂਨੀਵਰਸਿਟੀ 'ਚ ਉਪ ਕੁਲਪਤੀ ਡਾ. ਰਜਨੀਸ਼ ਅਰੋੜਾ ਵੱਲੋਂ ਤਕਨੀਕੀ ਸਿੱਖਿਆ ਦੀਆਂ ਕਿਤਾਬਾਂ ਨੂੰ ਪੰਜਾਬੀ ਭਾਸ਼ਾ 'ਚ ਅਨੁਵਾਦ ਕਰਵਾ ਕੇ ਛਾਪਣ ਦੇ ਫੈਸਲੇ ਦਾ ਸਵਾਗਤ ਕੀਤਾ ਗਿਆ। ਪੰਜਾਬ ਦੀਆਂ ਸਮੁੱਚੀਆਂ ਭਾਸ਼ਾਈ ਅਤੇ ਸਾਹਿਤਕ ਜਥੇਬੰਦੀਆਂ ਦੀ ਇਕ ਸਾਂਝੀ ਕਨਵੈਨਸ਼ਨ ਕਰਨ ਦਾ ਵੀ ਫੈਸਲਾ ਕੀਤਾ ਗਿਆ। ਸੂਬਾ ਸਰਕਾਰ ਵੱਲੋਂ ਪੰਜਾਬੀ ਭਾਸ਼ਾ ਨੂੰ ਸਹੀ ਅਰਥਾਂ 'ਚ ਲਾਗੂ ਨਾ ਕਰਨ ਲਈ ਇਕ ਨਵੰਬਰ ਨੂੰ ਰੋਸ ਦਿਵਸ ਵੱਜੋਂ ਮਨਾਉਣ ਦਾ ਫੈਸਲਾ ਵੀ ਕੀਤਾ ਗਿਆ।

ਇਸ ਉਚੇਚੀ ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਉਪ ਕੁਲਪਤੀ ਡਾ. ਸ.ਪ. ਸਿੰਘ, ਡਾ. ਵੇਦ ਅਗਨੀਹੋਤਰੀ, ਭਾਸ਼ਾ ਆਕਦਮੀ ਦੇ ਜਨਰਲ ਸਕੱਤਰ ਡਾ. ਸ.ਸ. ਸੰਘਾ, ਪੰਜਾਬ ਜਾਗ੍ਰਿਤੀ ਮੰਚ ਦੇ ਸਤਨਾਮ ਮਾਣਕ ਤੇ ਪਿਆਰਾ ਸਿੰਘ ਭੋਗਲ, ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਡਾ. ਰ.ਬ. ਸਿੰਘ, ਕਰਨੈਲ ਸਿੰਘ ਨਿੱਝਰ, ਸਰੁਜੀਤ ਜੱਜ, ਕੇਂਦਰੀ ਲੇਖਕ ਸਭਾ (ਸੇਖੋਂ) ਦੇ ਪ੍ਰੋ. ਤੇਜਵੰਤ ਸਿੰਘ ਮਾਨ, ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਤੀਨਿਧ ਸ. ਕੁਲਦੀਪ ਸਿੰਘ ਬੇਦੀ, ਦੂਰਦਰਸ਼ਨ ਤੋਂ ਡਾ. ਲਖਵਿੰਦਰ ਸਿੰਘ ਜੌਹਲ ਤੋਂ ਇਲਾਵਾ ਡਾ. ਓਮਿੰਦਰ ਜੌਹਲ, ਡਾ. ਜੋਗਾ ਸਿੰਘ, ਜਗਦੀਸ਼ ਸਿੰਘ ਵਰਿਆਮ ਤੇ ਬਲਦੇਵ ਖੁੱਲਰ ਵੀ ਹਾਜ਼ਰ ਸਨ।

## ਸ੍ਰੀ ਗੁਰੂ ਅੰਗਦ ਦੇਵ, ਕਾਲਿਜ, ਖਡੂਰ ਸਾਹਿਬ ਵਿਖੇ ਕੂਕਾ ਲਹਿਰ ਤੇ ਸਫਲ ਸੈਮੀਨਾਰ

੨੧ ਅਗਸਤ ੨੦੧੦-ਖਡੂਰ ਸਾਹਿਬ (ਤਰਨਤਾਰਨ):- ਅੱਜ ਇਸ ਇਤਿਹਾਸਕ ਨਗਰੀ ਦੇ ਸ੍ਰੀ ਗੁਰੂ ਅੰਗਦ ਦੇਵ ਕਾਲਿਜ ਵਿਖੇ ਨਾਮਧਾਰੀ ਸਿੱਖਾਂ ਦਾ 'ਜੰਗ-ਏ-ਅਜ਼ਾਦੀ' ਵਿਚ ਯੋਗਦਾਨ ਵਿਸ਼ੇ ਤੇ, ਇਕ ਸਫਲ ਸੈਮੀਨਾਰ ਦਾ ਆਯੋਜਨ ਇਤਿਹਾਸ ਵਿਭਾਗ ਦੇ ਮੁੱਖੀ ਡਾ. ਕੁਲਦੀਪ ਸਿੰਘ ਦੀਪ ਦੇ ਭਰਵੇਂ ਯੋਗਦਾਨ ਅਤੇ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਦੀ ਸਹਾਇਤਾ ਨਾਲ ਸਿਰੇ ਚੜ੍ਹਿਆ। ਪ੍ਰੋਗਰਾਮ ਵਿਚ ਪੰਜਾਬ, ਹਰਿਆਣਾ ਅਤੇ ਦਿੱਲੀ ਤੋਂ ਨਾਮਧਾਰੀ ਇਤਿਹਾਸ ਨਾਲ ਸਬੰਧਿਤ ਵਿਦਵਾਨਾਂ ਨੇ ਆਪਣੇ ਪਰਚੇ ਪੜ੍ਹੇ। ਇਸ ਸਮੇਂ ਇਲਾਕੇ ਦੀਆਂ ਉੱਘੀਆਂ ਸ਼ਖਸੀਅਤਾਂ ਅਤੇ ਕਾਲਜ ਵਿਦਿਆਰਥੀ ਤੇ ਵਿਦਿਆਰਥਣਾਂ ਵੱਡੀ ਗਿਣਤੀ ਵਿਚ ਸਾਰਾ ਸਮਾਂ ਉਪਸਥਿਤ ਰਹੇ। ਡਾ. ਕੁਲਦੀਪ ਸਿੰਘ 'ਦੀਪ' ਨੇ ਆਪਣੇ ਮੁੱਢਲੇ ਸੰਬੋਧਨ ਵਿਚ ਕਿਹਾ ਕਿ ਉਹ ਕੂਕਿਆਂ ਦੇ ਇਤਿਹਾਸਕ ਪਿੰਡ ਸਿਰਹਾਲੀ ਨਾਲ ਸਬੰਧਿਤ ਹਨ ਅਤੇ ਦੋ ਤਿੰਨ ਪੀੜ੍ਹੀਆਂ ਪਹਿਲਾਂ ਆਪਣੇ ਪੁਰਖਿਆਂ



Namdhari Elibrary NamdhariElibrary@gmail.com

ਬਾਰੇ ਜਾਨਣ ਦੀ ਜਗਿਆਸਾ ਨੇ, ਉਹਨਾਂ ਤੋਂ ਇਹ ਸੈਮੀਨਾਰ ਕਰਵਾਇਆ ਹੈ। ਡਾ. ਸਾਹਿਬ ਬਹੁਤ ਸਾਰੇ ਸੈਮੀਨਾਰਾਂ ਵਿਚ ਕੂਕਾ ਇਤਿਹਾਸ ਬਾਰੇ ਖੋਜ ਪੂਰਣ ਪੱਤਰ ਪੇਸ਼ ਕਰ ਚੁੱਕੇ ਹਨ। ਉਹਨਾਂ ਨੇ ਆਈਆਂ ਹਸਤੀਆਂ ਅਤੇ ਵਿਦਵਾਨਾਂ ਦਾ ਕਾਲਜ ਵਲੋਂ ਸੁਆਗਤ ਕੀਤਾ।

ਡਾ. ਜੋਗਿੰਦਰ ਸਿੰਘ ਮੁੱਖੀ, ਨਾਮਧਾਰੀ ਗੁਰੂ ਰਾਮ ਸਿੰਘ ਚੇਅਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਆਪਣੇ ਤੱਥਾਂ, ਅੰਕੜਿਆਂ ਤੇ ਆਧਾਰਿਤ ਗਿਆਨ ਭਰਪੂਰ ਕੁੰਜੀਵੱਤ ਭਾਸ਼ਣ ਵਿਚ ਕਿਹਾ ਕਿ ਨਾਮਧਾਰੀ ਵਿਦਵਾਨਾਂ ਨੇ ਪੜ੍ਹਨ ਲਿਖਣ ਦੇ ਕੰਮ ਨੂੰ ਹੁਣ ਕਾਫੀ ਅੱਗੇ ਤੋਰਿਆ ਹੈ। ਲਹਿਰ ਬਾਰੇ ਇਕ ਸਾਰਥਕ ਸੰਵਾਦ ਸ਼ੁਰੂ ਹੋ ਚੁੱਕਾ ਹੈ, ਜਿਸ ਦੇ ਚੰਗੇ ਸਿੱਟੇ ਨਿਕਲ ਰਹੇ ਹਨ। ਪ੍ਰਧਾਨਗੀ ਕਰ ਰਹੇ ਲਾਇਲਪੁਰ ਖਾਲਸਾ ਕਾਲਜ ਜਲੰਧਰ ਦੇ ਪ੍ਰਿੰਸੀਪਲ ਡਾ. ਜਸਪਾਲ ਸਿੰਘ ਰੰਧਾਵਾ ਨੇ ਬੱਚੀਆਂ ਦੀ ਭਾਰੀ ਗਿਣਤੀ ਤੇ ਖੁਸ਼ੀ ਪ੍ਰਗਟ ਕਰਦਿਆਂ ਆਪਣੇ ਪੁਰਖਿਆਂ ਦੇ ਇਸ ਲਹਿਰ ਵਿਚ, ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਪਾਏ ਯੋਗਦਾਨ ਨੂੰ ਯਾਦ ਕੀਤਾ। ਉਹਨਾਂ ਕਿਹਾ ਕਿ ਕਦਰਾਂ ਕੀਮਤਾਂ ਵਿਚ ਸਵੱਛਤਾ ਲਿਆਂਦੇ ਬਿਨਾ ਆਜ਼ਾਦੀ ਹਾਸਲ ਨਹੀਂ ਸੀ ਕੀਤੀ ਜਾ ਸਕਦੀ। ਨਾਮਧਾਰੀ ਦਰਬਾਰ ਦੇ ਪਰਧਾਨ ਸ. ਹਰਵਿੰਦਰ ਸਿੰਘ ਹੰਸਪਾਲ ਮੈਂਬਰ ਘਟ ਗਿਣਤੀ ਕਮਿਸ਼ਨ ਅਤੇ ਸਾਬਕਾ ਐਮ.ਪੀ.ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਹਨਾਂ ਨਾਮਧਾਰੀ ਇਤਿਹਾਸ ਨੂੰ ਆਪਣਿਆਂ ਅਤੇ ਬੇਗਾਨਿਆਂ ਵਲੋਂ ਤੋੜ ਮੋੜ ਕੇ ਪੇਸ਼ ਕੀਤੇ ਜਾਣ ਤੇ ਅਫਸੋਸ ਪ੍ਰਗਟ ਕੀਤਾ ਅਤੇ ਕਿਹਾ ਕਿ ਹੁਣ ਜ਼ਰੂਰਤ ਹੈ ਜਿਹਨਾਂ ਵੀ ਧਿਰਾਂ ਦੀ ਕੌਮੀ ਅੰਦੋਲਨ ਦੇ ਇਤਿਹਾਸ ਵਿਚ ਜੋ ਯੋਗਦਾਨ ਹੈ, ਉਸਨੂੰ ਪਹਿਚਾਣਿਆ ਜਾਵੇ।

ਪਰਚੇ ਪੇਸ਼ ਕੀਤੇ ਜਾਣ ਦੇ ਪਹਿਲੇ ਸੈਸ਼ਨ ਦੀ ਪਰਧਾਨਗੀ ਡਾ. ਧਰਮ ਸਿੰਘ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਕੀਤੀ। ਇਸ ਵਿਚ 'ਨਾਮਧਾਰੀ ਭਾਈਚਾਰੇ ਵਿਚ ਕਿਸਾਨੀ ਦਾ ਯੋਗਦਾਨ' ਵਿਸ਼ੇ ਤੇ ਸ. ਜਸਵਿੰਦਰ ਸਿੰਘ ਹਿਸਟੋਰੀਅਨ (ਦਿੱਲੀ), ਕਰੀਵਾਲਾ (ਸਿਰਸਾ-ਹਰਿਆਣਾ) ਤੋਂ ਆਏ ਕਾਮਰੇਡ ਸੁਵਰਨ ਸਿੰਘ ਵਿਰਕ ਨੇ 'ਨਾਮਧਾਰੀ ਪੰਥ ਦੇ ਉਥਾਨ ਲਈ ਜ਼ਿਮੇਵਾਰ ਸਾਧੂ, ਸੰਤਾਂ, ਬਾਬਿਆਂ' ਦੀ ਚਰਚਾ ਕਰਦਿਆਂ ਸ਼ਾਮ ਸਿੰਘ ਸਿਰਹਾਲੀ, ਬੁੱਢਾ ਸਿੰਘ ਵਾਂ, ਸੰਤ ਸਿੰਘ ਹਜ਼ਰੋ ਅਤੇ ਜਥੇਦਾਰ ਗੁਰਮੁਖ ਸਿੰਘ ਝੱਬਰ ਦੀ ਕੀਰਤੀ ਤੇ ਰੋਸ਼ਨੀ ਪਾਈ। ਹਿੰਦੂ ਕਾਲਜ ਕਪੂਰਥਲਾ ਤੋਂ ਆਏ ਡਾ. ਰਣਜੀਤ ਕੌਰ ਨੇ 'ਨਾਮਧਾਰੀ ਅੰਦੋਲਨ ਵਿਚ ਅਸਹਿਯੋਗ-ਬਾਈਕਾਟ-ਸੁਤੰਤਰਤਾ ਸੰਗਰਾਮ' ਵਿਸ਼ੇ ਤੇ, ਸ੍ਰੀ. ਦਵਿੰਦਰ ਸਿੰਘ ਗਿੱਲ ਜੀਆ ਨੱਥਾ ਨੇ, 'ਨਾਮਧਾਰੀ ਪੰਥ ਅਤੇ ਗੁਰਦੁਆਰਾ ਸੁਧਾਰ' ਲਹਿਰ ਤੇ ਇਕ ਹੋਰ ਵਿਸ਼ੇ ਤੇ ਬੀਬੀ, ਪ੍ਰੋ. ਦਵਿੰਦਰ ਕੌਰ ਪੰਜਾਬ ਹਿਸਟੋਰੀਕਲ ਸਟੱਡੀਜ਼, ਪੰ. ਯੂ. ਪਟਿਆਲਾ ਨੇ ਪਰਚੇ ਪੇਸ਼ ਕੀਤੇ। ਨਾਮਧਾਰੀ ਪੰਥ ਦੀਆਂ ਮਹਾਨ ਪਰੰਪਰਾਵਾਂ ਅਤੇ ਉਦਾਤ ਰਵਾਇਤਾਂ ਬਾਰੇ ਸਤਿਗੁਰੂ ਜਗਜੀਤ ਸਿੰਘ ਜੀ , ਦੇ ਹਜ਼ੂਰੀ ਸੇਵਕ ਸੰਤ ਹਰਪਾਲ ਸਿੰਘ ਸੇਵਕ ਨੇ ਆਪਣੇ ਉਦਗਾਰ ਸਾਂਝੇ ਕੀਤੇ। ਸ. ਸਵਰਨ ਸਿੰਘ ਸਨੇਹੀ ਨੇ ਆਪਣੇ ਪਰਚੇ ਕੂਕਾ ਲਹਿਰ ਤੇ ਕਿਸਾਨੀ ਬਾਰੇ ਚਰਚਾ ਕਰਦਿਆਂ ਕਈ ਨਵੇਂ ਤਥਾਂ ਤੇ ਪ੍ਰਕਾਸ਼ ਪਾਉਂਦਿਆਂ ਸਤਿਗੁਰੂ ਰਾਮ ਸਿੰਘ ਜੀ ਦੀ ਸਿਖਿਆ ਨੂੰ ਕਿਸਾਨੀ ਲਈ ਆਕ੍ਰਸ਼ਕ ਦੱਸਿਆ। ਓਹਨਾਂ ਇਹ ਵੀ ਕਿਹਾ ਕਿ ੧੮੬੭ ਦੇ ਹੋਲੇ ਮਹੱਲੇ ਤੇ ਸ੍ਰੀ ਅਨੰਦਪੁਰ ਸਾਹਿਬ ਜਾਣ ਵੇਲੇ ਕੁਝ ਕਾਗਜ਼ ਪੱਤਰਾਂ ਤੇ ਸਤਿਗੁਰੂ ਜੀ ਨੇ ਆਪਣੇ ਦਸਤਖਤ ਇਸ ਤਰ੍ਹਾਂ ਕੀਤੇ, "ਰਾਮ ਸਿੰਘ ਜ਼ਿਮੀਦਾਰ ਭੈਣੀ।" ਇਸ ਪਹਿਲੇ ਪੇਪਰ ਰੀਡਿੰਗ ਸੈਸ਼ਨ ਦੀ ਪ੍ਰਧਾਨਗੀ ਕਰ ਰਹੇ ਡਾ. ਧਰਮ ਸਿੰਘ ਨੇ ਸਾਹਿਤ ਅਤੇ ਇਤਿਹਾਸ ਦੇ ਆਪਸੀ ਸਬੰਧ ਦਾ ਖੂਬਸੂਰਤ ਚਿਤਰਣ ਕਰਦਿਆਂ ਨਾਮਧਾਰੀ ਲਹਿਰ ਦੀ ਕਵਿਤਾ ਅਤੇ ਵਾਰਤਕ ਦੀ ਚਰਚਾ ਕੀਤੀ। ਤੀਜਾ ਸੈਸ਼ਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਇਤਿਹਾਸ ਵਿਭਾਗ ਦੇ ਮੁੱਖੀ ਡਾ. ਸੁਖਬੀਰ ਸਿੰਘ ਹੋਰਾਂ ਦੀ ਸਦਾਰਤ ਵਿਚ ਸਿਰੇ ਚੜ੍ਹਿਆ। ਇਸ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਇਤਿਹਾਸ ਵਿਭਾਗ ਦੇ ਉਘੇ ਵਿਦਵਾਨ ਡਾ. ਨਾਜ਼ਰ ਸਿੰਘ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਤੇ ਖੋਜ ਭਰਪੂਰ ਚਰਚਾ ਕਰਦਿਆਂ ਡਾ. ਗੰਡਾ ਸਿੰਘ ਦੀ ਸਥਾਪਨਾ ਤੋਂ ਗੱਲ ਅੱਗੇ ਤੋਰੀ। ਡਾ. ਜਗਰੂਪ ਸਿੰਘ ਅਤੇ ਬੀਬੀ ਸੂਬਾ ਸੁਰਿੰਦਰ ਕੌਰ ਖਰਲ ਨੇ ਵੀ ਆਪਣੇ ਪਰਚੇ ਪੜ੍ਹੇ। ਕਾਲਜ ਦੇ ਪ੍ਰਿੰਸੀਪਲ ਸ. ਖਹਿਰਾ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਸਿਰਹਾਲੀ ਦੇ ਪ੍ਰਿੰਸੀਪਲ ਸ. ਮਹਿਲ ਸਿੰਘ ਹੋਰਾਂ ਵੀ ਵਿਚਾਰ ਉਤੇਜਕ ਭਾਸ਼ਣ ਦਿੱਤੇ। ਖਡੂਰ ਸਾਹਿਬ ਕਾਰ ਸੇਵਾ ਦੇ ਸੰਤ ਬਾਬਾ ਸੇਵਾ ਸਿੰਘ ਜੀ ਜੋ ਪਰਯਾਵਰਣ ਬਚਾਉਣ ਵਿਚ ਵੱਡਾ ਕੰਮ ਕਰ ਰਹੇ ਹਨ, ਉਹਨਾਂ ਦੀ ਆਗਿਆ ਨਾਲ ਭਾਈ ਬਲਦੇਵ ਸਿੰਘ ਤੇ ਇਕ ਹੋਰ ਬਾਬਾ ਜੀ ਮੰਚ ਤੇ ਬਿਰਾਜਮਾਨ ਸਨ। ਸੇਵਕ ਹਰਪਾਲ ਸਿੰਘ ਹੋਰਾਂ ਦੀ ਚਿਤਰ ਪਰਦਰਸ਼ਨੀ ਸਲਾਹੀ ਗਈ। ਸ. ਅਜੀਤ ਸਿੰਘ ਲਾਇਲ, ਮਾਸਟਰ ਦਰਸ਼ਨ ਸਿੰਘ ਅਤੇ ਜਥੇਦਾਰ ਨਿਸ਼ਾਨ ਸਿੰਘ ਸ੍ਰੀ ਭੈਣੀ ਸਾਹਿਬ ਤੋਂ ਉਚੇਚੇ ਸ਼ਾਮਲ ਹੋਏ।

## ਨੈਸ਼ਨਲ ਖਿਲਾੜੀ ਧਰਮਵੀਰ ਸਿੰਘ

ਭਾਰਤ ਪੱਧਰ ਤੇ ਪੈਰਾ ਓਲੰਪਿਕ ਪਾਵਰ ਲਿਫਟਿੰਗ ਫੈਡਰੇਸ਼ਨ ਆਫ ਇੰਡੀਆ ਅਤੇ ਭਾਰਤੀਯ ਪੈਰਾ ਓਲੰਪਿਕ



Namdhari Elibrary NamdhariElibrary@gmail.com

ਪਾਵਰ ਲਿਫਟਿੰਗ ਫੈਡਰੇਸ਼ਨ ਦੀ ਸੰਯੁਕਤ ਸਹਾਇਤਾ ਨਾਲ ਰਾਸ਼ਟਰੀ ਪੈਰਾ ਓਲੰਪਿਕ ਪਾਵਰ ਲਿਫਟਿੰਗ ਪ੍ਰਤੀਯੋਗਤਾ ਦਾ ਆਯੋਜਨ ਬੰਗਲੌਰ (ਕਰਨਾਟਕਾ) ਵਿਖੇ ੧੩-੭-੨੦੧੦ ਨੂੰ ਸੰਪਨ ਹੋਇਆ। ਇਸ ਵਿਚ ਭਿਲਾਈ ਦੇ ਹੋਣਹਾਰ ਖਿਲਾੜੀ ਧਰਮਵੀਰ ਸਿੰਘ ਮਠਾੜੂ ਨੇ ੫੬ ਕਿਲੋ ਵਰਗ ਵਿਚ ਹਿੱਸਾ ਲੈ ਕੇ ਚਾਂਦੀ ਦਾ ਤਗਮਾ ਜਿੱਤਿਆ ਦੇਸ਼, ਪ੍ਰਾਂਤ, ਸਮਾਜ ਦਾ ਨਾਉ ਰੋਸ਼ਨ ਕੀਤਾ।

ਹੁਣ ਤਕ ਧਰਮਵੀਰ ਸਿੰਘ ਮਠਾੜੂ ਰਾਜ ਪੱਧਰ ਤੇ ਪੈਰਾ ਓਲੰਪਿਕ ਪਾਵਰ ਲਿਫਟਿੰਗ ਵਿਚ ੬ ਸੋਨੇ ਦੇ ਪਦਕ ਜਿੱਤ ਚੁੱਕਿਆ ਹੈ। ਰਾਜ ਪੱਧਰ ਤੇ ਹੀ ਬੌਡੀ ਬਿਲਡਿੰਗ ਵਿਚ ੫ ਪਦਕ ਸੋਨੇ ਦੇ ਅਤੇ ੨ ਪਦਕ ਕਾਂਸੀ ਦੇ ਜਿੱਤ ਕੇ ਪ੍ਰਾਂਤ ਤੇ ਸਮਾਜ ਦਾ ਨਾਉਂ ਉੱਚਾ ਕੀਤਾ ਹੈ। ੨੦੦੯ ਵਿਚ ਕੰਕੇਰ (ਛਤੀਸਗੜ੍ਹ) ਰਾਜ ਪੱਧਰ ਤੇ ਡਿਸਏਬਲ ਗਰੁੱਪ 'ਚੋਂ "ਮਿਸਟਰ ਛਤੀਸਗੜ੍ਹ" ਦੇ ਖਿਤਾਬ ਨਾਲ ਸਨਮਾਨਤ ਹੋ ਚੁੱਕਾ ਹੈ।

ਰਾਸ਼ਟਰੀ ਪੈਰਾ ਓਲੰਪਿਕ ਪਾਵਰ ਲਿਫਟਿੰਗ ਵਿਚ ੪ ਚਾਂਦੀ ਦੇ ਅਤੇ ਇਕ ਤਗਮਾ ਕਾਸੀ ਦਾ ਜਿੱਤਿਆ ਹੈ। ਰਾਸ਼ਟਰੀ ਪਾਵਰ ਲਿਫਟਿੰਗ ਓਪਨ ਵਿਚ ਵੀ ਇਕ ਤਗਮਾ ਚਾਂਦੀ ਦਾ ਜਿੱਤ ਚੁੱਕਿਆ ਹੈ।

ਰਾਸ਼ਟਰੀ ਬੌਡੀ ਬਿਲਡਿੰਗ ਵਿਚ ੨ ਵਾਰ ਕਾਂਸੀ ਪਦਕ ਜਿੱਤ ਕੇ ਪਰਾਂਤ ਦਾ ਨਾਉਂ ਰੋਸ਼ਨ ਕੀਤਾ।

ਛਤੀਸਗੜ੍ਹ ਸਰਕਾਰ ਦੇ ਖੇਲ ਵਿਭਾਗ ਨੇ ਸੀਨੀਅਰ ਖਿਲਾੜੀ ਦੀ ਮਾਨਤਾ ਦਿੰਦੇ ਹੋਏ ੨੦ ਹਜ਼ਾਰ, ਇਕ ਵਾਕ ੭ ਹਜ਼ਾਰ ਰੁਪਏ ਨਕਦ ਇਨਾਮ ਦੇ ਕੇ ਸਨਮਾਨਤ ਕੀਤਾ ਹੈ। ਧਰਮਵੀਰ ਸਿੰਘ ਮਠਾੜੂ ਇਕ ਮੱਧਮ ਵਰਗ ਦੇ ਪਰਿਵਾਰ ਨਾਲ ਸਬੰਧਤ ਹੈ। ਉਹ ਪਿਛਲੇ ੬ ਸਾਲਾਂ ਤੋਂ ਪਾਵਰ ਲਿਫਟਿੰਗ, ਬਾਡੀ ਬਿਲਡਿੰਗ ਕਰਦਾ ਆ ਰਿਹਾ ਹੈ। ਮੱਧਮ ਪਰਿਵਾਰ ਕਦ ਤਕ ਖਰਚਾ ਸਹਿਨ ਕਰੇਗਾ। ਸਰਕਾਰ ਨੂੰ ਅਪੀਲ ਕਰਾਂਗਾ ਕਿ ਧਰਮਵੀਰ ਸਿੰਘ ਨੂੰ ਖੇਲ ਦੇ ਅਧਾਰ ਤੇ ਨੌਕਰੀ ਦੇ ਕੇ ਸਨਮਾਨਤ ਕਰੇ ਤਾਂਕਿ ਆਉਣ ਵਾਲੀਆਂ ਸਮੱਸਿਆਵਾਂ ਤੋਂ ਬਚ ਸਕੇ। ਨੈਸ਼ਨਲ/ਇੰਟਰ ਨੈਸ਼ਨਲ ਕੰਪਨੀਆਂ ਨੂੰ ਬੇਨਤੀ ਕਰਾਂਗਾ ਕਿ ਉਹ ਇਸ ਨੈਸ਼ਨਲ ਖਿਲਾੜੀ ਨੂੰ ਆਰਥਿਕ ਮਦਦ ਦੇ ਕੇ ਉਤਸਾਹਿਤ ਕਰੇ ਤਾਕਿ ਉਹ ਇੰਟਰਨੈਸ਼ਨਲ ਖੇਲ ਵਿਚ ਭਾਗ ਲੈ ਕੇ ਦੇਸ਼ ਦਾ ਨਾਉਂ ਉਚਾ ਕਰੇ ਅਤੇ ਆਪਣੇ ਸੁਪਨੇ ਸਾਕਾਰ ਕਰ ਸਕੇ।

*—ਡਾ. ਡੀ. ਐਸ. ਮਠਾੜੂ*
*੦੯੪੦੬੩-੭੭੦੭੬*

## ਵਿਸ਼ਵ ਪੰਜਾਬੀ ਕਵੀ ਸਭਾ ਦੀ ਚੋਣ ਹੋਈ



ਲੁਧਿਆਣਾ-ਵਿਸ਼ਵ ਪੰਜਾਬੀ ਕਵੀ ਸਭਾ ਦੀ ਮੀਟਿੰਗ ਹੋਟਲ ਗਰੈਂਡ ਮੈਰੀਅਨ ਦੁੱਗਰੀ ਰੋਡ ਲੁਧਿਆਣਾ ਵਿਖੇ ਉੱਘੀ ਸ਼ਾਇਰਾ ਸ੍ਰੀਮਤੀ ਗੁਰਚਰਨ ਕੌਰ ਕੋਚਰ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਸ. ਜੋਗਿੰਦਰ ਸਿੰਘ ਕੰਗ ਨੂੰ ਲਗਾਤਾਰ ਸਤਵੀਂ ਵਾਰ ਸਰਵ ਸੰਮਤੀ ਨਾਲ ਤਿੰਨ ਸਾਲਾਂ ਲਈ ਕਵੀ ਸਭਾ ਦਾ ਪ੍ਰਧਾਨ ਚੁਣ ਲਿਆ ਗਿਆ। ਬਾਕੀ ਅਹੁਦੇਦਾਰਾਂ ਵਿਚ ਗੁਰਚਰਨ ਕੌਰ ਕੋਚਰ ਸੀਨੀਅਰ ਮੀਤ ਪ੍ਰਧਾਨ, ਸੁਰਜੀਤ ਸਿੰਘ ਸਾਜਨ, ਚਰਨਜੀਤ ਸਿੰਘ ਦੋਸ਼ੀ, ਸਤਿਨਾਮ ਸਿੰਘ ਕੋਮਲ, ਅਮਰਜੀਤ ਕੌਰ ਨਾਜ਼, ਅਮਰਜੀਤ ਕੌਰ ਹਿਰਦੇ ਤੇ ਪਰਮਜੀਤ ਕੌਰ ਮਹਿਕ ਮੀਤ ਪ੍ਰਧਾਨ, ਐਡਵੋਕੇਟ ਕ੍ਰਿਪਾਲ ਸਿੰਘ ਕਾਲੜਾ ਜਨਰਲ ਸਕੱਤਰ, ਅਮਰਜੀਤ ਕੌਰ ਨੂਰੀ ਤੇ ਗੁਰਦੀਸ਼ ਕੌਰ ਗਰੇਵਾਲ ਸਕੱਤਰ, ਡਾ. ਪ੍ਰਿਤਪਾਲ ਕੌਰ ਚਾਹਲ ਤੇ ਸੰਪੂਰਨ ਸਿੰਘ ਸਨਮ ਜਾਇੰਟ ਸਕੱਤਰ, ਗੁਰਦੀਪ ਸਿੰਘ ਮੱਕੜ ਖਜ਼ਾਨਚੀ, ਰਜਿੰਦਰ ਨਾਥ ਸ਼ਰਮਾ ਆਡੀਟਰ ਅਤੇ ਐਡਵੋਕੇਟ ਗੁਰਚਰਨ ਸਿੰਘ ਤਾਰਾ ਤੇ ਐਡਵੋਕੇਟ ਮੁਖਤਿਆਰ ਸਿੰਘ ਮਾਨ ਕਾਨੂੰਨੀ ਸਲਾਹਕਾਰ ਬਣਾਏ ਗਏ।

ਉਪਰੋਕਤ ਤੋਂ ਇਲਾਵਾ ਬਣਾਏ ਗਏ ੧੦ ਕਾਰਜਕਾਰਨੀ ਮੈਂਬਰਾਂ ਦੀ ਸੂਚੀ ਵਿਚ ਗੁਰਨਾਮ ਸਿੰਘ ਕੋਮਲ, ਅਮੀਰ ਸਿੰਘ ਰਾਣਾ, ਹਰਜੀਤ ਸਿੰਘ ਭੰਵਰਾ, ਅਜੀਤ ਸਿੰਘ ਲਾਇਲ, ਬਲਵੰਤ ਸਿੰਘ ਸਨੇਹੀ, ਜਗਸ਼ਰਨ ਸਿੰਘ ਛੀਨਾ, ਸੁਖਚਰਨਜੀਤ ਕੌਰ ਗਿੱਲ, ਕੁਲਵਿੰਦਰ ਕੌਰ ਧੀਮਾਨ, ਪ੍ਰਿੰ. ਜਸਪ੍ਰੀਤ ਕੌਰ ਅਤੇ ਬੀਬਾ ਕੁਲਵੰਤ ਦੇ ਨਾਂ ਸ਼ਾਮਿਲ ਹਨ।

*—ਅਮਰਜੀਤ ਕੌਰ ਨੂਰੀ*
*ਸਕੱਤਰ*

## ਚੰਡੀਗੜ੍ਹ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਬਰਸੀ ਪੁਰਬ

ਗੁਰਦੁਆਰਾ ਨਾਮਧਾਰੀ ਸੰਗਤ ਚੰਡੀਗੜ੍ਹ ਵਿਖੇ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਦਾ ੫੧ਵੀਂ ਸਲਾਨਾ ਬਰਸੀ ਪੁਰਬ ਦਾ ਆਯੋਜਨ ਕੀਤਾ ਗਿਆ। ਇਹ ਪ੍ਰੋਗਰਾਮ ੫ ਭਾਦੋਂ ਦੀ ਰਾਤ ਨੂੰ ਮਨਾਇਆ ਗਿਆ। ਸਮਾਗਮ ਦਾ ਆਰੰਭ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਤਾਜ਼ਾ ਕਰਦਿਆਂ ਮੁੱਖ ਸੇਵਾਦਾਰ ਗ੍ਰੰਥੀ, ਮਾ. ਜਗਤਾਰ ਸਿੰਘ ਰਾਜਸਥਾਨ ਵਾਲਿਆਂ ਕਥਾ ਵਿਚਾਰ ਭਾਵ-ਭਿੰਨੇ ਅੰਦਾਜ਼ ਨਾਲ ਕੀਤਾ। ਜਥੇਦਾਰ ਅਜੀਤ ਸਿੰਘ ਨੇ 'ਮੇਰੇ ਸਤਿਗੁਰ



Namdhari Elibrary NamdhariElibrary@gmail.com

ਜਿਹਾ ਨਾ ਕੋਈ' ਦੀ ਧਾਰਨਾ ਹੇਠ ਦੀਵਾਨ ਲਾ ਕੇ ਸਤਿਗੁਰ ਦੀ ਮਹਿਮਾ ਗਾਇਣ ਕੀਤੀ ਅਤੇ ਹੱਡਬੀਤੀ ਸਾਖੀ ਬਿਆਨ ਕੀਤੀ। ਉਪਰੰਤ ਨੌਜਵਾਨਾਂ ਅਤੇ ਛੋਟੇ ਬੱਚਿਆਂ ਨੇ ਵੀ ਆਪਣੀ ਸ਼ਰਧਾ ਭਰੀਆਂ ਕ੍ਰਮਵਾਰ ਕਵਿਤਾਵਾਂ, ਲੇਖ ਅਤੇ ਸ਼ਬਦ ਸੁਣਾਏ। ਕਾਕਾ ਰਤਨ ਸਿੰਘ ਨੇ 'ਤੇਰੇ ਦਰਸ਼ਨ ਦੇ ਪਿਆਸੇ ਨੂੰ ਦੀਦਾਰ ਚਾਹੀਦਾ' ਦੀ ਧਾਰਨਾ ਨਾਲ ਕੀਰਤਨ ਦੀਵਾਨ ਸਜਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਪ੍ਰੀਤਮ-ਗੁਰੂ ਦੇ ਵਿਛੋੜੇ ਦਾ ਬਿਆਨ ਕਾਕਾ ਕਰਤਾਰ ਸਿੰਘ ਨੇ ਕੀਤਾ। ਪ੍ਰਭਜੋਤ ਸਿੰਘ ਨੇ 'ਗੁਰ ਪ੍ਰਤਾਪ ਸਿੰਘ ਦੀ ਕੁੱਲ ਦੁਨੀਆਂ ਤੋਂ ਸ਼ਾਨ ਨਿਆਰੀ' ਵਧੀਆ ਢੰਗ ਨਾਲ ਗਾਇਣ ਕੀਤਾ। ਬੱਚੀ ਤਲਵਿੰਦਰ ਕੌਰ ਨੇ 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਗੁਰਬਾਣੀ ਦਾ ਮਨੋਹਰ ਸ਼ਬਦ ਗਾਇਆ। ਸਿਮਰਨ ਕੌਰ ਨੇ ਸਾਖੀ ਰੂਪ ਵਿਚ ਸਤਿਗੁਰੂ ਦੀ ਉਸਤਤਿ ਪੇਸ਼ ਕੀਤੀ। ਦੀਨ ਦੁਖੀ ਨਿਥਾਵਿਆ ਤੋਂ ਅਤੇ ਦੈਂਤਾਂ ਤੋਂ ਦੇਵਤੇ ਬਨਾਉਣ ਵਾਲਾ ਕਵਿਤਾ ਪਵਨੀਤ ਕੌਰ ਨੇ ਬੜੀ ਸ਼ਰਧਾ ਸਹਿਤ ਪੇਸ਼ ਕੀਤੀ। ਸੰਤ ਸਿੰਘ ਅਤੇ ਗਿਆਨ ਸਿੰਘ 'ਨੇ ਦਿਲਰੁਬਾ ਤੰਤੀ ਸਾਜ਼ ਨਾਲ ਸਤਿਗੁਰ ਜੀ ਦਾ ਜੱਸ ਗਾਇਆ

"ਪ੍ਰਤਾਪੀ ਵੱਡ ਪ੍ਰਤਾਪ ਜੀਓ, ਤੇਰੀ ਯਾਦ ਦਿਲਾਂ ਵਿਚੋਂ ਭੁੱਲਣੀ ਨਹੀਂ

ਸੈ ਜੁਗੜੇ ਚਾਹੇ ਬੀਤ ਜਾਣ, ਇਹ ਗੰਢ ਪਿਆਰ ਦੀ ਖੁੱਲ੍ਹਣੀ ਨਹੀਂ।"

ਬੀਬੀ ਗਿਆਨ ਕੌਰ ਨੇ ਸਤਿਗੁਰੂ ਦੀ ਯਾਦ ਨੂੰ ਇਨ੍ਹਾਂ ਸ਼ਬਦਾਂ ਨਾਲ ਗਾ ਕੇ ਪ੍ਰਸਤੁਤ ਕੀਤਾ,

"ਗੁਰੂ ਪ੍ਰਤਾਪ ਦੀਆਂ ਯਾਦਾਂ ਦਿਲ ਮੱਲਿਆ, ਓਸਦਾ ਵਿਛੋੜਾ ਸਾਥੋਂ ਜਾਵਣਾ ਨਾ ਝੱਲਿਆ।"

ਨਾਮਧਾਰੀ ਪੰਥ ਦੇ ਪ੍ਰਸਿੱਧ ਵਿਦਵਾਨ ਸੰਤ ਗੁਰਬਚਨ ਸਿੰਘ ਜੀ ਨੇ ਭਗਤ ਕਬੀਰ ਜੀ ਦੀ ਬਾਣੀ ਵਿਚੋਂ ਪ੍ਰਮਾਣਿਤ ਸਾਖੀਆਂ ਸ੍ਰਵਣ ਕਰਵਾ ਕੇ ਸਤਿਗੁਰੂ ਜੀ ਪ੍ਰਤੀ ਸ਼ਰਧਾ ਪ੍ਰਗਟ ਕੀਤੀ। ਸਮਾਗਮ ਵਿਚ ਪਟਿਆਲਾ ਤੋਂ ਆਏ, ਸਤਿਗੁਰੂ ਜੀ ਦੀ ਬਖਸ਼ਿਸ਼ ਦੇ ਨਿਮਾਣੇ-ਸੇਵਕ ਸ੍ਰ. ਜਸਬੀਰ ਸਿੰਘ ਸਿੱਧੂ ਨੇ ਬੜੇ ਹੀ ਵੈਰਾਗ-ਰਸ ਵਿਚ, ਸੁਲੱਖਣ ਸਿੰਘ ਦੀਆਂ ਲਿਖੀਆਂ ਇਹਨਾਂ ਸਤਰਾਂ—

"ਪੰਜ ਭਾਦੋਂ ਦੀਏ ਰਾਤੇ ਨੀ ਤੂੰ, ਇਹ ਕੀ ਕਹਿਰ ਕਮਾਇਆ ਈ...

ਤੁਰ ਚੱਲਿਆ ਅੱਜ ਵੱਡ ਪ੍ਰਤਾਪੀ, ਗੁਰੂ ਵਿਛੋੜਾ ਪਾਇਆ ਈ..।"

... ਨੂੰ ਸੰਗੀਤਕ ਸੁਰਾਂ ਨਾਲ ਗਾਇਣ ਕਰਕੇ, ਸੰਗਤਾਂ ਨੂੰ ਸਤਿਗੁਰੂ ਜੀ ਦੀ ਜੀ ਯਾਦ ਵਿਚ ਵੈਰਾਗੀ ਕਰ ਦਿੱਤਾ ਤੇ ਸੰਗਤਾਂ ਵੈਰਾਗ ਵਿਚ ਹੰਝੂ ਕੇਰਣ ਲੱਗ ਪਈਆਂ।

ਇਸ ਤਰ੍ਹਾਂ, ਵੈਰਾਗ-ਭਰੇ ਮਾਹੌਲ ਵਿਚ ਬਜ਼ੁਰਗ ਮਾਤਾਵਾਂ ਹਰਭਜਨ ਕੌਰ, ਅਜੀਤ ਕੌਰ ਅਤੇ ਜਸਵਿੰਦਰ ਕੌਰ ਨੇ ਸਤਿਗੁਰੂ ਜੀ ਨਾਲ ਹੋਏ ਬਚਨ-ਸਾਂਝੇ ਕੀਤੇ ਫਿਰ ਇਹਨਾਂ ਦਰਦ ਭਰੀਆਂ ਲਾਇਨਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ—

"ਵੱਡੇ ਪ੍ਰਤਾਪ ਵਾਲਿਆਂ, ਧੰਨ ਤੂੰ ਹੈ, ਧੰਨ ਤੇਰੀ ਹੈ ਕਮਾਈ,

ਤੇਰੇ ਉਪਕਾਰਾਂ ਨੇ ਧੂੰਮ, ਵਿਚ ਦੁਨੀਆਂ ਦੇ ਪਾਈ।"

ਇਕ ਹੋਰ ਬੀਬੀ ਪ੍ਰੇਮ ਰਤਨ ਨੇ ਭਾਵਪੂਰਤ ਸ਼ਬਦਾਂ ਰਾਹੀਂ ਸ਼ਰਧਾ ਅਰਪਣ ਕਤੀਤੀ।

"ਚੋਜੀ ਪ੍ਰੀਤਮ ਜੀ ਤੁਸੀਂ ਕਿਥੇ ਤੁਰ ਗਏ, ਨੂਰੀ ਮੁਖੜਾ ਛੁਪਾ ਕੇ,

ਪੰਜ ਭਾਦਰੋਂ ਕਹਿਰੀ ਨੇ ਹਾਏ ਅੱਜ ਕਹਿਰ ਕਮਾਇਆ ਏ...।"

ਇਸ ਤੋਂ ਬਾਅਦ ਨਾਮਧਾਰੀ/ਰੀਤੀ ਅਨੁਸਾਰ ਹੱਲੇ ਦਾ ਦੀਵਨ, ਜਥੇਦਾਰ ਦਵਿੰਦਰ ਸਿੰਘ ਹੋਰਾਂ-ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਸਿੱਖਾਂ ਨਾਲ ਵਾਰਤਾਲਾਪਾਂ ਵਿਚੋਂ ਪ੍ਰਸੰਗ ਸੁਣਾਏ ਅਤੇ ਰਾਗ ਬਿਲਾਵਲੁ ਵਿਚ 'ਵਡ ਪ੍ਰਤਾਪ ਸੁਣਿਓ ਪ੍ਰਭ ਤੁਮਰੋ ਦੀ ਧਾਰਨਾ ਹੇਠ ਸ਼ਬਦ ਸ੍ਰਵਣ ਕਰਵਾਏ।

ਅੰਤ ਵਿਚ ਪ੍ਰੋਗਰਾਮ ਦੀ ਸਟੇਜ ਸੰਚਾਲਣਾ ਕਰਦੇ ਹੋਏ ਸੰਤ ਬਲਵਿੰਦਰ ਸਿੰਘ ਨੇ ਵਰਤਮਾਨ ਸਤਿਗੁਰੂ ਜੀ ਦੇ ਇਨ੍ਹਾਂ ਸ਼ਬਦਾਂ ਨਾਲ ਵੈਰਾਗ ਮਈ ਰਾਤ ਨੂੰ ਵਿਦਾ ਕੀਤਾ—

"ਤੁਧ ਚਿਤਵਤ ਸੁਖ ਅਧਿਕ ਹੋਵੈ ਨਾਸੇ ਸਭ ਪਾਪ।

ਕਰ ਕਿਰਪਾ ਮੋਹਿ ਨਿਜ ਵਸੋ-ਸ੍ਰੀ ਸਤਿਗੁਰ ਪ੍ਰਤਾਪ॥"

ਉਪਰੰਤ ਗੁਰੂ ਕੇ ਲੰਗਰਾਂ ਦੀ ਸੇਵਾ ਸੰਤ ਹਜ਼ਾਰਾ ਸਿੰਘ ਦੀ ਸਰਪ੍ਰਸਤੀ ਹੇਠ, ਸੰਤ ਜੋਗਿੰਦਰ ਸਿੰਘ, ਸੰਤ ਰਣਜੀਤ ਸਿੰਘ, ਸੰਤ ਤਰਲੋਕ ਸਿੰਘ ਅਰੋੜਾ ਹੋਰਾਂ ਰਲ ਕੇ ਕੀਤੀ ਅਤੇ ਫਲਾਂ ਦੀ ਸੇਵਾ ਸੰਤ ਦੀਦਾਰ ਸਿੰਘ ਸਿੱਧੂ ਪਰਿਵਾਰ ਵੱਲੋਂ ਕੀਤੀ ਗਈ।

ਸਾਰੇ ਪ੍ਰੋਗਰਾਮ ਦੀ ਅਗਵਾਈ, ਜਥੇਦਾਰ ਜੋਗਾ ਸਿੰਘ ਮਦਾਰ, ਜਥੇਦਾਰ ਬਲਵਿੰਦਰ ਸਿੰਘ, ਸੰਤ ਸੇਵਾ ਸਿੰਘ ਬਾਜਵਾ, ਸੰਤ ਜੋਗਿੰਦਰ ਸਿੰਘ ਮਠਾੜੂ ਡੁਬਈ ਵਾਲੇ ਸੰਤ ਨੱਥਾ ਸਿੰਘ, ਸੰਤ ਰਣਜੀਤ ਸਿੰਘ ਹੰਸਪਾਲ, ਸੰਤ ਅਮਰ ਸਿੰਘ, ਸੰਤ ਜਸਵੰਤ ਸਿੰਘ ਮਨੀ ਮਾਜਰਾ ਅਤੇ ਹੋਰ ਪਰਿਵਾਰਾਂ-ਪ੍ਰਬੰਧਕਾਂ ਦੁਆਰਾ ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਕੀਤੀ ਗਈ ਅਤੇ ਭਾਗ ਲੈਣ ਵਾਲੇ ਬੱਚਿਆਂ ਦੀ ਹੌਸਲਾ ਅਫਜ਼ਾਈ ਕਰਕੇ ਅੰਤ ਵਿਚ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਸੋਧ ਕੇ ਪ੍ਰੋਗਰਾਮ ਦੀ ਸਮਾਪਤੀ ਕੀਤੀ।



Namdhari Elibrary NamdhariElibrary@gmail.com

## 'ਗਹਿਰ ਚੜ੍ਹੀ ਅਸਮਾਨ' ਰਿਲੀਜ਼

ਪੰਜਾਬੀ ਲੇਖਕ ਸਭਾ ਚੰਡੀਗੜ੍ਹ ਦੀ ਮਾਸਿਕ ਇੱਕਤਰਤਾ ਪੰਜਾਬ ਕਲਾ ਭਵਨ ਵਿਖੇ ਹੋਈ। ਇਸ ਵਿੱਚ ਬਲਬੀਰ ਪਰਵਾਨਾ ਦਾ ਨਵ-ਪ੍ਰਕਾਸ਼ਿਤ ਨਾਵਲ 'ਗਹਿਰ ਚੜ੍ਹੀ ਅਸਮਾਨ' ਰਿਲੀਜ਼ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਡਾ. ਪਰੇਮ ਸਿੰਘ ਨੇ ਕੀਤੀ, ਜਦਕਿ ਡਾ. ਸ਼ਿੰਦਰਪਾਲ ਸਿੰਘ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਪ੍ਰਧਾਨਗੀ ਮੰਡਲ ਵਿੱਚ ਉਹਨਾਂ ਨਾਲ ਡਾ. ਰਜਨੀਸ਼ ਬਹਾਦਰ ਸਿੰਘ, ਡਾ. ਮਿਨਾਕਸ਼ੀ ਰਾਠੌਰ, ਡਾ. ਲਾਭ ਸਿੰਘ ਖੀਵਾ ਵੀ ਸ਼ਾਮਲ ਸਨ।

ਸਮਾਗਮ ਦੀ ਕਾਰਵਾਈ ਆਰੰਭ ਕਰਨ ਤੋਂ ਪਹਿਲਾਂ ਉੱਘੇ ਸਾਹਿਤਕਾਰ ਰਾਜਿੰਦਰ ਭੋਗਲ, ਪ੍ਰਦੁਮਣ ਬੇਦੀ ਤੇ ਸੁਰਜੀਤ ਗਾਮੀ ਦੇ ਸਦੀਵੀ ਵਿਛੋੜੇ 'ਤੇ ਗਹਿਰਾ ਦੁੱਖ ਪ੍ਰਗਟ ਕੀਤਾ ਗਿਆ। ਉਪਰੰਤ ਚੰਡੀਗੜ੍ਹ ਲੇਖਕ ਸਭਾ ਦੇ ਪ੍ਰਧਾਨ ਲਾਭ ਸਿੰਘ ਖੀਵਾ ਨੇ 'ਜੀ ਆਇਆਂ।' ਡਾ. ਮੀਨਾਕਸ਼ੀ ਰਾਠੌਰ ਨੇ ਬਲਬੀਰ ਪਰਵਾਨਾ ਦੇ ਨਾਵਲ 'ਤੇ ਵਿਸਤਰਿਤ ਤੇ ਭਾਵਪੂਰਤ ਪਰਚਾ ਪੜ੍ਹਿਆ। ਡਾ. ਰਾਠੌਰ ਨੇ ਪਰਚੇ 'ਚ ਕਿਹਾ ਕਿ ਪਰਵਾਨਾ ਦੇ ਇਸ ਨਾਵਲ ਦਾ ਬਿਰਤਾਂਤਕੀ ਪਾਠ ਰੂਸੀ ਇਕਲਾਬ ਦੇ ਪ੍ਰਭਾਵ ਹੇਠ ਪੰਜਾਬੀ ਵਿੱਚ ਕਮਿਊਨਿਸਟ ਲਹਿਰ ਤੇ ਇਸ ਲਹਿਰ ਦੇ ਪ੍ਰਭਾਵ ਹੇਠ ਪੰਜਾਬ ਸਮਾਜ ਵਿਚ ਹੋਈ ਉਥਲ-ਪੁਥਲ ਨੂੰ ਪੇਸ਼ ਕਰਦਾ ਹੈ। ਲੇਖਕ ਨੇ ਪੰਜਾਬ ਦੇ ਸਮਾਜਿਕ, ਆਰਥਿਕ ਤੇ ਰਾਜਨੀਤਕ ਤਾਣੇ-ਬਾਣੇ 'ਚ ਵਾਪਰੇ ਕ੍ਰਾਂਤੀਕਾਰੀ ਪਰਿਵਰਤਨਾਂ ਨੂੰ ਆਧਾਰ ਬਣਾਇਆ ਹੈ। ਡਾ. ਮੀਨਾਕਸ਼ੀ ਰਾਠੌਰ ਨੇ ਅੱਗੇ ਕਿਹਾ ਕਿ ਪੰਜਾਬ ਵਿੱਚ ਹਰੀ ਕ੍ਰਾਂਤੀ ਦੇ ਨਾਮ ਤੇ ਯੁੱਗ-ਬਦਲੀ ਤਾਂ ਹੁੰਦੀ ਹੈ, ਪਰ ਬਹੁਤਿਆਂ ਅਰਥਾਂ ਵਿੱਚ ਇਹ ਮਸ਼ੀਨਰੀ, ਕਿਰਤੀ ਤੇ ਕਿਰਤ ਲਈ ਮਾਰੂ ਸਿੱਧ ਹੁੰਦੀ ਹੈ। ਉਹਨਾਂ ਕਿਹਾ ਕਿ ਨਾਵਲ "ਗਹਿਰ ਚੜ੍ਹੀ ਅਸਮਾਨ" ਇਸ ਨੂੰ ਪੇਸ਼ ਕਰਨ ਦਾ ਸਫਲ ਯਤਨ ਹੈ।

ਉਪਰੰਤ ਨਾਵਲ ਦੇ ਲੇਖਕ ਬਲਬੀਰ ਪਰਵਾਨਾ ਨੇ ਨਾਵਲ ਦੀ ਸਿਰਜਣ ਪ੍ਰਕ੍ਰਿਆ ਤੇ ਪੰਜਾਬੀ ਦੀ ਸਾਹਿਤਕ ਪੱਤਰਕਾਰੀ ਬਾਰੇ ਆਪਣੇ ਅਨੁਭਵ ਸਰੋਤਿਆਂ ਨਾਲ ਸਾਂਝੇ ਕੀਤੇ। ਡਾ. ਮੀਨਾਕਸ਼ੀ ਦੇ ਪਰਚੇ ਅਤੇ ਬਲਬੀਰ ਪਰਵਾਨਾ ਦੇ ਵਿਚਾਰਾਂ 'ਤੇ ਇਕਬਾਲ ਢਿੱਲੋਂ, ਸੁਰਿਦਰ ਗਿੱਲ, ਪ੍ਰੀਤਮ ਰੁਪਾਲ, ਡਾ. ਹਰਨੇਕ ਕਲੇਰ, ਪ੍ਰੋ. ਬਲਬੀਰ ਬੱਲੀ ਪਟਿਆਲਾ, ਸ੍ਰੀ ਜਸਵੀਰ ਭੰਗੜ ਤੇ ਕਹਾਣੀਕਾਰਾ ਨਿਰਮਲ ਜਸਵਾਲ ਨੇ ਵਿਚਾਰ ਪੇਸ਼ ਕੀਤੇ। ਬਾਅਦ ਵਿੱਚ ਵਿਸ਼ੇਸ਼ ਮਹਿਮਾਨ ਡਾ. ਸ਼ਿੰਦਰਪਾਲ ਸਿੰਘ ਨੇ ਪੰਜਾਬੀ ਲਈ ਸਾਈਬਰ ਭਾਸ਼ਾ ਵਿਕਸਤਿ ਕਰਨ 'ਤੇ ਜ਼ੋਰ ਦਿੱਤਾ। ਡਾ. ਰਜਨੀਸ਼ ਬਹਾਦਰ ਸਿੰਘ, ਜਨਰਲ ਸਕੱਤਰ ਕੇਂਦਰੀ ਪੰਜਾਬੀ ਲੇਖਕ ਸਭਾ ਨੇ ਵਿਚਾਰ-ਚਰਚਾ 'ਤੇ ਭਾਗ ਲੈਂਦਿਆਂ ਕਿਹਾ ਕਿ 'ਗਹਿਰ ਚੜ੍ਹੀ ਅਸਮਾਨ' ਨਾਵਲ ਨਾਲ ਪਰਵਾਨਾ ਪੰਜਾਬੀ ਨਾਵਲ ਖੇਤਰ ਵਿੱਚ ਆਪਣੀ ਪਛਾਣ ਗੂੜ੍ਹੀ ਕਰ ਗਿਆ ਹੈ। ਇਹ ਨਾਵਲ ਇਕਹਿਰੀ ਪਰਤ ਦਾ ਨਾ ਹੋ ਕੇ, ਸੰਗਠਿਤ ਰੂਪ 'ਚ ਪੰਜਾਬ ਦੇ ਪਿੰਡ ਨੂੰ ਪੇਸ਼ ਕਰਦਾ ਹੈ। ਡਾ. ਸਿੰਘ ਨੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਆਉਂਦੇ ਪ੍ਰੋਗਰਾਮਾਂ ਅਤੇ ਉਲੀਕੀਆਂ ਗਤੀਵਿਧੀਆਂ ਉੱਪਰ ਵੀ ਰੋਸ਼ਨੀ ਪਾਈ। ਡਾ. ਪ੍ਰੇਮ ਸਿੰਘ ਅਨੁਸਾਰ ਪਰਵਾਨਾ ਦਾ ਨਾਵਲ ਸਫਲ ਨਾਵਲ ਹੈ, ਜਿਸ ਵਿੱਚ ਪੰਜਾਬੀ ਦੇ ਸਾਹਿਤਕ ਜਗਤ ਅੰਦਰ ਇੱਕ ਨਵੀਂ ਬਹਿਸ ਛੇੜਣ ਦੀ ਸਮਰੱਥਾ ਹੈ।

ਇਸ ਸਮਾਗਮ 'ਚ ਹੋਰਨਾਂ ਤੋਂ ਇਲਾਵਾ ਡਾ. ਅਵਤਾਰ ਪਤੰਗ, ਸ੍ਰੀਮਤੀ ਮਨਜੀਤ ਕੌਰ, ਸੁਦਰਸ਼ਨ ਵਾਲੀਆ, ਪਾਲ ਅਜਨਬੀ, ਬੀ ਕੇ ਪਨੂੰ ਪਰਵਾਜ, ਗੁਰਸ਼ਰਨ ਮਾਵੀ, ਦੇਵੀ ਦਿਆਲ, ਡਾ. ਦੇਵਿੰਦਰ ਸਿੰਘ, ਡਾ. ਜੀਤ ਦੇਵਿੰਦਰ ਕੌਰ, ਧਿਆਨ ਸਿੰਘ ਕਾਹਲੋਂ, ਇਕਬਾਲ ਸਿੰਘ ਸੰਧੂ, ਅਮਰਦੀਪ ਕੌਰ, ਗੁਰਪ੍ਰੀਤ ਆਨੰਦੀ, ਸਰਦਾਰਾ ਸਿੰਘ ਚੀਮਾ ਨੇ ਵੀ ਹਿੱਸਾ ਲਿਆ।

## ਦਿਸਿਆ ਨਹੀਂ : ਵਰਿਆਮ

ਮੰਨਿਉ ਸੰਤ ਪਿਆਰਿਓ, ਸਤਿ, ਸਤਿ ਸ੍ਰੀ ਅਕਾਲ।
ਸੁਣਦੇ ਹੀ ਜਿਸ ਬੋਲ ਨੂੰ, ਮਨ ਹੋ ਜਾਇ ਨਿਹਾਲ।
ਤੁਰਿਆ ਸਾਂ ਮੈਲਬੌਰਨੋਂ, ਅਗਸਤ ਦੇ ਪਹਿਲੇ ਵੀਕ,
ਨਾਭੇ ਹੋ ਸਾਂ ਪੁੱਜ ਗਿਆ ਨੌਂ ਤਾਰੀਖ ਦੇ ਤੀਕ।
ਕੁਝ ਥਕੇਵਾਂ ਲਹਿਣ 'ਤੇ, ਹੋਈ ਜਾਂ ਸੁਰਤੀ ਆਮ।
ਆਸੇ ਪਾਸੇ ਟੋਲਿਆਂ, ਦਿਸਿਆ ਨਹੀਂ 'ਵਰਿਆਮ'।
ਦੋਹੇ ਪੁਰਖ 'ਕਸੇਲ' ਦੇ, ਛਪ ਗਏ ਸੋਹਣੇ ਢੰਗ।
ਪੜ੍ਹਨੇ ਲਈ ਜੋ ਸੰਤ ਜੀ, ਮਨ 'ਚੋਂ ਉੱਠੀ ਉਮੰਗ।
ਪੜ੍ਹੇ ਜੋ ਜਾ ਪਟਿਆਲੜੇ, ਮਿਲਿਆ ਸੰਤ 'ਕਸੇਲ'।
ਫਿਰ ਕੋਇਲੇ ਸੰਗ ਹੋ ਗਿਆ, ਮਘਦੀ ਚਿਣੰਗ ਦਾ ਮੇਲ।
ਕਿਰਪਾ ਕਰਕੇ ਭੇਜਣਾ, ਹੁਣ ਨਾਭੇ 'ਵਰਿਆਮ'।
ਛਪਦੇ ਸੋਝੀਵਾਨ ਜੋ, ਲੈ ਸੱਕਣ ਪ੍ਰਣਾਮ।
੬ ਮਹੀਨੇ ਵਾਸਤੇ, ਮੈਂ ਹਾਂ ਭਾਰਤ ਵਿਚ।
ਜਿਸਦਾ ਮਿੱਟੀ-ਮੋਹ ਫਿਰ, ਲੈ ਆਉਂਦਾ ਹੈ ਖਿੱਚ।
੨੨੪ ਘਰ ਮੇਰਾ, ਮੁਹੱਲਾ ਪਾਂਡੂਸਾਰ,
ਜਿੱਥੇ ਵਾਸਾ ਕਰ ਰਿਹਾ, ਇਹ ਦਾਸ 'ਕਰਤਾਰ'।
ਅੰਕ ਅਗਸਤ ਵੀ ਭੇਜਿਓ, ਨਾਲ ਸਤੰਬਰ ਦੇ,
ਮਨ ਤਨ ਜਾਇ ਅਘਾਣਿਆ, ਉੱਡਣ ਵਿਸਵਿਸੇ।

*—ਕਰਤਾਰ ਸਿੰਘ ਕਾਲੜਾ*

*੨੨੪, ਪਾਂਡੂਸਰ, ਨਾਭਾ-੧੪੭੨੦੧*



Namdhari Elibrary NamdhariElibrary@gmail.com

# ਪ੍ਰਤੀਕਿਰਿਆ

'ਵਰਿਆਮ' ਸਤੰਬਰ ੨੦੧੦ ਵਿਚ 'ਪ੍ਰਤਿਕਿਰਿਆ' ਵਿਚ ਮੇਰੇ ਕਹਾਣੀ-ਸੰਗ੍ਰਹਿ ਦਾ ਨਾਂ ਗਲਤ ਛਪ ਗਿਆ ਹੈ ਜਿਸ ਨਾਲ ਭੁਲੇਖਾ ਪੈ ਸਕਦਾ ਹੈ। ਦਾਸ ਦੀ ਪੁਸਤਕ ਦਾ ਨਾਂ 'ਅਗਨੀ-ਕਲਮ' ਨਹੀਂ, 'ਅਗਨੀ-ਕਲਸ' ਹੈ।

*—ਗੁਰਬਚਨ ਸਿੰਘ ਭੁੱਲਰ*
*(ਦਿੱਲੀ), bhullargs@gmail.com*

ਵਰਿਆਮ ਲਗਾਤਾਰ ਮਿਲ ਰਿਹਾ ਹੈ। ਇਸ ਵਿਚਲਾ ਸਾਰਾ ਮੈਟਰ ਹੀ ਪੜ੍ਹਨਯੋਗ ਹੁੰਦਾ ਹੈ। ਐਨੇ ਸਾਲਾਂ ਤੋਂ ਇਸਦੀ ਲਗਾਤਾਰਤਾ ਨੂੰ ਬਰਕਰਾਰ ਰੱਖਣਾ ਹੀ ਆਪਣੇ ਆਪ ਵਿਚ ਇਕ ਬਹੁਤ ਵੱਡੀ ਪ੍ਰਾਪਤੀ ਹੈ। ਵਾਹਿਗੁਰੂ ਤੁਹਾਨੂੰ ਲੰਮੀ ਉਮਰ ਤੇ ਤੰਦਰੁਸਤੀ ਬਖਸ਼ੇ ਤਾਂ ਕਿ ਅਸੀਂ ਹਮੇਸ਼ਾ ਵਰਿਆਮ ਦੇ ਅੰਗਸੰਗ ਰਹਿ ਸਕੀਏ।

*-ਤ੍ਰੈਲੋਚਨ ਲੋਚੀ*
*੨੦-ਸੈਕਿੰਡ ਫਲੋਰ, ਐੱਚ-ਆਈ. ਜੀ*
*ਰਾਜਗੁਰੂ ਨਗਰ-ਲੁਧਿਆਣਾ*

ਪਰਚਾ ਲਗਾਤਾਰ ਮੇਰੇ ਚੰਡੀਗੜ੍ਹ ਦੇ ਪਤੇ ਤੋਂ ਹੋ ਕੇ ਪੁੱਜਦੈ, ਧੰਨਵਾਦ ਆਪਣੇ ਘਰ ਢਕੋਲੀ-ਜ਼ੀਰਕਪੁਰ ਮੈਂ ਆ ਚੁੱਕਾ ਹਾਂ, ਸੂਚਨਾ ਹਿਤ। ਅਗਸਤ ਅੰਕ 'ਚ ਵਿਰਦੀ ਭੋਗਲ, ਸੀਚੇਵਾਲਵੀ, ਕਾਲੜਾ, ਸ਼ਿਵਨਾਥ, ਸੁਲੱਖਣ, ਮੀਤ ਸਮੇਤ ਬਹੁਤੇ ਹੋਰ ਦੋਸਤਾਂ ਦੀਆਂ ਲਿਖਤਾਂ ਪੜ੍ਹ ਗਿਆ, ਸਾਹਿਤ ਤੇ ਅਧਿਆਤਮ ਦਾ ਸੁਮੇਲ ਹੈ 'ਵਰਿਆਮ'।

*—ਪ੍ਰੋ. ਫੂਲਚੰਦ ਮਾਨਵ*
*# ੨੩੯ ਦਸ਼ਮੇਸ਼ ਐਨਕਲੇਵ,*
*ਢਕੋਲੀ, ਜ਼ੀਰਕਪੁਰ-੧੬੦੧੦੪, ਪੰਜਾਬ*
*ਮੋਬ-੯੩੧੬੦-੦੧੫੫੯*

ਆਪਣੀ ਵਰਿਆਮ ਪੱਤਰਿਕਾ ਬਹੁਤ ਵੀ ਵਧੀਆ ਖੋਜ ਭਰਪੂਰ, ਅਖੌ ਪ੍ਰੋਖੇ, ਜਾਣਕੇ ਅਣਜਾਣੇ ਕੀਤੇ ਹੋਏ ਇਤਿਹਾਸਕ ਤੱਥ ਬੜੀ ਸਰਲਤਾ ਅਤੇ ਨਿਰਭੈਤਾ ਨਾਲ ਪਾਠਕਾਂ ਦੇ ਵਿਚਾਰ ਲਈ ਸਾਹਮਣੇ ਲਿਆਉਂਦੀ ਹੈ। ਜਿਵੇਂ ਕਿ ਸ. ਸਵਰਨ ਸਿੰਘ ਵਿਰਕ ਦੀਆਂ ਲੇਖਣੀਆਂ ਅਤੇ ਮੈਂਬਰ ਪਾਰਲੀਮੈਂਟ ਮਾਨਯੋਗ ਤਰਲੋਚਨ ਸਿੰਘ ਜੀ ਦੀਆਂ ਟਿਪਣੀਆਂ ਹਿਰਦੇ ਵਿੱਚ ਤਬ ਸੰਗਤ ਵਾਸ ਕਰਨ ਯੋਗ ਹਨ, ਜਿਨ੍ਹਾਂ ਤੇ ਅਮਲ ਕਰਨਾ ਵੀ ਇਨਸਾਨੀਅਤ ਦੇ ਹਿੱਤ ਵਿਚ ਹੈ। ਸਾਰੀ ਸਮਗਰੀ ਮਿਹਨਤ ਨਾਲ ਇਕੱਠੀ ਕਰਦੇ ਪੇਸ਼ ਕਰਨ ਦਾ ਢੰਗ ਬਿਨਾਂ ਕਿਸੇ ਦੀ ਆਤਮਾ ਨੂੰ ਦੁੱਖ ਪਹੁੰਚਾਏ ਬਹੁਤ ਹੀ ਵਧੀਆ ਹੈ ਜਿਸ ਨੂੰ ਵਿਸਥਾਰ ਪੂਰਬਕ ਦਸਣ ਲਈ ਬਹੁਤ ਜਗ੍ਹਾ ਤੇ ਸਮਾਂ ਚਾਹੀਦਾ ਹੈ। ਸੱਚੇ ਪਾਤਸ਼ਾਹ ਤਰੱਕੀ ਬਖਸ਼ਣ।

ਮੈਂ ਬਹੁਤ ਪੁਰਾਣਾ ਪਾਠਕ ਹਾਂ। ਆਪ ਜੀ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਸੱਚੇ ਪਾਤਸ਼ਾਹ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖਸ਼ਿਸ਼ ਨਾਲ ਅਤੇ ਸੰਤ ਬਾਬਾ ਕਰਮ ਸਿੰਘ ਹਿੰਮਤਪੁਰਾ ਮੋਗਾ ਜਿਥੋਂ ਦਾ ਮੈਂ ਵਸਨੀਕ ਤੇ ਜਥੇਦਾਰ ਕਰਤਾਰ ਸਿੰਘ ਦਾ ਲੜਕਾ ਹਾਂ ਦੀ ਅਪਾਰ ਕ੍ਰਿਪਾ ਨਾਲ ਜੋੜੇ ਪੋਤਰੇ ਨਿਊ ਜਰਸੀ ਅਮਰੀਕਾ ਵਿਚ ਪੈਦਾ ਹੋਏ ਹਨ। ਸੱਚੇ ਪਾਤਸ਼ਾਹ ਗੁਰਸਿੱਖੀ ਬਖਸ਼ਣ। ਉਨ੍ਹਾਂ ਦੇ ਆਉਣ ਦੀ ਖੁਸ਼ੀ ਵਿਚ ੨੦੦੦/- ਵਰਿਆਮ ਦੀ ਜੀਵਨ ਮੈਂਬਰਸ਼ਿਪ ਲਈ ਭੇਜ ਰਹਿਆ ਹਾਂ ਪਰਵਾਨ ਕਰਨੇ। ਮੇਹਰਬਾਨੀ ਕਰਕੇ ਅਗਸਤ, ਸਤੰਬਰ ਦੀ ਅੰਕ ਵੀ ਭੇਜਣ ਦੀ ਕ੍ਰਿਪਾਲਤਾ ਕਰਨੀ ਅੱਗੇ ਤੋਂ ਵੀ ਜਾਰੀ ਰਖੇ ਜਾਣ।

ਆਪ ਜੀ ਦਾ ਬਹੁਤ ਬਹੁਤ ਧੰਨਵਾਦ ਹੈ ਜੋ ਕਿ ਆਪ ਜੀ ਨੇ ਜੁਲਾਈ ਅੰਕ ਵਿਚ ਆਖਰੀ ਤੋਂ ਪਹਿਲੇ ਪੰਨੇ ਤੇ ਮੇਰੇ ਵਲੋਂ ਸੰਤ ਮਾਸਟਰ ਦਰਸ਼ਨ ਸਿੰਘ ਜੀ ਨੂੰ ਬਾਬਾ ਬੀਰ ਸਿੰਘ ਲਲਤੋਂ ਯਾਦਗਾਰੀ ਅਵਾਰਡ ਨਾਲ ਸਨਮਾਨਿਤ ਕਰਨ ਦੀ ਫੋਟੋ ਪ੍ਰਕਾਸ਼ਿਤ ਕੀਤੀ ਹੈ।

*ਧਰਮ ਸਿੰਘ ਸੈਸ਼ਨ ਜੱਜ (ਰ.)*
*ਲੁਧਿਆਣਾ*

ਮੁੱਖ ਪੰਨੇ ਵਾਲੀ ਸ਼ਾਨਦਾਰ-ਜਾਨਦਾਰ ਫੋਟੋ ਤੋਂ ਗੱਲ ਸ਼ੁਰੂ ਕਰਨੀ ਪਵੇਗੀ। ਮਾਤਾ ਜੀ ਦੀ ਜਵਾਨਾਂ ਵਰਗੀ ਤੋਰ, ਅਗਵਾਈ, ਵਿਰਕ ਆਦਿ ਹੋਰ ਸੰਗਤ ਦੇ ਵੱਖੋ ਵੱਖਰੇ ਹਾਵ ਭਾਵ...ਲਾਗਲੇ ਝਾੜ ਬੂਟੇ ਟਾਹਣੀਆਂ ਪੱਤੇ, ਪੱਤਰ ਪ੍ਰੇਰਕ ਦੀ ਰਿਪੋਰਟ ਪੜ੍ਹਣ ਦੀ ਪ੍ਰੇਰਨਾ ਮਿਲਦੀ ਏ।

ਅੰਦਰਲੇ ਪੰਨੇ ਤੇ ਅਟਲ ਪ੍ਰਤਾਪੀ ਜੀ ਦਾ ਨਿਤਨੇਮ ਵਿਚ ਬੈਠਣ ਦਾ ਅਖੀਂ ਡਿੱਠਾ ਪ੍ਰਭਾਵੀ ਢੰਗ। ਸੰਤ ਗਿਆਨਾ ਸਿੰਘ ਜੀ ਚੌਰ ਨੂੰ ਹੁਲਾਰਾ, ਇੰਜ ਲੱਗਦੈ ਦੇ ਈ ਦੇਣਗੇ। ਸਤਿਗੁਰੂ ਜੀ ਦੇ ਪਿੱਛੇ ਬੈਠੇ ਭਾਵੀ ਸਤਿਗੁਰੂ ਜੀ। ਪਰ ਉਦਾਲੇ ਬੈਠੇ ਸਿੰਘਾਂ ਦੇ ਕ੍ਰਮਵਾਰ ਨਾਮ ਦੱਸਣੇ ਚਾਹੀਦੇ ਹਨ। ਜਿਵੇਂ ਹਜ਼ੂਰ ਦੀ ਗੱਦੀ ਨਸ਼ੀਨੀ ਵੇਲੇ, ਦਸਤ ਬਸਤਾ ਖੜੋਤਿਆਂ ਦੇ ਚੁਫੇਰੇ ਬੈਠਿਆਂ ਨੂੰ ਅੱਜ ਕਿੰਨੇ ਕੁ ਜਾਨਣ ਵਾਲੇ ਹਨ, ਪੁੱਛ ਭਾਲ ਕੇ ਵੇਰਵਾ ਦੇਣਾ ਚਾਹੀਦਾ ਏ। ਸੋਨੂੰ ਦੀ ਸਜਗ ਨਜ਼ਰ,



Namdhari Elibrary NamdhariElibrary@gmail.com

ਬਲਵੰਤ ਦੀ ਤੋੜਾ ਝਾੜਦੀ ਉੱਚੀ ਕੀਤੀ ਭੁਜਾ ਥੱਕ ਨਾ ਜਾਇਗੀ। ਸੰਪਾਦਕ ਦੇ ਸੰਖੇਪ ਤੇ ਵਿਸਥਾਰ ਦੇ ਕਿਆ ਕਹਿਣੇ। ਮੁੜ ਮੁੜ ਪ੍ਰਨਾਮ, ਇਕ ਚੰਗੀ ਗੱਲ-ਸਰਬਤ ਦਾ ਭਲਾ।

ਆਪੇ ਮੈਂ ਰੱਜੀ ਪੁੱਜੀ ਤੇ ਮੇਰੇ ਈ ਬੱਚੇ ਜੀਊਣ। ਸਾਡੇ ਭਾਰਤ ਬਿਨਾਂ, ਤਨਖਾਹਾਂ ਵਧਾਉਣ ਵਾਲਾ, ਹੋਰ ਮੁਲਕਾਂ ਨਾਲ ਟਾਕਰਾ ਕਰ ਕੇ ਦਸੋ ਕਿਤੇ ਹੈ? ਸਾਡੇ ਐਮ. ਪੀ. ਹਉਮੈ ਅਤੇ ਲੋਭ ਦੀ ਦਲਦਲ ਵਿਚ ਫਸ ਗਏ ਹਨ। ਮੋਹਣੇ ਨੂੰ ਆਖੋ, ਗਰੀਬ ਅਮੀਰ ਦਾ ਪਾੜਾ ਏਨਾਂ ਵੱਧਣ ਤੋਂ ਰੋਕੇ ਕਿ ਤੰਗ ਆਮਦ ਬਜੰਗ ਆਮਦ ਨਾ ਹੋ ਜਾਏ।

ਵਿਰਕ ਜੀ ! ੯-੭-੨੩ ਨੂੰ ਰਾਜ ਤਿਆਗਿਆ। ਪਾਠ ਸ਼ੁਰੂ ਹੋਏ ੧੪-੯-੨੩ ਨੂੰ। ਗਦੀਓਂ ਲੱਥੇ ਮਹਾਰਾਜੇ ਦੀ ਹਮਦਰਦੀ ਕੀ ਮੁੱਲ ਰੱਖਦੀ ਏ?

ਵਿਰਦੀ ਜੀ ਨੇ ਢਾਈ ਅੱਖਰਾਂ ਦਾ ਖੁਲਾਸਾ ਵਧੀਆ ਢੰਗ ਨਾਲ ਕੀਤਾ ਹੈ। ਬੁਢੇਪੇ ਦਾ ਸੁਖ ਤੁਸੀਂ ਵੀ ਮਾਣ ਚੁੱਕੇ ਓ ਪਰ 'ਪ੍ਰੀਤ ਮਿਲਣੀ, ਸੰਖੇਪ ਰਹਿ ਗਈ ਏ। ਖੜਗ ਜੀ ਦੇ ਨੂੰਹ ਪੁੱਤ ਦਾ ਉਦਮ ਬਹੁਤ ਸ਼ਲਾਘਾਯੋਗ ਹੈ। ਭਿੰਡਰ ਜੀ ਨੇ ਗਿਆਨੀ ਗਿਆਨ ਸਿੰਘ ਬਾਰੇ ਵਧੀਆ ਪਰ ਸੰਖੇਪ ਦਿੱਤਾ ਹੈ।

ਮੇਰੀ ਗਲਤੀ ਨੂੰ ਇਂਜ ਸੋਧਾ ਲਾਓ। ਮੈਂ ਡਾ. ਜੀ. ਡੀ. ਚੋਧਰੀ ਦੀ ਕਵਿਤਾ ਕਿਸੇ ਹਿੰਦੀ ਰਸਾਲੇ ਵਿਚ ਪੜ੍ਹੀ। ਮੈਨੂੰ ਇਹ ਵਿਚਾਰ ਨਵੇਂ ਲੱਗੇ। ਮੈਂ ਇਸ ਦਾ ਪੰਜਾਬੀ ਰੂਪਾਂਤਰਣ ਕਰਕੇ ਹੈਡਿੰਗ ਲਾ ਦਿੱਤਾ 'ਵਿਲੱਖਣ ਵਿਚਾਰ'। ਕੋਈ ਆਪਣੇ ਵਿਚਾਰ ਨੂੰ ਵਿਲੱਖਣ ਕਿਵੇਂ ਕਹਿ ਸਕਦਾ ਹੈ।

ਸੇਵਾ ਸਿੰਘ ਜੀ ਚੰਗੀ ਕਵਿਤਾ ਲਿਖਣ ਲੱਗ ਪਏ ਹਨ ਪਰ ਕਬਿਤ ਦੋ ਚਾਲਾ ਹੋ ਗਿਆ ਹੈ। ਖਰਬੂਜ਼ੇ ਤਾਂ ਬੜੇ ਮਿੱਠੇ ਸਨ ਪਰ ਸਤਿਗੁਰੂ ਜੀ ਦੀ ਫੋਟੋ ਤੇ ਬਿਬੇਕ ਸਿੰਘ ਦਾ ਨਾਂਅ। ਬੜੇ ਇਤਰਾਜ਼ ਆਏ ਨੇ। ਅਗੋਂ ਤੋਂ ਮੇਰੀ ਸਲਾਹ ਏ ਕਿ ਲੇਖਕ ਦਾ ਨਾਂਅ ਅਖੀਰ ਤੇ ਹੀ ਦਿਆ ਕਰੋ। ੨੯ ਸਫੇ ਹੇਠਾਂ 'ਗਰੇਵਾਲ ਦੀ ਗ਼ਜ਼ਲ ਕਿਥੇ ਹੈ?' 'ਨਾਲੀ ਨਾਗਣ' ਲਿਖਾਰੀ ਦਾ ਨਾਂ 'ਕਮਲਜੀਤ ਸਿੰਘ ਦਿੱਲੀ ਹੈ?"

'ਤਰਸ' ਜੀ ਤੇ ਸਤਿਗੁਰੂ ਜੀ ਨੇ ਤਰਸ ਕੀਤੇ। ਬਹੁਤ ਹੀ ਮੁਬਾਰਕਾਂ, ਕਮਲਜੀਤ ਸਿੰਘ ਦਾ ਇਸ ਉਮਰੇ ਚਲੇ ਜਾਣਾ? ਬੜਾ ਉਤਸ਼ਾਹੀ ਨੌਜਵਾਨ ਸੀ। ਬੜਾ ਸਦਮਾ ਹੋਇਐ।

ਸ਼ਾਹ ਜੀ ਤੇ ਸਾਰੇ ਮਲੂਵਾਲ ਪਰਿਵਾਰ ਨਾਲ ਅਫਸੋਸ ਹੈ?

*—ਸਾਧੂ ਸਿੰਘ ਕਿਸਾਨ*

*ਬੁੱਢੀ ਮਾੜੀ (ਸਿਰਸਾ)*

ਅਗਸਤ ਮਹੀਨੇ ਦੇ ਅੰਕ ਵਿਚ ਤੁਹਾਡਾ ਸੰਪਾਦਕੀ ਗੈਰ ਹਾਜ਼ਰ ਹੈ ਪਰ ਉਸ ਦੀ ਥਾਂ ਤੇ ਜੋ ਸ. ਤਰਲੋਚਨ ਸਿੰਘ ਦਾ ਲੇਖ ਛਪਿਆ ਹੈ ਉਸ ਸੱਚੋ ਸੱਚ ਜੇ। ਸ. ਤਰਲੋਚਨ ਸਿੰਘ ਹੋਰੀਂ ਵਕਤ ਦੀ ਨਬਜ਼ ਤੇ ਹੱਥ ਰੱਖਦੇ ਹਨ ਉਹ ਇਕ ਸੁਚੇਤ ਅਤੇ ਸੁਜੱਗ ਸਿਆਸਤਦਾਨ ਹਨ। ਉਹਨਾਂ ਦਾ ਲੇਖ ਅਜੋਕੇ ਭਾਰਤ ਲਈ ਬਹੁਤ ਢੁੱਕਵਾਂ ਅਤੇ ਸਮੇਂ ਅਨੁਕੂਲ ਹੈ। ਸ. ਜਸਵੰਤ ਸਿੰਘ ਵਿਰਦੀ ਦੀ ਕਹਾਣੀ ਠੰਡੀਆਂ ਛਾਵਾਂ ਬਹੁਤ ਚੰਗੀ ਲੱਗੀ। ਸਫਲ ਕਹਾਣੀਕਾਰ ਦੀ ਸਫਲ ਸਿਰਜਣਾ ਹੈ। ਕਵਿਤਾਵਾਂ ਦਾ ਭਾਗ ਵੀ ਇਸ ਵਾਰ ਖੂਬ ਚਮਕਿਆ ਹੈ।

ਇਹ ਅਗਸਤ ਦਾ ਅੰਕ ਸੀ, ਤੁਹਾਨੂੰ ਆਪਣੀ ਪੁਸਤਕ ਵਿਚੋਂ ਕੁਝ ਅੰਸ਼ ਛਾਪਣੇ ਚਾਹੀਦੇ ਸਨ। ਪਰ ਪਤਾ ਨਹੀਂ ਕਿਉਂ ਨਹੀਂ ਛਾਪੇ। ਹੋ ਸਕਦੈ ਤੁਸੀਂ ਸਤਿਗੁਰਾਂ ਸਬੰਧੀ ਹੋਰ ਰੁਝੇਵਿਆਂ ਵਿਚ ਵਿਅਸਤ ਹੋਵੋ।

*—ਸਿਰੀ ਰਾਮ ਅਰਸ਼,*

*ਮੋਹਾਲੀ*

ਜੁਲਾਈ-੧੦ ਦਾ 'ਵਰਿਆਮ' ਮਿਲ ਗਿਆ ਸੀ। ਦਾਸ ਦੀ ਇਕ ਗ਼ਜ਼ਲ ਨੂੰ ਥਾਂ ਦਿੱਤਾ ਹੈ। ਤਹਿ ਦਿਲੋਂ ਰਿਣੀ ਹਾਂ। ਪੇਪਰ ਦਾ ਜਵਾਬ ਦੇਣ ਵਿਚ ਦੇਰੀ ਦਾ ਕਾਰਨ ਮੈਂ ਪਿਛਲੇ ਦਿਨੀਂ ਟਾਈਫਾਈਡ ਬੁਖਾਰ ਦਾ ਸ਼ਿਕਾਰ ਹੋ ਗਿਆ ਸਾਂ ਜਿਸ ਕਰਕੇ ਕਮਜ਼ੋਰੀ ਬਹੁਤ ਹੋਣ ਕਰਕੇ ਪੱਤਰ ਨਹੀਂ ਲਿਖ ਸਕਿਆ ਹਾਂ।

ਜੁਲਾਈ-੧੦ ਅੰਕ ਬਾਰੇ ਮੇਰੇ ਆਪਣੇ ਵਿਚਾਰ : ਵੀਰ ਵਰਿਆਮ ਜੀ ਤੁਸੀਂ ਇਕੱਲੇ ੩੫ ਸਾਲ ਤੋਂ ਨਿਰੰਤਰ 'ਵਰਿਆਮ' ਦੀ ਪ੍ਰਕਾਸ਼ਨਾ ਕਰਦੇ ਆ ਰਹੇ ਹੋ। ਉਹ ਵੀ ਬਹੁਤ ਸੁਲਝੇ, ਮਾਹਿਰ ਲੇਖਕਾਂ ਦੀਆਂ ਕ੍ਰਿਤਾਂ ਨਾਲ ਹਰੇਕ ਅੰਕ ਨੂੰ ਸ਼ਿੰਗਾਰ ਕੇ ਪਾਠਕਾਂ ਦੀ ਕਚਹਿਰੀ ਵਿਚ ਪੇਸ਼ ਕਰਦੇ ਆ ਰਹੇ ਹੋ। ਤੁਹਾਡੀ ਮਿਹਨਤ, ਸਿਰੜ, ਲਗਨ, ਦੂਰਅੰਦੇਸ਼ ਨੀਤੀ ਦੀ ਬਦੌਲਤ ਹੀ ਇਹ ਸਭ ਕੁਝ ਹੋ ਸਕਿਆ ਹੈ। ਭਾਈ ਵੀਰ ਸਿੰਘ ਦੇ ਸ਼ੇਅਰ ਵਾਂਗ-ਸੀਨੇ ਖਿੱਚ ਜਿਨ੍ਹਾਂ ਨੇ ਖਾਧੀ, ਉਹ ਕਦੀ ਆਰਾਮ ਕਰ ਨਹੀਂ ਬਹਿੰਦੇ। ਨਿਹੁੰ ਵਾਲੇ ਨੈਣਾਂ ਦੀ ਖਾਤਰ ਦਿਨੇ ਰਾਤ ਪਏ ਵਹਿੰਦੇ। ਤੁਸੀਂ ਤਾਂ ਸੱਚਮੁੱਚ ਇਹਨਾਂ ਸਤਰਾਂ ਨੂੰ ਸੱਚ ਕਰ ਵਿਖਾਇਆ ਹੈ। ਇਸ ਅੰਕ ਵਿਚ ਤੁਹਾਡੀ ਵੱਖ ਵੱਖ ਨਜ਼ਰੀਏ ਦੀ ਸੰਪਾਦਕੀ ਨੋਟ, ਹੋਰ ਲੇਖ, ਕਵਿਤਾਵਾਂ ਤੇ ਸਮੱਗਰੀ ਸਾਰੀ ਹੀ ਬੜੀ ਗਿਆਨਵਰਧਕ ਤੇ ਰੋਚਕ ਹੈ। ਮਿਹਨਤ ਨਾਲ ਤਿਆਰ ਕੀਤੇ ਅੰਕ ਦੀ ਦਿਖ ਝਲਕਦੀ ਹੋਈ ਪਾਠਕ ਮਨਾਂ ਨੂੰ ਸੋਚਣ ਲਈ ਮਜ਼ਬੂਰ ਕਰਦੀ ਹੈ।

*—ਰਣਜੀਤ ਆਜ਼ਾਦ ਕਾਂਝਲਾ*

*ਆਜ਼ਾਦ ਸਟਰੀਟ, ਸ਼ਿਵਪੁਰੀ, ਧੂਰੀ*

*ਸੰਗਰੂਰ, ਮੋਬ-੯੦੪੧੭-੪੮੨੪੧*



Namdhari Elibrary NamdhariElibrary@gmail.com

Gram : 'Sniper' Hello : 431367

Reputed Manufacturers of :

# Superior Quality

## SINGLE BARREL

&

## DOUBLE BARREL

B.L.–12 Bore

# GUNS

# MODERN GUN WORKS

OPP. : INDUSTRIAL ESTATE,

JAMMU CANTT.



Namdhari Elibrary NamdhariElibrary@gmail.com



*India's Larget Second Hand Food Machines Dealer Cum Rebuilder*

**750kgs Potato Chips Line**

**List of the projects, consultation and machines:**

1. Biscuits-Soft Dough, Hard Dough, Crackers
2. Cookies- Wire Cut, Depositer.
3. Bread, Cakes and Bakery Products
4. Wafers - Flat, Round, Enrobed, Moulded
5. Wafers - Round Sticks, Pillows, Flat Sticks.
6. Ice Cream Cones - Moulded or Rolled Sugar Cone.
7. Chocolates- Moulded, Enrobed, Panned, Drops.
8. Potato Chips
9. Extruded- Kurkure, Cheetos.
10. Toast- Bread Toast, Mini Toast.
11. Vermicilli., 12. Water Filling., 13. Paper Cups.
14. Chocolate/Jelly Filling Lines for Small Cups.
15. Namkeens.

*We arrange complete machines, manpower and training receipes with formulation*



# BBL FOODS (P) LTD.

***SANTOSH NAGAR X ROADS, HYDERABAD- 5000059, INDIA***
***Tel : +91 40 24530680, Mobile : 91 98480-50607/ +91 98483 99702***
***e-mail:lakbir.mutchall@gmail.com***
***www.bblfoods.com www.mutchall.com***


Namdhari Elibrary NamdhariElibrary@gmail.com




ਯੂ. ਜੀ ਸੀ. ਵਲੋਂ 'ਨਾਮਧਾਰੀ ਸਿੱਖਾਂ ਦਾ ਜੰਗੇ ਆਜ਼ਾਦੀ ਵਿੱਚ ਯੋਗਦਾਨ' ਸੰਬੰਧੀ ਸ੍ਰੀ ਗੁਰੂ ਅੰਗਦ ਦੇਵ ਕਾਲਜ, ਖਡੂਰ ਸਾਹਿਬ ਵਿਖੇ ਕਰਵਾਏ ਇੱਕ ਰੋਜ਼ਾ ਨੈਸ਼ਨਲ ਸੈਮੀਨਾਰ ਸਮੇਂ ਸਟੇਜ ਤੇ ਬੈਠੇ ਹਨ- ਡਾ. ਕੁਲਦੀਪ ਸਿੰਘ ਦੀਪ, ਪ੍ਰਿ. ਡਾ. ਦਲਜੀਤ ਸਿੰਘ ਖਹਿਰਾ, ਸ. ਅਵਤਾਰ ਸਿੰਘ, ਬਾਜਵਾ, ਡਾ. ਜੋਗਿੰਦਰ ਸਿੰਘ, ਮੁੱਖ ਮਹਿਮਾਨ ਸ. ਹਰਵਿੰਦਰ ਸਿੰਘ ਹੰਸਪਾਲ, ਸੈਮੀਨਾਰ ਦੇ ਪ੍ਰਧਾਨ ਪ੍ਰਿੰ. ਡਾ. ਜਸਪਾਲ ਸਿੰਘ ਰੰਧਾਵਾ, ਸ. ਲਖਵਿੰਦਰ ਸਿੰਘ, ਸੇਵਕ ਹਰਪਾਲ ਸਿੰਘ, ਬਾਬਾ ਬਲਵਿੰਦਰ ਸਿੰਘ ਤੇ ਬਾਬਾ ਬਲਦੇਵ ਸਿੰਘ।



ਹਾਜ਼ਰ ਵਿਦਵਾਨ ਅਤੇ ਸਰੋਤਾਗਣ ਅਤੇ ਵਿਦਿਆਰਥੀ।

Namdhari Elibrary NamdhariElibrary@gmail.com

Registered No. PB 0016 2009-2011 Monthly Wariam Ladowali Road, Jalandhar - 144 001
Regd. RNI No. 26453/75
October 2010




'ਖਿੱਲਰੇ ਪੱਤਰੇ' ਜਗਦੀਸ਼ ਸਿੰਘ ਦੇ ਪ੍ਰਮਾਣਿਕ ਅਨੁਭਵ ਦੀ ਅਜਿਹੀ ਸਹਿਜ, ਸੰਤੁਲਤ, ਸੁੰਦਰ ਤੇ ਸਜਿੰਦ ਝਾਕੀ ਹੈ, ਜਿਸ ਵਿਚ ਸੰਜਮ ਵੀ ਹੈ ਤੇ ਸੰਖੇਪਤਾ ਵੀ, ਨਿਰ-ਉਚੇਚਤਾ ਵੀ ਹੈ ਤੇ ਸਾਹਿਤਕਤਾ ਵੀ; ਮਿੱਠੀ ਮਸ਼ਕਰੀ ਵੀ ਹੈ ਤੇ ਵਿਅੰਗ ਵੀ ਅਤੇ ਦਿਲਾਂ 'ਚ ਛੇਕ ਕਰਨ ਵਾਲਾ ਦਰਦ ਵੀ...

...ਸਹਿਜ ਸਧਾਰਣ ਢੰਗ ਨਾਲ ਬੜੀ ਡੂੰਘੀ ਗੱਲ ਕਰਨ ਦਾ ਪਰਮਾਣ 'ਖਿੱਲਰੇ ਪੱਤਰੇ 'ਦੇ ਪਹਿਲੇ ਕਾਂਡ ਤੋਂ ਹੀ ਆਰੰਭ ਹੋ ਜਾਂਦਾ ਹੈ ਜਦੋਂ ਜਗਦੀਸ਼ ਸਿੰਘ ਦੇਸ਼ ਦੀ ਆਜ਼ਾਦੀ ਤੇ ਪੰਜਾਬ ਦੀ ਵੰਡ ਦੀ ਭਿਆਨਕ ਤਬਾਹੀ ਨੂੰ ਮਾਨਵਵਾਦੀ ਦ੍ਰਿਸ਼ਟੀ ਨਾਲ ਨਿਹਾਰਦਾ ਅਤੇ ਬਿਆਨਦਾ ਹੈ। ਇਸ ਰਚਨਾ ਵਿੱਚ ਲੋਹੜੇ ਦੀ ਰਵਾਨੀ ਹੈ ਤੇ ਜ਼ਿੰਦਗੀ ਦੇ ਵਰਤਾਰਿਆਂ ਨੂੰ ਬਹੁਤ ਡੂੰਘਾ ਉੱਤਰ ਕੇ ਵੇਖ ਸਕਣ ਦੀ ਨੀਝ ਵੀ। ਇਸ ਵਿੱਚ ਵੰਡ ਤੋਂ ਪਹਿਲਾਂ ਦੇ ਪੰਜਾਬ ਦੇ ਸੰਗਠਿਤ ਭਾਈਚਾਰੇ ਤੇ ਮੁੱਹਬਤਾਂ ਦੇ ਮਾਹੌਲ ਦਾ ਹੌਲੀ-ਹੌਲੀ ਨਫ਼ਰਤ ਦੀ ਅੱਗ ਵਿਚ ਝੁਲਸ ਜਾਣ ਦਾ ਮਾਰਮਿਕ ਵਰਣਨ ਵੀ ਹੈ ਤੇ ਕਾਫਲਿਆਂ ਵਿੱਚ ਆ ਜਾ ਰਹੇ ਲੋਕਾਂ ਦਾ ਦਿਲਾਂ ਨੂੰ ਝੂਣ ਤੇ ਹਲੂਣ ਦੇਣ ਵਾਲਾ ਦਰਦਨਾਕ ਬਿਰਤਾਂਤ ਵੀ। ਇਹ ਬਿਰਤਾਂਤ ਚੇਤਿਆਂ ਵਿੱਚ ਤਾਂ ਸਦਾ ਲਈ ਸਥਿਰ ਹੋ ਹੀ ਜਾਂਦਾ ਹੈ ਸਗੋਂ ਇਸ ਵਿੱਚ ਉਸ ਸੰਕਟ ਕਾਲੀਨ ਦੌਰ ਅੰਦਰ ਮਾਨਵੀ ਮੁੱਲਾਂ ਦੇ ਗਰਕ ਜਾਣ ਦੀ ਅਤੇ ਪੰਜਾਬ ਦੀ ਜਗਦੀ ਜਾਗਦੀ ਆਤਮਾ ਦੀ ਗਵਾਹੀ ਵੀ ਨਾਲ ਨਾਲ ਪਈ ਵਿਖਾਈ ਦਿੰਦੀ ਹੈ।

'ਖਿੱਲਰੇ ਪੱਤਰੇ' ਵਿੱਚ ਆਜ਼ਾਦੀ ਤੋਂ ਬਾਅਦ ਉੱਠੀਆਂ ਲਹਿਰਾਂ ਤੇ ਵਿਚਾਰਾਂ ਦੇ ਟਕਰਾਵਾਂ-ਤਣਾਵਾਂ ਦਾ ਬਿਆਨ ਵੀ ਹੈ ਅਤੇ ਹੌਲੀ-ਹੌਲੀ ਉੱਸਰ ਰਹੀ ਸੱਭਿਅਤਾ ਦਾ ਵੀ। ਇਸ ਲਿਖਤ ਵਿੱਚ ਪਿੰਡ ਤੋਂ ਹੌਲੀ-ਹੌਲੀ ਸ਼ਹਿਰ ਬਣ ਰਿਹਾ ਜਲੰਧਰ ਵੀ ਦਿਸਦਾ ਹੈ ਅਤੇ ਸਾਹਿਤਕ ਤੇ ਸਭਿਆਚਰਕ ਲਹਿਰਾਂ ਵੀ ਜਨਮਦੀਆਂ ਵਿਗਸਦੀਆਂ ਵਿਖਾਈ ਦੇਂਦੀਆਂ ਹਨ। ਇਸ ਵਿੱਚ ਲੇਖਕ ਦਾ ਆਪਾ ਵੀ ਹੈ, ਪੰਜਾਬ ਦਾ ਇਤਹਾਸ ਵੀ, ਜੁਗਗਰਦੀਆਂ ਦਾ ਵੇਰਵਾ ਵੀ ਤੇ ਨਾਮਧਾਰੀਆਂ ਦਾ ਸੱਭਿਆਚਾਰ ਵੀ। ਬਹੁਤ ਕੁਝ ਕਿਹਾ ਹੈ ਲੇਖਕ ਨੇ ਪਰ ਬਹੁਤ ਥੋੜ੍ਹੇ ਵਿੱਚ ਅਤੇ ਕਮਾਲ ਦੀ ਕਲਾ ਕੌਸ਼ਲਤਾ ਨਾਲ।

*-ਡਾ. ਵਰਿਆਮ ਸਿੰਘ ਸੰਧੂ*

ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
ਫੋਨ 0181-2222543, ਨਿਵਾਸ : 0181-2456289

Namdhari Elibrary NamdhariElibrary@gmail.com